ISSN: 2277-9930

80

ਅਪ੍ਰੈਲ-ਜੂਨ 2024

# ਪ੍ਰਤਿਮਾਨ

ਮੁੱਲ: 75/-



## ਮਹਿਮਾਨ ਕਵਿਤਾਵਾਂ / ਭੁਪਿੰਦਰ ਸੱਗੂ (ਯੂ.ਕੇ.)

'ਨ੍ਹੇਰ ਹੈ ਤਾਂ ਫਿਰ ਕੀ ਹੋਇਆ, ਦਿਸ ਰਹੀ ਹੈ ਰੌਸ਼ਨੀ ।
ਚੁੱਪ ਹੈ ਕਬਰਾਂ ਜਿਹੀ ਪਰ ਧੜਕਦੀ ਹੈ ਜ਼ਿੰਦਗੀ ।

ਰੁੱਤ ਬਹਾਰਾਂ ਦੀ ਹੈ ਐਪਰ ਟਹਿਣੀਆਂ 'ਤੇ ਫੁੱਲ ਨਹੀਂ,
ਇਸ ਤਰ੍ਹਾਂ ਲਗਦਾ ਹੈ ਜਿੱਦਾਂ ਵਕਤ ਕਰਦੈ ਮਸ਼ਕਰੀ।

ਸਿਰਫ਼ ਮਿੱਥ ਹੈ, ਕੌਣ ਮਰਦੇ ਨੂੰ ਬਚਾਉਂਦੈ ਆਣ ਕੇ,
ਜ਼ਿੰਦਗੀ ਵਿਚ ਕਿਸ ਨੇ ਦੇਖੀ ਹੈ ਭਲਾ ਸੰਜੀਵਨੀ।

ਧੂੜ ਰਸਤੇ ਦੀ ਨੇ ਮੈਨੂੰ ਰੱਖਿਆ ਹੈ ਜੋੜ ਕੇ,
ਮੇਰਿਆਂ ਪੈਰਾਂ ਦੇ ਛਾਲੇ ਬਖ਼ਸ਼ਦੇ ਨੇ ਤਾਜ਼ਗੀ।

ਪੱਥਰਾਂ ਉੱਤੇ ਚੜ੍ਹਾਵਾ ਚੜ੍ਹ ਰਿਹਾ ਹੈ ਰਾਤ ਦਿਨ,
ਜਿਊਂਦਿਆਂ ਨੂੰ ਛੱਡ ਕੇ ਦੁਨੀਆਂ ਮੁਰਦਿਆਂ ਨੂੰ ਪੂਜਦੀ।

ਕਿਰਤ ਕਰ 'ਸੱਗੂ', ਨਿਕਲ ਜਾ ਕਿਸਮਤਾਂ ਦੇ ਗੇੜ 'ਚੋਂ,
ਰੱਬ ਦੇ ਨਾਂ 'ਤੇ, ਇਕੱਲੀ ਕੀ ਕਰੇਗੀ ਬੰਦਗੀ।

...

ਮੁਹੱਬਤ ਦਾ ਨਸ਼ਾ ਰੋਲੇ, ਝਨਾਂ ਅੰਦਰ, ਥਲਾਂ ਅੰਦਰ।
ਬੜੇ ਹੀ ਲੋਕ ਹਨ ਡੁੱਬੇ, ਝਨਾਂ ਅੰਦਰ, ਥਲਾਂ ਅੰਦਰ।

ਮੁਹੱਬਤ ਦੀ ਹਿਨਾਂ ਵਰਗੀ, ਨਾ ਦੁਨੀਆਂ 'ਤੇ ਹਿਨਾਂ ਕੋਈ,
ਜੇ ਚੜ੍ਹ ਜਾਵੇ ਇਹ ਨਾ ਲੱਥੇ, ਝਨਾਂ ਅੰਦਰ, ਥਲਾਂ ਅੰਦਰ।

ਅਗਰ ਮਸਜਦ 'ਚ ਜਾਣਾ ਹੈ, ਦਿਲੋਂ ਇਹ ਹੀ ਦੁਆ ਕਰਨਾ,
ਮੁਹੱਬਤ ਨਾ ਕਦੀ ਹਾਰੇ, ਝਨਾਂ ਅੰਦਰ, ਥਲਾਂ ਅੰਦਰ।

ਜ਼ਮਾਨੇ ਵਾਲਿਆਂ ਲਾਏ ਨੇ ਫ਼ਤਵੇ ਏਸ ਦੇ ਉੱਤੇ ,
ਤਸੀਹੇ ਪਿਆਰ ਨੇ ਝੱਲੇ, ਝਨਾਂ ਅੰਦਰ, ਥਲਾਂ ਅੰਦਰ।

ਹੈ ਭੁਜਦਾ ਥੱਲ 'ਚ ਕਿਹੜਾ, ਕੌਣ ਮੱਝਾਂ ਨੂੰ ਚਰਾਉਂਦਾ ਹੈ ,
ਨਿਭਾਏ ਸਾਥ ਹਨ ਕਿਸ ਨੇ, ਝਨਾਂ ਅੰਦਰ, ਥਲਾਂ ਅੰਦਰ।

ਇਨ੍ਹਾਂ ਵਿਚ ਦੇਖਦੈ ਪਿੰਜਰ ਇੱਛਾਵਾਂ ਦੇ ਕਈ 'ਸੱਗੂ',
ਬੜੇ ਹੀ ਖ਼ਾਬ ਨੇ ਟੁੱਟੇ, ਝਨਾਂ ਅੰਦਰ, ਥਲਾਂ ਅੰਦਰ।

...



ਹੱਥ ਨਸ਼ੇ ਦੀਆਂ ਬੋਤਲਾਂ ਮੂੰਹ ਵਿੱਚ ਸਿਗਰਟ ਪਾਨ।
ਏਸ ਨਗਰ ਦੇ ਦਾਨੇ ਦੇਖੋ ਬਣ ਬੈਠੇ ਹੈਵਾਨ।

ਦੇਖਣ ਨੂੰ ਦਰਵੇਸ਼ ਹਨ ਅੰਦਰੋਂ ਮਾੜੀ ਨੀਤ,
ਦਿਨ ਰਾਤ ਇਹ ਪਿੰਜਦੇ ਤਨ 'ਚੋਂ ਕੱਢਣ ਜਾਨ।

ਹੱਥ ਵਿੱਚ ਮਾਲਾ ਪ੍ਰੇਮ ਦੀ ਦਿਲ ਵਿੱਚ ਵਸਦਾ ਕੂੜ,
ਮੰਦੇ ਸ਼ਬਦ ਇਹ ਬੋਲ ਕੇ ਗੰਦੀ ਕਰਨ ਜ਼ਬਾਨ।

ਲਾਲਚ ਦੀ ਅੱਗ ਭੜਕਦੀ ਚਹੁੰ ਕੂੰਟਾਂ ਵਿਚਕਾਰ,
ਥਾਂ ਥਾਂ ਫਾਹੀਆਂ ਗੱਡਦੇ ਹਾਕਮ ਬਣੇ ਸ਼ੈਤਾਨ।

ਜਿਸਮਾਂ ਉੱਤੇ ਜੰਮ ਗਈ ਫਕੀਰਾਂ ਵਾਲੀ ਧੂੜ,
ਮਹਿੰਗਾ ਹੋ ਗਿਆ ਜੀਵਣਾ ਮੁਸ਼ਕਿਲ ਵਿੱਚ ਇਨਸਾਨ।

ਬਾਗ਼ ਮਹਿਕ ਦਾ ਫੂਕ ਕੇ ਹਵਾ ਨੂੰ ਕਰਨ ਪਲੀਤ,
ਬੀਜ ਬੂਟੇ ਵਿੰਹੁ ਦੇ ਮਾਲੀ ਕਰਨ ਵੀਰਾਨ।

ਸਾਂਭ ਕੇ ਕਿੱਦਾਂ ਰੱਖੀਏ ਵਿਰਸਾ ਲੀਰੋ ਲੀਰ,
ਬਾਰ-ਪਰਾਏ ਦੋਸਤੋ ਗੁੰਮ ਰਹੀ ਪਹਿਚਾਨ।

ਬਣ 'ਸੱਗੂ' ਫ਼ੌਲਾਦ ਤੂੰ ਮਨੋਂ ਉਦਾਸੀ ਚੁੱਕ ,
ਤੋੜ ਕੁਫ਼ਰ ਦੀ ਕੰਧ ਨੂੰ ਸੱਚ ਦੀ ਕਰ ਪਹਿਚਾਨ।

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਅਪ੍ਰੈਲ-ਜੂਨ 2024 ਅੰਕ 80

**ISSN: 2277-9930**

**RNI No. PUNPUN/2006/16230**



**ਸੰਪਾਦਕ**

ਡਾ. ਅਮਰਜੀਤ ਕੌਂਕੇ

**ਪ੍ਰਬੰਧ ਸੰਪਾਦਕ**

ਗਗਨਦੀਪ ਸਿੰਘ

**ਰਚਨਾਵਾਂ ਭੇਜਣ ਲਈ ਪਤਾ**

ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail :pratimaan@yahoo.co.in
**www.pratimaan.in**



**ਸਲਾਹਕਾਰ ਬੋਰਡ**

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ, ਡਾ. ਸਰਬਜੀਤ ਸਿੰਘ, ਡਾ. ਰਵੀ ਰਵਿੰਦਰ ਡਾ. ਆਤਮ ਰੰਧਾਵਾ



**TITLE PAINTING BY**

**KUNWAR RAVINDRA**

**ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ**

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

**ਸਹਿਯੋਗ ਰਾਸ਼ੀ**

ਇੱਕ ਅੰਕ: 75/-, ਵੀਹ ਅੰਕ (5 ਸਾਲ): 1500/-
ਜੀਵਨ ਮੈਂਬਰਸ਼ਿਪ: 3000/-, ਵਿਦੇਸ਼: $250

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ



PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in
Hon. Editor : Dr. Amarjeet Kaunke


## ਤਰਤੀਬ

ਚਿਰਾਂ ਦੇ ਭਟਕਦੇ ਪਾਣੀ ਦਾ ਵੀ ਟਿਕਾਣਾ ਸੀ।
ਮੇਰੀ ਜ਼ਮੀਨ 'ਤੇ ਦਰਿਆ ਨੇ ਫੈਲ ਜਾਣਾ ਸੀ। - ਗੁਰਤੇਜ ਕੋਹਾਰਵਾਲਾ


**ਸੰਪਾਦਕੀ / 2**

**ਵਿਸ਼ੇਸ਼ ਲੇਖ**

ਮਨੁੱਖੀ ਸਵੈ ਤੇ ਮਸ਼ੀਨੀ ਬੁੱਧੀਮਾਨਤਾ / ਮਨਮੋਹਨ / 3

**ਸ਼ਬਦ ਚਿੱਤਰ**

ਅਮਿਤੋਜ: ਭਰਿਆ ਭਰਿਆ ਖਾਲੀ ਤਰਕਸ਼ / ਡਾ. ਲਖਵਿੰਦਰ ਸਿੰਘ ਜੌਹਲ / 27

**ਕਹਾਣੀਆਂ**

ਸੱਥ / ਲਾਲ ਸਿੰਘ / 10, ਕਮਬਖ਼ਤ ਸੇਠੀ / ਸਰਬਜੀਤ ਕੌਰ ਸੋਹਲ / 18, ਮੈਂ ਕਿਉਂ ਬਣਾ ਦਰੋਪਤੀ / ਜੋਗੇ ਭੰਗਲ / 31
ਅੰਬਰ ਦੀ ਢੋਲਕੀ / ਸੁਰਜੀਤ ਕੌਰ / 35

**ਕਵਿਤਾ / ਗ਼ਜ਼ਲ / ਗੀਤ**

ਪ੍ਰੋ.ਗੁਰਭਜਨ ਸਿੰਘ ਗਿੱਲ / 7, ਅੰਬਰੀਸ਼ / 8, ਗੁਰਚਰਨ ਸੱਗੂ / 9, ਕਰਮਜੀਤ / 16, ਹਰਪ੍ਰੀਤ ਕੌਰ ਸੰਧੂ, ਅਮਰਿੰਦਰ ਸੋਹਲ / 17, ਸ਼ੰਮੀ ਜਲੰਧਰੀ / 24, ਗੁਰਵਿੰਦਰ ਸਿੰਘ ਚਾਕ / 25, ਗ.ਸ. ਨਕਸ਼ਦੀਪ ਪੰਜਕੋਹਾ / 26, ਰਸ਼ਮੀ ਖੁਰਾਨਾ, ਗੁਰਜੰਟ ਰਾਜੇਆਣਾ / 34, ਸੁਰਜੀਤ ਸਿੰਘ ਕਾਉਂਕੇ / 38, ਰਵਿੰਦਰ ਕੌਰ ਸੈਣੀ, ਕੁਲਵਿੰਦਰ ਵਿਰਕ / 39, ਮਧੂ, ਪ੍ਰੀਤ ਸੁਜੀਤ / 40, ਪਰੀ ਕੰਬੋਜ / 44, ਪਰਮਜੀਤ ਸੋਹਲ / 47, ਦਵਿੰਦਰ ਬਾਂਸਲ / 49, ਨਿਰੂਪਮਾ ਸਿੰਘ, ਕੁਲ ਰਾਜੀਵ ਪੰਤ, ਦਿਵਿਕ ਰਮੇਸ਼ / 50, ਦੀਪਾ ਕਾਂਡਪਾਲ / 53,

**ਆਲੋਚਨਾ ਨਿਬੰਧ / ਰੀਵੀਊ**

ਪੁਨਰ ਸਿਰਜਿਤ ਰਿਸ਼ਤਿਆ ਦੀ ਕਥਾਕਾਰੀ: ਓੜਕ ਸੱਚ ਰਹੀ / ਡਾ. ਲਖਵੀਰ ਲੇਜ਼ੀਆ / 41, ਮਨੁੱਖੀ ਰਿਸ਼ਤਿਆਂ ਦੀ ਪੇਸ਼ਕਾਰੀ ਕਰਦਾ ਗਜ਼ਲ-ਸੰਗ੍ਰਹਿ: "ਮੈਂ-ਅਮੈਂ" / ਡਾ. ਬੇਅੰਤ ਕੌਰ / 45, ਅੰਤਰੀਵ ਦੀ ਯਾਤਰਾ-'ਚਾਲੀ ਦਿਨ' / ਡਾ. ਗੁਰਬਖ਼ਸ਼ ਸਿੰਘ ਭੰਡਾਲ / 48, ਪੰਜਾਬੀਅਤ ਦੇ ਪਛਾਣ-ਚਿੰਨ / ਰਵਿੰਦਰ ਸਿੰਘ / 51, ਤੁਲਨਾਤਮਿਕ ਅਧਿਐਨ / ਤਰਸੇਮ ਸਿੰਘ / 54



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਸੰਪਾਦਕੀ

ਜੀਵਨ ਦੇ ਹਰ ਖੇਤਰ ਵਿੱਚ ਔਰਤਾਂ ਹਰ ਦਿਨ ਨਵੀਆਂ ਤੋਂ ਨਵੀਆਂ ਮੱਲਾਂ ਮਾਰ ਰਹੀਆਂ ਹਨ। ਪਿਛਲੇ ਦਿਨੀਂ ਪੰਜਾਬ ਪੀ.ਸੀ.ਐੱਸ. ਜੁਡੀਸ਼ੀਅਲ ਵਿੱਚ ਮੁੰਡਿਆਂ ਨਾਲੋਂ ਤਿੰਨ ਗੁਣਾਂ ਵੱਧ ਕੁੜੀਆਂ ਨੇ ਸਫ਼ਲਤਾ ਪ੍ਰਾਪਤ ਕੀਤੀ। ਸਿੱਖਿਆ ਦੇ ਖੇਤਰ ਵਿੱਚ ਇਹ ਕੁੜੀਆਂ ਦੀ ਇਹ ਪ੍ਰਾਪਤੀ ਮਾਣਯੋਗ ਹੈ। ਔਰਤਾਂ ਨੇ ਉਨ੍ਹਾਂ ਖੇਤਰਾਂ ਵਿੱਚ ਵੀ ਆਪਣੀ ਬੇਮਿਸਾਲ ਯੋਗਤਾ ਦਾ ਪ੍ਰਦਰਸ਼ਨ ਕੀਤਾ ਹੈ ਜਿਹੜੇ ਮਰਦਾਂ ਲਈ ਹੀ ਰਾਖਵੇਂ ਮੰਨੇ ਜਾਂਦੇ ਸਨ। ਭਾਵੇਂ ਸਾਡੇ ਸਮਾਜ ਵਿੱਚ ਔਰਤਾਂ ਦੀ ਵੱਡੀ ਗਿਣਤੀ ਅਜੇ ਵੀ ਮਰਦਾਊ ਗੁਲਾਮੀ ਦੀ ਸ਼ਿਕਾਰ ਹੈ ਅਤੇ ਉਹ ਹਰ ਰੋਜ਼ ਘਰੇਲੂ ਹਿੰਸਾ, ਬਲਾਤਕਾਰ, ਵੇਚਣ ਖਰੀਦਣ ਜਿਹੇ ਜ਼ੁਰਮਾਂ ਦਾ ਸ਼ਿਕਾਰ ਹੋ ਰਹੀ ਹੈ। ਭਾਰਤੀ ਅਪਰਾਧ ਰਿਕਾਰਡ ਬਿਊਰੋ ਮੁਤਾਬਿਕ ਭਾਰਤ ਵਿੱਚ ਬਲਾਤਕਾਰ ਚੌਥਾ ਮੁੱਖ ਅਪਰਾਧ ਹੈ। ਰਿਪੋਰਟ ਅਨੁਸਾਰ ਔਰਤਾਂ ਖਿਲਾਫ਼ ਅਪਰਾਧ ਵਿੱਚ ਰਾਸ਼ਟਰੀ ਪੱਧਰ ਤੇ 2021 ਤੋਂ 2022 ਤੱਕ 4% ਵਾਧਾ ਹੋਇਆ ਹੈ। 2022 ਦੀ ਇੱਕ ਰਿਪੋਰਟ ਅਨੁਸਾਰ ਪਿਛਲੇ ਸਾਲ ਵਿੱਚ 31000 ਬਲਾਤਕਾਰ ਦੇ ਕੇਸ ਦਰਜ ਕੀਤੇ ਗਏ। ਕਿਸੇ ਵੀ ਸਭਿਅਕ ਕਹਾਉਂਦੇ ਸਮਾਜ ਅਤੇ ਦੇਸ਼ ਲਈ ਇਹ ਅੰਕੜਾ ਸ਼ਰਮਨਾਕ ਹੈ। ਦਾਜ ਖ਼ਾਤਰ ਕਤਲ, ਬਾਲ ਵਿਆਹ ਜਿਹੇ ਹੋਰ ਗੁਨਾਹਾਂ ਦਾ ਵੀ ਸਮਾਜ ਵਿੱਚੋਂ ਖਾਤਮਾ ਹੋਣ ਤੇ ਨਹੀਂ ਆ ਰਿਹਾ। ਸਾਡੇ ਸਮਾਜ ਵਿੱਚ ਮੁੰਡਿਆਂ ਨੂੰ ਬਚਪਨ ਤੋਂ ਹੀ ਕੁੜੀਆਂ ਤੋਂ ਉੱਤਮ ਅਤੇ ਕੁੜੀਆਂ ਨੂੰ ਸ਼ੁਰੂ ਤੋਂ ਡਰ, ਸਹਿਮ ਤੇ ਦਬਾਅ ਵਿੱਚ ਰਹਿਣ ਦੀ ਤਾਲੀਮ ਦਿੱਤੀ ਜਾਂਦੀ ਹੈ। ਔਰਤਾਂ ਖਿਲਾਫ਼ ਜੁਰਮ ਉਨ੍ਹਾਂ ਦੇ ਘਰ ਤੋਂ ਹੀ ਸ਼ੁਰੂ ਹੋ ਜਾਂਦੇ ਹਨ ਤੇ ਇਨ੍ਹਾਂ ਦਾ ਫੈਲਾਵ ਘਰ ਤੋਂ ਸਮਾਜ ਵਿੱਚ ਫੈਲਦਾ ਜਾਂਦਾ ਹੈ। ਬਾਲ ਵਿਆਹ ਵਰਗੇ ਕੋਝੇ ਸਮਾਜਿਕ ਰਿਵਾਜ਼, ਕੁੜੀਆਂ ਦੀ ਕੁੱਖ ਵਿੱਚ ਹੱਤਿਆ, ਦਾਜ ਖਾਤਰ ਕਤਲ ਸਾਡੇ ਸਮਾਜ ਦੀ ਔਰਤ ਪ੍ਰਤੀ ਮਾੜੀ ਸੋਚ ਨੂੰ ਹੀ ਪ੍ਰਗਟ ਕਰਦੇ ਹਨ। ਭਾਵੇਂ ਔਰਤ ਦੇ ਹੱਕ ਵਿੱਚ ਅਨੇਕ ਸਰਕਾਰੀ ਗੈਰ ਸਰਕਾਰੀ ਮੁਹਿੰਮਾਂ ਚਲਾਈਆਂ ਗਈਆਂ ਹਨ ਪਰ ਇਨ੍ਹਾਂ ਦਾ ਅਸਰ ਜਮੀਨੀ ਪੱਧਰ ਤੇ ਬਹੁਤਾ ਅਸਰਦਾਇਕ ਦੇਖਣ ਨੂੰ ਨਹੀਂ ਮਿਲਦਾ। ਮਣੀਪੁਰ ਜਿਹੇ ਕਾਂਡ ਅਜੇ ਵੀ ਸਾਡੇ ਸਮਾਜਿਕ ਵਰਤਾਰੇ ਵਿੱਚ ਮਰਦ ਪ੍ਰਧਾਨ ਸਮਾਜ ਦੀ ਬੀਮਾਰ ਮਾਨਸਿਕਤਾ ਦੀ ਨਿਸ਼ਾਨਦੇਹੀ ਕਰਦੇ ਹਨ। ਇਸ ਬੀਮਾਰ ਮਾਨਸਿਕਤਾ ਅਧੀਨ ਔਰਤ ਨੂੰ ਹਰ ਪਾਸਿਓਂ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਅਨਪੜ੍ਹਤਾ ਤੇ ਸਵੈ ਨਿਰਭਰ ਨਾ ਹੋਣਾ ਅਤੇ ਗਰੀਬੀ ਔਰਤ ਦੀ ਇਸ ਦਰਦਨਾਕ ਸਥਿਤੀ ਲਈ ਜ਼ਿੰਮੇਵਾਰ ਮੰਨੇ ਜਾਂਦੇ ਕਾਰਕ ਹਨ। ਲੋੜ ਹੈ ਦੇਸ਼ ਵਿੱਚ ਅਜਿਹੇ ਕਾਨੂੰਨ ਬਣਾਏ ਜਾਣ, ਨਾ ਕੇਵਲ ਬਣਾਏ ਜਾਣ ਬਲਕਿ ਉਨ੍ਹਾਂ ਨੂੰ ਸਖਤੀ ਨਾਲ ਲਾਗੂ ਕਰਨ ਦਾ ਪਰਾਵਧਾਨ ਵੀ ਕੀਤਾ ਜਾਵੇ ਜਿਹੜੇ ਔਰਤਾਂ ਦੇ ਹੱਕਾਂ ਅਤੇ ਸਵੈਮਾਣ ਦੀ ਰਾਖੀ ਕਰਦੇ ਹਨ। ਨਾਰੀ ਨੂੰ ਸੁਰਖਿਅਤ ਮੌਕੇ ਪ੍ਰਦਾਨ ਕਰ ਕੇ ਉਸ ਨੂੰ ਆਪਣੇ ਪੈਰਾਂ ਤੇ ਖੜ੍ਹੇ ਹੋਣ ਦੀ ਜਾਚ ਸਿਖਾਉਣਾ ਇਸ ਵੇਲੇ ਦੀ ਪ੍ਰਮੁੱਖ ਮੰਗ ਹੈ। ਨਾਰੀ ਦੀ ਸਮਾਜ ਵਿੱਚ ਸਥਿਤੀ ਭਾਵੇਂ ਪਹਿਲਾਂ ਨਾਲੋਂ ਕੁਝ ਬੇਹਤਰ ਹੋਈ ਹੈ ਪਰ ਇਸ ਸਥਿਤੀ ਵਿੱਚ ਅਜੇ ਵੀ ਨਿਰੰਤਰ ਸੁਧਾਰ ਲਿਆਉਂਦੇ ਰਹਿਣ ਦੀ, ਨਾਰੀ ਨੂੰ ਵੱਧ ਤੋਂ ਵੱਧ ਸਿਖਿਆ ਦੇ ਮੌਕੇ ਪ੍ਰਦਾਨ ਕਰਨ, ਉਸ ਨੂੰ ਜਾਗ੍ਰਿਤ ਕਰਨ ਅਤੇ ਰੁਜ਼ਗਾਰ ਮੁਹੱਇਆ ਕਰਵਾਉਣ ਦੀ ਲੋੜ ਹੈ।

ਵਿਸ਼ੇਸ਼ ਲੇਖ

# ਮਨੁੱਖੀ ਸਵੈ ਤੇ ਮਸ਼ੀਨੀ ਬੁੱਧੀਮਾਨਤਾ / ਮਨਮੋਹਨ



ਮਨੁੱਖੀ ਸਵੈ ਦੀ ਸੰਕਲਪਨਾ ਬਾਰੇ ਪੱਛਮ ਵਿਚ ਅਫ਼ਲਾਤੂਨ, ਸੁਕਰਾਤ ਅਤੇ ਅਰਸਤੂ ਤੋਂ ਲੈ ਕੇ ਪੁਨਰ-ਜਾਗਰਤੀ ਅਤੇ ਪ੍ਰਬੁੱਧਤਾ ਕਾਲ ਤੱਕ ਆਉਂਦੇ ਆਉਂਦੇ ਆਧੁਨਿਕਤਾ, ਉਤਰ ਆਧੁਨਿਕਤਾ ਦੇ ਪਿੜ ਵਿਚ ਬੜੇ ਵਿਸਤਾਰ ਨਾਲ ਸੋਚ ਵਿਚਾਰ ਹੋਇਆ ਮਿਲਦਾ ਹੈ। ਹੁਣ ਉਤਰ ਅਤੇ ਪਾਰ-ਮਾਨਵਵਾਦੀ ਚਿੰਤਨ ਵਿਚ ਵੀ ਸਵੈ ਨੂੰ ਸਮਝਣ ਦਾ ਸਿਲਸਿਲਾ ਜਾਰੀ ਹੈ। ਇਸਦੇ ਬਰਅਕਸ ਸਵੈ ਨੂੰ ਜਾਨਣ ਦੀ ਜਿਗਿਆਸਾ ਦਾ ਪੂਰਬ 'ਚ ਵਿਸ਼ੇਸ਼ ਕਰ ਭਾਰਤੀ ਗਿਆਨ ਪਰੰਪਰਾਵਾਂ ਵਿਚ ਬੜਾ ਗੰਭੀਰ ਅਤੇ ਗਹਿਨ ਚਿੰਤਨ ਮਨਨ ਹੋਇਆ ਹੈ। ਪਰ ਇਸ ਸਾਰੇ ਚਿੰਤਨ ਮਨਨ ਤੋਂ ਬਾਅਦ ਵੀ ਸਵੈ ਨੂੰ ਸਮਝਣ ਦੀ ਜਿਗਿਆਸਾ ਨਿਰੰਤਰ ਰੂਪ 'ਚ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਮਾਨਵੀ ਹੋਂਦ ਹੈ। ਇਸਦਾ ਨਿਰੰਤਰਤਾ ਦਾ ਕਾਰਣ ਸ਼ਾਇਦ ਇਹ ਹੈ ਕਿ ਮਾਨਵਤਾ ਸਵੰ ਅਧੂਰਾ ਪ੍ਰੋਜੈਕਟ ਹੈ ਅਤੇ ਇਹ ਬ੍ਰਹਿਮੰਡ ਵਾਂਗ ਨਿਰੰਤਰ ਰੂਪ 'ਚ ਵਿਸਤਾਰ ਅਤੇ ਵਿਗਾਸ 'ਚ ਪਈ ਹੋਈ ਹੈ।

ਪ੍ਰਬੁੱਧਤਾ ਦੇ ਦੌਰ ਤੋਂ ਬਾਅਦ ਆਧੁਨਿਕ ਗਿਆਨ ਪ੍ਰਣਾਲੀਆਂ 'ਚ ਸਵੈ ਦੇ ਕਈ ਸਤੰਭ ਸੂਤਰਬੱਧ ਹੁੰਦੇ ਹੋਏ ਦਿਖਾਈ ਦਿੰਦੇ ਹਨ ਜਿਵੇਂ; ਸਵੈ ਇਕ ਕਿਰਿਆ ਵਜੋਂ...ਮਨੁੱਖੀ ਇੰਦਰੀਆਂ ਤੋਂ ਸੁਤੰਤਰ ਸਵੈ...ਸਵੈ ਦਾ ਬੰਡਲ ਸਿਧਾਂਤ...ਸਵੈ ਗਰੂਤਾ ਕੇਂਦਰ ਵਾਂਗ ਇਕ ਬਿਰਤਾਂਤ ਵਜੋਂ...ਸਵੈ ਭਾਸ਼ਕ ਸੰਰਚਨਾ ਵਜੋਂ...ਸਵੈ ਸਮਾਜਿਕ ਉਸਾਰ ਵਜੋਂ ਨਾ ਕਿ ਕਿਏ ਭੌਤਿਕ ਹੋਂਦ ਵਜੋਂ...ਸਵੈ ਇਕ ਵਹਿੰਦੇ ਵਰਤਾਰੇ ਵਜੋਂ।

ਪੱਛਮੀ ਦਾਰਸ਼ਨਿਕ ਰੈਨੇ ਦੇਕਾਰਤੇ ਕਹਿੰਦਾ ਹੈ ਕਿ ਮੈਂ ਹਾਂ ਕਿਉਂ ਕਿ ਮੈਂ ਸੋਚਦਾ ਹਾਂ ਜਾਂ ਮੈਂ ਸੋਚਦਾ ਹਾਂ, ਇਸ ਲਈ ਹਾਂ। ਇਸੇ ਤਰ੍ਹਾਂ ਸਕਾਟਿਸ਼ ਦਾਰਸ਼ਨਿਕ ਅਤੇ ਇਤਿਹਾਸਕਾਰ ਡੇਵਿਡ ਹਿਊਮ ਆਪਣੀ ਕਿਤਾਬ' 'A Treatise of Human Nature' ਵਿਚ ਕਹਿੰਦਾ ਹੈ ਕਿ ਸਵੈ ਉਹ ਹੈ ਜਿਸ ਰਾਹੀਂ ਸਾਡੇ ਬਹੁਤ ਸਾਰੇ ਪ੍ਰਭਾਵ ਅਤੇ ਵਿਚਾਰ ਹਵਾਲਿਆਂ ਦੇ ਰੂਪ 'ਚ ਬਿੰਬਤ ਹੋਏ ਸੋਚੇ ਜਾਂਦੇ ਹਨ। ਅਨੁਭਵਵਾਦੀ ਉਦਾਰਵਾਦ ਦਾ ਦਾਰਸ਼ਨਿਕ ਜੌਹਨ ਲੌਕ ਆਪਣੀ ਕਿਤਾਬ 'An Essay Concerning Human Understanding' ਵਿਚ ਕਹਿੰਦਾ ਹੈ ਕਿ ਸਵੈ ਨੂੰ ਨਿੱਜੀ ਪਛਾਣ ਦੇ ਮਸੌਦੇ ਵਜੋਂ ਮਨੋਵਿਗਿਆਨਕ ਨਿਰੰਤਰਤਾ 'ਚ ਦੇਖਦਾ ਹੈ। ਉਹ ਨਿੱਜੀ ਪਛਾਣ (ਜਾਂ ਸਵੈ) ਨੂੰ ਚੇਤੰਨਤਾ (ਸਿਮਰਤੀ) 'ਤੇ ਨਾ ਕਿ ਆਤਮਾ ਜਾਂ ਦੇਹ 'ਤੇ ਆਸਰਿਤ ਮੰਨਦਾ ਹੈ। ਵਿਲੀਅਮ ਜੇਮਜ਼ ਮੁਖ਼ਲਿਸ ਅਹੰ ਨੂੰ ਆਤਮਾ ਜਾਂ ਮਨ ਜਿਹਾ ਯਕੀਨ ਕਰਦਾ ਹੈ। ਖ਼ਾਲਸ ਅਹੰ ਕੋਈ ਮਾਦਾ ਨਹੀਂ ਇਸ ਲਈ ਵਿਗਿਆਨ ਇਸਦਾ ਵਿਸ਼ਲੇਸ਼ਣ ਨਹੀਂ ਕਰ ਸਕਦਾ। ਉਹ ਅੱਗੇ ਸਵੈ ਦੇ 'ਮੈਂ' (I) ਅੰਗ ਨੂੰ ਪਦਾਰਥਕ, ਸਮਾਜਿਕ ਅਤੇ ਅਧਿਆਤਮਕ ਸਵੈ ਵਿਚ ਵੰਡ ਦਿੰਦਾ ਹੈ।

ਸਵੈ ਨੂੰ ਕਿਰਿਆ ਵਜੋਂ ਦੇਖਦੇ ਹੋਏ ਅਫ਼ਲਾਤੂਨੀ ਦੀ ਸਮਝ ਦੀ ਲਗਾਤਾਰਤਾ ਵਿਚ ਅਰਸਤੂ  ਦਾ ਮੱਤ ਹੈ ਕਿ ਸਵੈ/ਆਤਮ ਦਾ ਮੂਲ ਹੈ। ਇਸਦੀ ਹੋਂਦ ਦੇਹ ਦੇ ਬਾਹਰ ਨਹੀਂ ਹੈ। ਉਸ ਅਨੁਸਾਰ ਤਥਾਕਥਿਤ ਬੁੱਧੀ ਅਮਰ ਅਤੇ ਚਿਰਸਥਾਈ ਜੀਵੰਤਤਾ ਦੇ ਬਰਅਕਸ ਹੋਂਦ ਦਾ ਹਿੱਸਾ ਹੈ ਜੋ ਨਿਰਪੱਖ ਅਤੇ ਚਿਰਸਥਾਈ ਪ੍ਰਕਾਰਜਾਂ 'ਤੇ ਨਿਰਭਰ ਹੈ। ਇੰਦਰੀਆਂ ਤੋਂ ਸੁਤੰਤਰ ਸਵੈ ਬਾਰੇ ਅਰਸਤੂ ਕਹਿੰਦਾ ਹੈ ਕਿ ਸਵੈ ਦਾ ਵਿਚਾਰ ਕਿਸੇ ਭੌਤਿਕ ਵਸਤ 'ਤੇ ਆਧਾਰਿਤ ਨਹੀਂ ਅਤੇ ਆਤਮ ਨੂੰ ਸਾਪੇਖ ਰੂਪ ਵਿਚ ਨਹੀਂ ਸਗੋਂ ਮੂਲ ਰੂਪ ਵਿਚ ਪ੍ਰਾਪਤ ਵਸਤ ਨੂੰ ਹੀ ਸਮਝਿਆ ਜਾਂਦਾ ਹੈ। ਇਸ ਗੱਲ ਨੂੰ ਬਾਅਦ ਵਿਚ ਰੇਨੇ ਦੇਕਾਰਤੇ ਨੇ ਆਪਣੀ ਕਿਤਾਬ 'Discourse on the Method' ਵਿਚ ਸਾਦੇ ਸ਼ਬਦਾਂ ਵਿਚ ਬਾਹਰੀ ਵਰਤਾਰਿਆਂ ਦੇ ਚੇਤਨਾ ਉਪਰ ਪਏ ਪ੍ਰਭਾਵਾਂ ਨੂੰ ਗਿਆਨਾਤਮਕ ਰੂਪ ਵਿਚ ਵਿਸਤਾਰਿਆ ਹੈ। ਸਵੈ ਦੇ ਬੰਡਲ ਸਿਧਾਂਤ ਬਾਰੇ ਡੇਵਿਡ ਹਿਊਮ ਆਪਣੀ ਕਿਤਾਬ 'A Treatise of Human Nature' ਵਿਚ ਕਹਿੰਦਾ ਹੈ ਕਿ ਅਸੀਂ ਕਦੇ ਵੀ ਅੰਤਰੀਵੀ ਰੂਪ ਵਿਚ ਕਦੇ ਵੀ ਕਿਸੇ ਬਾਰੇ ਚੇਤੰਨ ਨਹੀਂ ਪਰ ਕਿਸੇ ਵਿਸ਼ੇ ਸਮਝ ਤੇ ਪ੍ਰਤੱਖਣ ਬਾਰੇ ਅਵੱਸ਼ ਹੁੰਦੇ ਹਾਂ ਕਿਉਂਕਿ ਮਨੁੱਖ ਤਾਂ ਕਈ ਪ੍ਰਤੱਖਣਾਂ ਦਾ ਇਕ ਮਜ਼ਮੂਆ ਹੈ ਜੋ ਨਾਸਮਝ ਆਉਣ ਵਾਲੀ ਬੜੀ ਤੀਬਰ ਤੇਜ਼ੀ ਨਾਲ ਅੱਗੜ ਪਿੱਛੜ ਪੈਦਾ ਹੁੰਦੇ ਰਹਿੰਦੇ ਹਨ ਅਤੇ ਇਹ ਨਿਰੰਤਰ ਪਰਿਵਰਤਨ ਵਿਚ ਰਹਿਣ ਕਾਰਣ ਗਤੀਸ਼ੀਲ ਰਹਿੰਦੇ ਹਨ।

ਸਵੈ ਨੂੰ ਗਰੂਤਾ ਦੇ ਕੇਂਦਰ ਵਜੋਂ ਸਮਝਣ ਦਾ ਬਿਰਤਾਂਤ ਆਪਣੀ ਕਿਤਾਬ 'Consciousness Explained' ਵਿਚ ਡੇਨੀਅਲ ਸੀ. ਡੈਨਟ ਨੇ ਦਿੱਤਾ। ਉਸਦਾ ਕਹਿਣਾ ਹੈ ਕਿ ਸਵੈ ਨੂੰ ਭੌਤਿਕ ਤੌਰ 'ਤੇ ਫੜਿਆ ਨਹੀਂ ਜਾ ਸਕਦਾ ਹੈ। ਇਹ ਤਾਂ ਇਕ ਤਰ੍ਹਾਂ ਦੇ ਸੁਵਿਧਾਵੀ ਬਿਰਤਾਂਤ ਹਨ ਜਿਵੇਂ ਗਰੂਤਾ ਦਾ ਕੇਂਦਰ ਇਕ ਬਿਰਤਾਂਤ ਹੈ। ਉਸਦਾ ਇਹ ਵੀ ਕਹਿਣਾ ਹੈ ਕਿ ਲੋਕ ਲਗਾਤਾਰ ਆਪਣੇ ਆਪ ਨੂੰ ਕਥਾ ਕਹਾਣੀਆਂ ਸੁਣਾਉਂਦੇ ਰਹਿੰਦੇ ਹਨ ਤਾਂ ਕਿ ਉਹ ਆਪਣੇ ਜਗਤ ਨੂੰ ਸਮਝ-ਸਮਝਾਅ ਸਕਣ ਅਤੇ ਉਹ ਇਨ੍ਹਾਂ ਕਥਾਵਾਂ ਵਿਚ ਸੁਵਿਧਾ ਅਨੁਸਾਰ ਚਰਿੱਤਰਾਂ/ਪਾਤਰਾਂ ਵਾਂਗ ਪੇਸ਼ ਹੁੰਦੇ ਹਨ ਜੋ ਕਿ ਸਵੈ ਦਾ ਗਾਲਪਨਿਕ ਪ੍ਰਤੀਰੂਪ ਹੁੰਦੇ ਹਨ।

ਸਵੈ ਨੂੰ ਭਾਸ਼ਕ ਵਾਕ ਵਜੋਂ ਪੇਸ਼ ਕਰਦਿਆਂ ਆਪਣੀ ਕਿਤਾਬ 'The Computer Revolution in Philosophy: Philosophy Science and Models of Mind' ਵਿਚ ਅਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਕੌਗਨੇਟਿਵ ਸਾਈਂਸ ਦੇ ਚਿੰਤਕ ਐਰੋਨ ਸਲੋਮਨ ਕਈ ਸ਼ਬਦਾਂ ਜਿਵੇਂ Self, Selves, Herself, Himself, themselves, Myself ਦੀ ਗੱਲ ਕਰਦਾ ਹੈ ਨਾ ਕਿ ਕਿਸੇ ਵਿਸ਼ੇਸ਼ ਹੋਂਦ ਦੀ ਕਿਉਂਕਿ ਇਹ ਭਾਸ਼ਕ ਪ੍ਰਗਟਾਵੇ ਹੀ ਸਵੈ ਰੂਪ ਹਨ।

ਸਵੈ ਦੀ ਆਪਣੇ ਢੰਗ ਨਾਲ ਵਿਆਖਿਆ ਕਰਦਿਆਂ ਯੂਆਲ ਨੋਹਾ ਹਰਾਰੇ ਆਪਣੀ ਕਿਤਾਬ 'Sepians' ਵਿਚ ਲਿਖਦਾ ਹੈ ਕਿ ਮਨੁੱਖ ਹੋਮੋ ਸੇਪੀਅਨਜ਼ ਤੋਂ ਹੀ ਵਿਕਸਤ ਹੋਇਆ ਹੈ। ਇਸਦੀ ਭਾਸ਼ਾਈ ਅਤੇ ਸੰਚਾਰੀ ਸਮਰੱਥਾ ਭਾਵ ਅਤੇ ਬਿਰਤਾਂਤ, ਕਥਾ-ਕਹਾਣੀਆਂ ਸਿਰਜਣ ਦੀ ਸਮਰੱਥਾ ਨੇ ਇਸਨੂੰ ਹੋਰ ਪ੍ਰਾਣੀਆਂ ਅਤੇ ਪਸ਼ੂਆਂ ਦੇ ਜਗਤ 'ਤੇ ਆਪਣਾ ਅਧਿਕਾਰ ਅਤੇ ਹੈਜਮਨੀ ਸਥਾਪਿਤ ਕਰਨ ਦੀ ਸਮੱਰਥਾ ਅਤੇ ਸ਼ਕਤੀ ਦਿੱਤੀ। ਹੋਮੋ ਸੇਪੀਅਨਜ਼ ਕੋਲ ਹਰ ਵਰਤਾਰੇ ਦੇ ਗਲਪੀਕਰਨ ਦੀ ਸਮਰੱਥਾ ਸੀ। ਭਾਸ਼ਾ ਸੰਚਾਰ ਨੇ ਉਸਨੂੰ ਵਰਤਾਰਿਆਂ, ਵਿਸ਼ਵਾਸਾਂ ਅਤੇ ਮਿੱਥਾਂ ਨੂੰ ਘੜਨ ਦੀ ਯੋਗਤਾ ਦਿੱਤੀ। ਭਾਸ਼ਾ ਰਾਹੀਂ ਉਹ ਉਨ੍ਹਾਂ ਵਰਤਾਰਿਆਂ ਅਤੇ ਵਿਸ਼ਵਾਸਾਂ ਨੂੰ ਵੀ ਕਮਿਊਨੀਕੇਟ ਕਰ ਲੈਂਦਾ ਹੈ ਜੋ ਦਰਅਸਲ ਹੁੰਦੇ ਹੀ ਨਹੀਂ। ਉਸਨੇ ਆਪਣੀ ਕਾਲਪਨਿਕ ਸੂਝ ਬੂਝ ਕਾਰਨ ਹੀ ਆਪਣੇ ਆਪ ਨੂੰ ਚਿਰਸਥਾਈ ਰੂਪ ਵਿਚ ਬਣਾਈ ਰੱਖਿਆ ਹੈ ਅਤੇ ਅੱਜ ਤੱਕ ਕਾਇਮ ਰੱਖੀ ਆ ਰਿਹਾ ਹੈ। ਸੇਪੀਅਨਜ਼ ਕੋਲ ਭਾਸ਼ਾਈ ਸਮਰੱਥਾ ਸੀ ਜਿਸ ਕਾਰਨ ਉਹ ਅੰਤਰ ਸੰਚਾਰ ਕਰ ਸਕਦੇ ਸਨ। ਸੰਗਿਆਨਕ ਕ੍ਰਾਂਤੀ ਨਾਲ ਉਸਨੇ ਕਹਾਣੀਆਂ, ਮਿੱਥਾਂ, ਦੇਵੀ ਦੇਵਤਿਆਂ ਅਤੇ ਧਰਮ ਨੂੰ ਘੜ ਕੇ ਆਪਸ ਵਿਚ ਸਹਿਕਾਰਤਾ ਪੈਦਾ ਕੀਤੀ ਅਤੇ ਜਗਤ ਦੇ ਹੋਰਾਂ ਪ੍ਰਾਣੀਆਂ ਉਪਰ ਆਪਣਾ ਗ਼ਲਬਾ ਅਤੇ ਦਾਬਾ/ਵਰਚੱਸਵ ਪੈਦਾ ਕੀਤਾ।

ਪੱਛਮੀ ਤੇ ਭਾਰਤੀ/ਪੂਰਬੀ ਦੋਹਾਂ ਗਿਆਨ ਪਰੰਪਰਾਵਾਂ ਦੇ ਪ੍ਰਮੁੱਖ ਪ੍ਰਯੋਜਨ ਅਤੇ ਉਦੇਸ਼ ਸਵੈ ਦੀ ਤਲਾਸ਼ ਅਤੇ ਸਵੈ ਬਾਰੇ ਗਿਆਨਸ਼ਾਸਤਰੀ, ਮੀਮਾਂਸਕ ਜਿਗਿਆਸਾਵਾਂ ਅਤੇ ਸਵੈ ਸਾਧਨਾ ਰਾਹੀਂ ਪ੍ਰਬੁੱਧਤਾ ਜਾਗਰਤੀ ਨੂੰ ਪ੍ਰਾਪਤ ਹੋਣਾ ਰਿਹਾ ਹੈ। ਪੱਛਮੀ ਦਰਸ਼ਨ ਪਰੰਪਰਾ 'ਚ ਸੁਕਰਾਤ ਕਹਿੰਦਾ ਹੈ ਦਰਸ਼ਨ ਦਾ ਮਕਸਦ ਸਵੈ ਨੂੰ ਜਾਨਣਾ ਤੇ ਸਮਝਣਾ ਹੈ। ਕਾਂਤੀਅਨ ਦ੍ਰਿਸ਼ਟੀਕੋਣ ਅਨੁਸਾਰ 'ਮਨੁੱਖ ਨੂੰ ਨਿੱਜ ਵਜੋਂ ਜਾਨਣਾ ਹੀ ਸਾਡੇ ਜਾਨਣ ਦੀ ਪ੍ਰਕਿਰਿਆ ਦਾ ਮੂਲਭੂਤ ਤੱਤ ਹੈ। ਇਸਦਾ ਭਾਵ ਹੈ ਕਿ ਸਪੇਸ, ਸਮਾਂ ਅਤੇ ਕਾਰਣ ਕਈ ਨਿਰਪੇਖ ਵਸਤੂਪਰਕ ਜਾਂ ਬਾਹਰੀ ਹੋਂਦਾਂ ਨਹੀਂ ਬਲਕਿ ਮਾਨਸਿਕ ਪ੍ਰਵਰਗ ਹਨ ਜਿਨ੍ਹਾਂ ਵਿਚ ਸੱਭ ਕੁਝ ਗੁੰਨ੍ਹਿਆਂ ਪਿਆ ਹੈ'। ਰੌਤਰਦਮ, ਹੌਲੈਂਡ ਦੀ ਈਰਾਸਮਸ ਯੂਨਵਿਰਸਿਟੀ ਦੇ ਦਰਸ਼ਨ ਵਿਭਾਗ ਦਾ ਪ੍ਰੋਫ਼ੈਸਰ ਦੂਵੇ ਤਾਈਮੇਰਸਮਾ ਆਪਣੀ ਕਿਤਾਬ 'I am That' ਦੀ ਭੂਮਿਕਾ ਵਿਚ ਲਿਖਦਾ ਹੈ ਕਿ ਸਵੈ ਵਾਪਰੇ ਰਹੇ ਸਾਰੇ ਕਾਸੇ ਦੇ ਅਨੁਭਵ ਅੰਦਰਲਾ ਸਾਂਝਾ ਤੱਤ/ਕਾਰਣ ਹੈ। ਚੇਤੰਨਤਾ ਦਾ ਸਾਰਾ ਖੇਤਰ ਫਿਲਮ ਵਾਂਗ ਅਤੇ ਇਕ ਅੱਕਫੰਬੜੀ ਵਾਂਗ 'ਮੈਂ ਹਾਂ' ਦੇ ਭਾਵ ਵਿਚ ਪਿਆ ਹੈ। ਇਹ ਮੈਂ ਹੋਣ ਦਾ ਭਾਵ ਇਸਨੂੰ ਜਾਨਣਾ ਹੀ ਸਾਰੀ ਚੇਤਨਤਾ ਦਾ ਚੇਤਨ ਹੈ। ਸਵੈ ਨੂੰ ਅਲੱਗ ਵਿਧੀ ਅਤੇ ਦ੍ਰਿਸ਼ਟੀਕੋਣ ਤੋਂ ਸਮਝਣ ਵਾਲਾ ਯਹੂਦੀ ਦਾਰਸ਼ਨਿਕ ਚਿੰਤਕ ਅਤੇ ਤਾਲਮਦਿਕ ਵਿਆਖਿਆਕਾਰ ਮਾਰਤਿਨ ਬੂਬਰ ਆਪਣੀ ਕਿਤਾਬ 'I and Thou' ਵਿਚ ਲਿਖਦਾ ਹੈ ਕਿ ਸਵੈ ਨੂੰ ਸਮਝਣ ਲਈ ਦੂਜੇ/ਹੋਰ ਨੂੰ ਸਮਝਣਾ ਜ਼ਰੂਰੀ ਹੈ।

ਦੂਰ ਪੂਰਬ 'ਚ ਫੈਲੀ ਜ਼ੈੱਨ ਪਰੰਪਰਾ ਵਿਚ ਇਸ ਭਾਵ ਨੂੰ 'ਕੋਆਨ' ਕਿਹਾ ਗਿਆ ਹੈ ਭਾਵ ਸਵੈ ਪਹਿਚਾਣ ਅਤੇ ਸਵੈ ਅਨੁਭਵ ਦਾ ਪੰਥ। ਜ਼ੈਨ ਚਿੰਤਕ ਲਾਓਤਜ਼ੇ ਆਪਣੀ ਕਿਬ 'ਤਾਓ ਤੇ ਚਿੰਗ' ਵਿਚ ਕਹਿੰਦਾ ਹੈ ਕਿ ਦੂਜਿਆਂ ਨੂੰ ਜਾਨਣਾ ਸੂਖਮ ਗਿਆਨ ਹੈ। ਸਵੈ ਨੂੰ ਜਾਨਣਾ ਜਾਗਰਤੀ ਹੈ। ਦੂਜਿਆਂ 'ਤੇ ਮਾਲਕੀ ਕਰਨ ਲਈ ਬਲ ਲੋੜੀਂਦੀ ਹੈ। ਸਵੈ ਸਾਧਨਾ ਲਈ ਸ਼ਕਤੀ ਦਰਕਾਰ ਹੈ।

ਭਾਰਤੀ ਗਿਆਨ ਪਰੰਪਰਾ 'ਚ ਰਿਗਵੇਦ ਦੀਆਂ ਰਿਚਾਵਾਂ ਦਾ ਕਰਤਾ ਸਵੈ ਬਾਬਤ ਪ੍ਰਸ਼ਨ ਕਰਦਾ ਹੈ; ਕੋ ਅਹੰਮ' (Who I am ?)। ਇਸਦਾ ਉਤਰ ਵੀ ਯਜੁਰਵੇਦ ਦਾ ਕਰਤਾ ਬ੍ਰਿਹਦਾਰਾਨਾਇਕ ਉਪਨਿਸ਼ਦ ਵਿਚ ਆਪ ਹੀ ਦਿੰਦਾ ਹੈ; 'ਅਹੰਮ ਬ੍ਰਹਮਸਿਆ'। ਰਿਗਵੇਦ 'ਚ ਸਵੈ ਦੀ ਉਤਪਤੀ ਨੂੰ ਸ੍ਰਿਸ਼ਟੀ ਦੀ ਉਤਪਤੀ ਨਾਲ ਜੋੜ ਕੇ ਦੇਖਿਆ ਗਿਆ ਹੈ। ਸ੍ਰਿਸ਼ਟੀ ਸਵੈਭੂੰ ਹੈ ਭਾਵ ਇਹ ਆਪਣੇ ਸਵੈ 'ਚ ਉਤਪਿਤ ਹੋਈ ਹੈ। ਇਹ ਰਿਗਵੇਦ ਦੇ ਦੱਸਵੇਂ ਮੰਡਲ ਦਾ 129ਵਾਂ ਸੂਤਕ 'ਨਾਸਦੀ ਸੂਤਕ' ਦੀ ਸਿਮਰਤੀ ਜਗਾਉਂਦਾ ਹੈ ਜਿਸ ਦੇ ਮੂਲ 'ਚ 'ਨੇਤਿ ਨੇਤਿ' ਦਾ ਭਾਵ ਸਮਾਹਿਤ ਹੈ;

'ਨਾਸਦੀਨੋ ਸਦਾਸਤਿਦਾਨੀ ਨਾਸੀਦ੍ਰਜੋ ਨੋ ਵਯੋਮਾ ਪਰੋ ਯਤ।
ਕਿਮਾਵਰੀਵ:ਕੁਹ ਕਸਯ ਸ਼੍ਰਮਨਅੰਭ:ਕਿਮਾਸੀਦ ਗਹਨਮ
ਗੰਭੀਰਮ'।
ਨ ਮ੍ਰਿਤੂਯਰਾਸੀਦਮ੍ਰਤੰ ਨ ਤ੍ਰਾਹੀ ਨ ਰਾਤ੍ਰਯਾ ਅਹਨ
ਆਸੀਤਪ੍ਰਕੇਤ।
ਆਨੀਦਵਾਤੰ ਸਵਧਯਾ ਤਦੇਕੰ ਤਸਮਾਦਧਯਾਨ
ਪਰ;ਕਿਮਕਨਾਸ'।

ਭਾਵ ਉਦੋਂ ਅਸਤਿ ਨਹੀਂ ਸੀ। ਨਾ ਸਤਿ ਸੀ। ਅੰਬਰ ਨਹੀ ਸੀ। ਨਾ ਹੀ ਉਸ ਤੋਂ ਪਾਰ ਮਹਾ-ਅਕਾਸ਼। ਇਸ ਨੂੰ ਕਿਸਨੇ ਢੱਕਿਆ ਸੀ ਤੇ ਕਿੱਥੇ ? ਕਿਸ ਨੇ ਥੰਮਿਆ ਸੀ ਇਸ ਨੂੰ ? ਉਦੋਂ ਤਾਂ ਬ੍ਰਹਿਮੰਡਕ ਅਥਾਹ ਜਲ ਸੀ ਕਿੱਥੇ ? ਨਾ ਮੌਤ ਸੀ ਨਾ ਅਮਰਤਾ। ਨਾ ਹੀ ਰਾਤ ਸੀ। ਨਾ ਦਿਨ ਦਾ ਪ੍ਰਕਾਸ਼ ।

ਸਾਹ ਵੀ ਵਾਯੂ ਬਿਨ। ਤਦੋਂ ਸਵੈਭੂੰ ਸੀ। ਉਸ ਕੇਵਲ ਇਕ ਤੋਂ ਬਿਨਾ ਕੁਝ ਵੀ ਨਹੀਂ ਸੀ। ਬ੍ਰਿਹਦਰਾਨਾਇਕ ਉਪਨਿਸ਼ਦ ਵਿਚ 'ਨੇਤਿ ਨੇਤਿ' (Not This Not That) ਦਾ ਚਰਚਾ ਬੜੇ ਵਿਸਤਾਰ ਨਾਲ ਹੋਇਆ ਹੈ। 'ਨੇਤਿ' ਦਾ ਚਰਚਾ 'ਜਾਪ' ਸਹਿਬ ਦੇ ਪਹਿਲੇ ਬੰਦ ਵਿਚ ਗੁਰੂ ਗੋਬਿੰਦ ਸਿੰਘ ਜੀ ਵੀ ਕਰਦੇ ਹਨ;

ਕੋਟਿ ਇੰਦ੍ਰ ਇੰਦ੍ਰਾਣਿ ਸਾਹਿ ਸਾਹਾਣਿ ਗਣਿਜੈ
ਤ੍ਰਿਭਣ ਮਹੀਪ ਸੁਰ ਨਰ ਅਸੁਰ ਨੇਤਿ ਨੇਤਿ ਬਨ ਤ੍ਰਿਣ ਕਹਿਤ॥1॥

ਰਿਗਵੇਦ ਵਿਚ 'ਨੇਤਿ ਨੇਤਿ' ਦੇ ਬਰਅਕਸ 'ਏਤਿ ਏਤਿ' ਦਾ ਭਾਵ ਵੀ ਮਿਲਦਾ ਹੈ। ਇਸ ਨਾਂਹ ਦੇ ਭਾਵ ਦੇ ਵਿਰੁਧ ਹਾਂ ਦਾ ਭਾਵ ਸ਼ਾਮਿਲ ਹੈ। ਇਸ ਵਿਚ 'ਸੋਹਮ' ਦਾ ਭਾਵ ਵੀ ਸ਼ਾਮਿਲ ਹੈ।

ਵੈਦਿਕ ਤੇ ਵੇਦਾਂਤਿਕ ਪਰੰਪਰਾ ਈਸ਼ਵਰਵਾਦੀ ਪਰੰਪਰਾ ਹੈ। ਇਸ ਵਿਚ ਪਦਾਰਥ ਅਤੇ ਰੂਪ ਦੀ ਦਵੈਤ ਬਿਨਸ ਜਾਂਦੀ ਹੈ। ਦੇਹ ਅਤੇ ਆਤਮਾ ਪਰਸਪਰ ਹਨ। ਵੈਦਿਕ ਪਰੰਪਰਾ ਵਿਚ ਚਾਰ ਵੇਦਾਂ ਤੋਂ ਬਾਅਦ ਬ੍ਰਾਹਮਣ ਗ੍ਰੰਥ ਜਿਵੇਂ ਐਤਰਿਯ ਅਤੇ ਸ਼ਤਪਥ ਆਉਂਦੇ ਹਨ ਜਿਨ੍ਹਾਂ 'ਚ ਧਾਰਮਿਕ, ਆਰਥਿਕ, ਸਮਾਜਿਕ, ਸਾਂਸਕ੍ਰਿਤਕ ਊਚ ਨੀਚ ਦੀ ਦਾਰਸ਼ਨਿਕ ਵਿਆਖਿਆ ਆਉਂਦੀ ਹੈ। ਉਪਨਿਸ਼ਦ ਕਸ਼ਤਰੀ ਰਾਜਿਆਂ ਨੇ ਰਚੇ। ਉਪਨਿਸ਼ਦ ਦਾ ਸ਼ਾਬਦਿਕ ਅਰਥ ਹੈ ਨਿਕਰ ਬਿਠਾਅ ਕੇ ਦੀਖਿਆ ਦੇਣੀ। ਇਨ੍ਹਾਂ ਦੀ ਗਿਣਤੀ 108 ਹੈ। ਅਰਣਯਾਂ ਵਿਚ ਆਰਿਆ ਰਿਸ਼ੀਆਂ ਵਣਾਂ 'ਚ ਆਸ਼ਰਮ ਸਥਾਪਿਤ ਕਰ ਬ੍ਰਾਹਮਣ ਵਿਚਾਰਾਂ ਨੂੰ ਪੁਨਰ ਸਥਾਪਿਤ ਕੀਤਾ। ਇਨ੍ਹਾਂ ਸਾਰੀਆਂ ਗਿਆਨ ਪਰੰਪਰਾਵਾ ਨੂੰ ਵੇਦਾਂਤ ਕਿਹਾ ਗਿਆ। ਇਸਦਾ ਸਾਰ ਗਿਆਨ ਹੈ ਕਿ ਇਹ ਲੋਕ ਝੂਠ ਅਤੇ ਮਾਇਆ ਹੈ ਜਦਕਿ ਪਰਲੋਕ ਸੱਚ ਹੈ। ਬ੍ਰਹਮ ਨੇ ਸ੍ਰਿਸ਼ਟੀ ਭਾਵ ਬ੍ਰਹਿਮੰਡ ਸਿਰਜਿਆ ਹੈ ਜੋ ਦੈਵੀ ਸ਼ਕਤੀ ਹੈ। ਸਵੈ ਹੀ ਬ੍ਰਹਮ ਹੈ ਅਤੇ ਬ੍ਰਹਮ ਹੀ ਸਵੈ ਹੈ। ਸਾਰਾ ਦਿੱਸਦਾ ਪਾਸਾਰ ਮਾਇਆ ਭਾਵ ਭਰਮ ਹੈ। ਸਵੈ ਦੀ ਜਿਗਿਆਸਾ ਬਾਰੇ ਗੌਡਾਪਦਾ ਦੇ 'ਮੰਡੂਕਿਆਕਾਰਿਕਾ' ਵਿਚ ਚੇਤਨਾ ਦੀਆਂ ਚਾਰ ਅਵੱਸਥਾਵਾਂ ਦੱਸੀਆਂ ਗਈਆਂ ਹਨ। ਪਹਿਲੀ ਹੈ; ਜਾਗਰਿਤੀ, ਦੂਜੀ ਹੈ ਸੁਪਨ, ਤੀਜੀ ਹੈ ਸੁਪਨਰਹਿਤ ਸੁਸਪਿਤਾ ਅਤੇ ਚੌਥੀ ਹੈ ਤੁਰੀਆ। ਕਸ਼ਮੀਰੀ ਸ਼ੈਵਇਜ਼ਮ ਵੀ ਤੁਰੀਆ ਤੋਂ ਪਹਿਲਾਂ ਦੀਆਂ ਚਾਰ ਅਵਸਥਾਵਾਂ ਭਾਵ ਜਾਗਣ ਅਤੇ ਸੁਪਨੇ ਵਿਚਕਾਰ, ਸੁਪਨੇ ਅਤੇ ਗੂੜ੍ਹੀ ਨੀਂਦ ਵਿਚਕਾਰ ਅਤੇ ਗੂੜ੍ਹੀ ਨੀਂਦ ਅਤੇ ਜਾਗਣ ਵਿਚਕਾਰ।

ਵੇਦਾਂਤ ਤੋਂ ਪਹਿਲਾਂ ਅਤੇ ਸਮਵਿੱਥ ਵੀ ਪਦਾਰਥ ਨੂੰ ਪਹਿਲ ਦਿੰਦੀ ਬ੍ਰਿਹਦ ਗਿਆਨ ਪਰੰਪਰਾ ਵਿਆਪਤ ਰਹੀ ਜਿਸ ਨੂੰ ਖੱਟ ਦਰਸ਼ਨ ਕਿਹਾ ਗਿਆ। ਇਸਦਾ ਆਧਾਰ ਸਰੋਤ ਸਾਂਖ, ਲੋਕਾਇਤ, ਚਾਰਵਾਕ, ਨਿਆਇ, ਵੈਸ਼ੇਸ਼ਿਕ ਅਤੇ ਮੀਮਾਂਸਾ ਦਰਸ਼ਨ ਰਹੇ। ਸਾਂਖ ਦਰਸ਼ਨ ਅਨੁਸਾਰ ਸ੍ਰਿਸ਼ਟੀ ਨਿਰੰਤਰ ਉਪਰ ਵੱਲ ਵਿਕਾਸ ਕਰਦੀ ਹੈ। ਜਿਸਦਾ ਵਜੂਦ ਨਹੀਂ ਉਸ ਵਿਚੋਂ ਕੁਝ ਵੀ ਪੈਦਾ ਨਹੀਂ ਹੁੰਦਾ। ਜਿਸਦਾ ਵਜੂਦ ਹੈ, ਉਹ ਹੀ ਹੈ। ਨਿਆਇ ਅਨੁਸਾਰ ਜਿਸ ਨੂੰ ਇੰਦਰੀਆਂ ਮਹਿਸੂਸ ਕਰਦੀਆਂ ਹਨ ਉਹ ਸਵੈਸਿੱਧ ਸੱਚ ਹੈ। ਵੈਸ਼ੈਸ਼ਿਕ ਪ੍ਰਮਾਣੂ ਨੂੰ ਸਵੈ ਅਤੇ ਬ੍ਰਹਿਮੰਡ ਦਾ ਬੀਜ ਮੰਨਦਾ ਹੈ। ਯੋਗ ਸਾਂਖ ਨਾਲ ਮਿਲਦਾ ਜੁਲਦਾ ਦਰਸ਼ਨ ਹੈ ਜੋ ਸ੍ਰਿਸ਼ਟੀ ਦਾ ਮੂਲ ਆਧਾਰ ਪਦਾਰਥ ਨੂੰ ਮੰਨਦਾ ਹੈ। ਮੀਮਾਂਸਾ ਅਨੁਸਾਰ ਸ੍ਰਿਸ਼ਟੀ ਸੱਚ ਹੈ। ਇੰਦਰੀਆਂ ਇਸਦਾ ਸਬੂਤ ਹਨ। ਇਹ ਗਿਆਨ ਨੂੰ ਵੀ ਪਦਾਰਥ ਮੰਨਦਾ ਹੈ। ਚਾਰਵਾਕ ਅਤੇ ਲੋਕਾਇਤ ਬ੍ਰਹਿਸਪਤੀ ਰਿਸ਼ੀ ਨੇ ਪ੍ਰਤੀਪਾਦਤ ਕੀਤਾ ਜਿਸ ਅਨੁਸਾਰ ਸਵੈਸਿੱਧ ਰੂਪ 'ਚ ਚਾਰ ਮੂਲਭੂਤ ਤੱਤਾਂ ਧਰਤੀ, ਪਾਣੀ, ਅੱਗ ਅਤੇ ਹਵਾ ਤੋਂ ਬਿਨਾ ਸ੍ਰਿਸ਼ਟੀ ਕੁਝ ਨਹੀਂ।

ਬੁੱਧ ਤੇ ਜੈਨ ਮੱਤ ਸ਼ਰਮਣਿਕ ਧਰਮ ਹਨ। ਦੋਵੇਂ ਅਣਈਸ਼ਵਰਵਾਦੀ ਪਰੰਪਰਾ ਦੇ ਧਾਰਨੀ ਹਨ। ਬੁੱਧ ਮੱਤ ਅਨੁਸਾਰ ਸ੍ਰਿਸ਼ਟੀ ਅੰਤਹੀਣ ਪਰਿਵਰਤਨਾਂ ਅਤੇ ਗਤੀਆਂ ਦਾ ਨਿਰੰਤਰ ਚੱਕਰ ਹੈ। ਆਤਮਾ ਦੇਹ ਤੋਂ ਭਿੰਨ ਨਹੀਂ। ਇਹ ਆਤਮਾ ਰਹਿਤ ਅਨਾਤਮ ਹੈ। ਮਨੁੱਖ ਦੇ ਦੁੱਖਾਂ ਦਾ ਕਾਰਣ ਅਗਿਆਨ ਅਤੇ ਅਵਿਦਿਆ ਹੈ। ਇਹ ਗਿਆਨ ਇੰਦਰੀਆਂ ਤੋਂ ਉਪਜਦੈ। ਅਗਿਆਨ ਨਾਲ ਬਾਰ ਬਾਰ ਸੰਖਾਰ ਬਣਦੇ ਹਨ। ਇਨ੍ਹਾਂ ਸੰਖਾਰਾਂ ਤੋਂ ਮੁਕਤੀ ਲਈ ਬੋਧੀਸੱਤਵ ਨੂੰ ਸਵੈ ਦੀ ਪਹਿਚਾਣ ਜ਼ਰੂਰੀ ਹੈ ਜੋ ਕਾਰਜ ਕਾਰਣ ਨੂੰ ਸਮਝਿਆਂ ਹੀ ਸੰਭਵ ਹੈ। ਇਸਨੂੰ 'ਪ੍ਰਤੀਤਯਸੁਮਤਪਾਦ' ਕਿਹਾ ਗਿਆ ਹੈ ਭਾਵ ਹਰ ਕਾਰਜ ਦਾ ਕਾਰਣ ਹੈ। ਇਸਦੀ ਪਾਲਣਾ ਲਈ ਅਸ਼ਟਾਂਗ ਮਾਰਗ ਦਾ ਅਨੁਸਰਣ ਅਤੇ ਮਾਧਿਅਮਾਰਗ ਦਾ ਅਨੁਪਾਲਣ ਦਰਕਾਰ ਹੈ। ਬੁੱਧ ਦਾ ਕਹਿਣਾ ਹੈ;

'ਭਗ ਰਾਗੋ, ਭਵ ਦਵੈਸ਼ੋ, ਭਗ ਮੋਹੋ'

ਦਾ ਸਮੂਲ ਨਸ਼ਟ ਕਰਨਾ ਪੈਂਦਾ ਹੈ। ਬੋਧੀਸੱਤਵ ਨੂੰ ਮੁਕਤੀ ਹਿੱਤ 'ਅਪ ਦੀਪੋ ਭਵੋ' ਭਾਵ ਸਵੈ ਦੀ ਪਹਿਚਾਣ ਲਈ ਸਵੈ ਦਾ ਦੀਵਾ ਬਾਲਣਾ ਚਾਹੀਦਾ ਹੈ। ਬੁੱਧ ਮੱਤ ਵੀ ਸਵੈ ਦੀ ਤੁਰੀਆ ਅਵਸਥਾ ਨੂੰ ਮੰਨਦਾ ਹੈ।

ਜੈਨ ਮੱਤ ਅਨੁਸਾਰ ਸਾਰੇ ਬੰਧਨਾਂ ਭਾਵ ਪੁਦਗਾਲ ਜਿਵੇਂ ਕਾਮ, ਕ੍ਰੋਧ, ਲੋਭ, ਮੋਹ ਅਤੇ ਅੰਹਕਾਰ ਤੋਂ ਮੁਕਤ ਹੋਣ ਲਈ ਪੰਜ ਮਹਾਵਰਤਾਂ ਭਾਵ ਅਹਿੰਸਾ, ਸੱਤਯ, ਚੋਰੀ ਨਾ ਕਰਨਾ, ਅਪ੍ਰਹਿਗ੍ਰਿ ਭਾਵ ਲੋੜ ਤੋਂ ਵੱਧ ਵਸਤਾਂ ਦਾ ਸੰਗ੍ਰਹਿ ਨਾ ਕਰਨਾ ਅਤੇ ਬ੍ਰਹਮਚਾਰਯ ਬਹੁਤ ਜ਼ਰੂਰੀ ਹੈ। ਜੈਨ ਮੱਤ ਦੇ ਸੰਕਲਪ 'ਸਦੱਯਵਾਦ' ਅਨਸਾਰ ਸੱਚ ਦੀ ਵਿਆਖਿਆ ਕੋਈ ਇਕ ਨਹੀ। ਇਸ ਲਈ ਉਹ ਅੰਨ੍ਹਿਆਂ ਅਤੇ ਹਾਥੀ ਦਾ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ। ਜਿਸ ਅੰਨ੍ਹੇ ਦਾ ਹੱਥ ਹਾਥੀ ਦੇ ਢਿੱਡ 'ਤੇ ਫਿਰਦਾ ਹੈ ਉਸਨੂੰ ਸੱਚ ਰੂਪੀ ਹਾਥੀ ਕੰਧ ਜਿਹਾ ਲਗਦਾ ਹੈ ਅਤੇ ਜਿਸ ਦਾ ਹੱਥ ਹਾਥੀ ਦੀ ਲੱਤਾਂ 'ਤੇ ਫਿਰਦਾ ਹੈ ਉਸਨੂੰ ਸੱਚ

ਰੂਪੀ ਹਾਥੀ ਸਤੰਭਾਂ ਜਿਹਾ ਭਾਸਦਾ ਹੈ;

'ਏਕਾ ਸਤੱਯ ਬਿਪਰਾ ਬਹੁਦਾ ਵਾਦਾਂਤੀ'

ਭਾਵ ਸੱਚ ਇਕ ਹੈ ਉਸਨੂੰ ਜਾਨਣ ਅਤੇ ਵਿਆਖਿਆਉਣ ਦੇ ਢੰਗ ਅਤੇ ਪੰਥ ਭਿੰਨ ਭਿੰਨ ਹਨ।

ਸਵੈ ਦੀ ਪਹਿਚਾਣ ਲਈ ਭਾਸ਼ਾ ਭਾਵ ਸੰਚਾਰ ਹੀ ਇਕੋ ਇਕ ਸਾਧਨ ਭਾਨ ਮਾਧਿਅਮ ਹੈ ਜਿਸ ਰਾਹੀਂ ਅਮੂਰਤ ਨੂੰ ਸਮੂਰਤ ਭਾਵ ਵਾਕਵਿਨਿਆਸ 'ਚ ਸਪੇਸ-ਸਮਾਂ ਦੇ ਕੇ ਯਥਾਰਥ ਦੇ ਗਿਆਨ ਦੀ ਪ੍ਰਤੱਖਣੀ ਸੰਰਚਨਾ ਘੜੀ ਜਾਂਦੀ ਹੈ। ਭਰਥਰੀ 'ਵਾਕਪਦਿਅਮ' ਵਿਚ ਲਿਖਦਾ ਹੈ;ਭਾਸ਼ਾ ਯਥਾਰਥ ਦੇ ਸਮੁੰਦਰ 'ਚੋਂ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਭਰਥਰੀ ਭਾਸ਼ਾ ਸੰਚਾਰ ਦੀਆਂ ਚਾਰ ਪਉੜੀਆਂ ਪਰਾ, ਪਸ਼ਯੰਤੀ, ਮਧਿਅਮਾ ਅਤੇ ਬੈਖਰੀ ਭਾਵ ਧੁਨੀ ਤੋਂ ਲੈ ਕੇ ਸ਼ਬਦ ਦੀ ਸੰਪੂਰਣਤਾ ਤੱਕ ਦੇ ਵਿਗਾਸ ਹੰਢਾਉਂਦੀ ਹੋਈ ਸਵੈ ਦੀ ਪਹਿਚਾਣ ਨਿਰਮਤ ਕਰਦੀ ਹੈ। ਜਿਵੇਂ ਕਿ ਜੈਨ ਮੱਤ ਕਹਿੰਦਾ ਹੈ ਕਿ ਸੱਚ ਤੱਕ ਪਹੁੰਚਣ ਭਾਵ ਸਵੂ ਦੀ ਪਹਿਚਾਣ ਲਈ ਕੋਈ ਨਿਰਪੇਖ ਮਾਧਿਅਮ ਨਹੀਂ। ਸੱਤ ਸਦਾ ਸਾਪੇਖਕਤਾ 'ਚ ਪਿਆ ਹੁੰਦਾ ਹੈ। ਸਵੈ ਦੇ ਸੰਚਾਰ ਲਈ ਸੱਚ ਨੂੰ ਭਾਸ਼ਾ ਬਾਣੀ-ਵਾਕ ਦੇ ਵਿਨਿਆਸ 'ਚ ਹੀ ਸਮਝਿਆ ਜਾ ਸਕਦਾ ਹੈ। ਇਸ ਦਾ ਕਾਰਣ ਹੈ ਕਿ 'ਕੱਲੀਕਾਰੀ ਧੁਨੀ ਦੀ ਕੋਈ ਹੋਂਦ ਨਹੀਂ। ਇਹ ਧੁਨੀਆਂ ਦਾ ਇਕ ਆਪਹੁਦਰਾ ਸਮੂਹ ਹੈ ਜੋ ਵਾਕ ਵਿਚ ਬੱਝ ਕੇ ਸੰਸਾਰ ਨੂੰ ਸਮਝਣ ਹਿੱਤ ਅਰਥ ਸੰਚਾਰ ਪੈਦਾ ਕਰਦਾ ਹੈ। ਅਚਾਰਯ ਦੰਡੀ ਆਪਣੇ ਕਾਵਿ ਗ੍ਰੰਥ 'ਕਾਵਿਯਦਰਸ਼' ਵਿਚ ਕਹਿੰਦਾ ਹੈ;

'ਵਾਚਾਮੇਵ ਪ੍ਰਸਾਦੇਨ ਲੋਕ ਯਾਤ੍ਰਾ ਪ੍ਰਵਰਤਿਤੇ'

ਭਾਵ ਵਾਕ ਦੇ ਪ੍ਰਸਾਦ ਨਾਲ ਹੀ ਲੋਕ ਭਾਵ ਸੰਸਾਰ-ਸ੍ਰਿਸ਼ਟੀ (ਸਵੈ) ਦੀ ਯਾਤਰਾ ਸੰਭਵ ਹੈ। ਸਵੈ ਭਾਵ ਬ੍ਰਹਮ ਨੂੰ ਜਾਨਣ ਵਾਲਾ ਸਵੰਯ ਬ੍ਰਹਮ ਹੋ ਜਾਂਦਾ ਹੈ: 'ਬ੍ਰਹਮਵੇਦ ਬ੍ਰਹੋਵ ਭਵਤਿ"। ਸਵੈ ਤੇ ਸੰਚਾਰ ਨੂੰ ਜੋੜਦੇ ਹੋਏ ਭਾਰਤੀ ਭਾਸ਼ਾਕਾਰ ਤਾਂ ਇਥੋਂ ਤੱਕ ਕਹਿ ਦਿੰਦੇ ਹਨ; 'ਯਤ ਭਵੋ ਤਤ ਭਵਤਿ' ਭਾਵ ਜਿਹੋ ਜਿਹਾ ਤੁਸੀਂ ਸੋਚਦੇ ਹੋ ਤਿਹੇ ਬਣ ਜਾਂਦੇ ਹੋ।

ਪੱਛਮ ਵਿਚ ਵਿਸ਼ੇਸ਼ ਕਰ ਯੂਰਪ ਵਿਚ ਪ੍ਰਬੁੱਧਤਾ ਦੇ ਦੌਰ ਨੇ ਆਧੁਨਿਕਤਾ ਦੇ ਪ੍ਰੋਜੈਕਟ ਵਿਚ ਮਸ਼ੀਨ ਦੀ ਮਨੁੱਖੀ ਜੀਵਨ ਵਿਚ ਪੂਰੀ ਦਖ਼ਲਅੰਦਾਜ਼ੀ ਰਹੀ। ਇਸ ਦੌਰ ਵਿਚ ਮਸ਼ੀਨ ਨੇ ਸਵੈ ਅਤੇ ਸੰਚਾਰ ਦੇ ਪੈਰਾਡਾਇਮਜ਼ ਵਿਚ ਵੱਡੇ ਪਰਿਵਰਤਨ ਵਾਪਰੇ। ਇਨ੍ਹਾਂ ਵਿਚ ਮਾਨਵ ਕੇਂਦਰ ਵਿਚ ਰਿਹਾ। ਆਧੁਨਿਕਤਾ ਪ੍ਰਤੀ ਇਸ ਸੋਚ ਦਾ ਹੁੰਗਾਰਾ ਹਾਂਮੁਖੀ ਸੀ। ਇਸਦੇ ਉਲਟ ਇਸ ਵਿਚੋਂ ਹੀ ਵਿਗਸੇ ਉਤਰ ਆਧੁਨਿਕਤਾਵਾਦ ਨੇ ਮਾਨਵ ਕੇਂਦ੍ਰਿਤ ਸਾਰੇ ਮਹਾਬਿਰਤਾਂਤਾਂ ਨੂੰ ਰੱਦ ਕਰ ਦਿੱਤਾ। ਇਸਦਾ ਕਹਿਣਾ ਹੈ ਕਿ ਇਸ ਨਾਲ ਮਨੁੱਖੀ ਸਵੈ ਭਾਵ ਮਾਨਵੀ ਸਥਿਤੀ ਵਿਚ ਕੁਝ ਬਦਲਾਓ ਨਹੀਂ ਆਉਂਦਾ। ਇਸ ਦੇ ਮੁਕਾਬਲੇ ਉਤਰ-ਮਾਨਵਵਾਦ ਮਨੁੱਖੀ ਸਵੈ ਦੀਆਂ ਸਥਿਤੀਆਂ ਨੂੰ ਸਮਝਣ ਵਿਚ ਬਦਲਾਓ ਲਿਆਉਂਦਾ ਹੈ। ਹੁਣ ਤੱਕ ਸਵੈ ਦੀ ਸਮਝ ਮਾਨਵ ਕੇਂਦਰਿਤ ਰਹੀ। ਇਹ ਮਨੁੱਖ ਕੇਂਦਰਿਤ ਦ੍ਰਿਸ਼ਟੀਕੋਣ ਸਦੀਆਂ ਤੋਂ ਮਨੁੱਖੀ ਸੋਚ ਤੇ ਸਮਝ 'ਤੇ ਭਾਰੂ ਰਿਹਾ। ਇਹ ਗ਼ੈਰ ਮਾਨਵੀ ਜੀਵਨ ਰੂਪਾਂ ਅਤੇ ਕੁਦਰਤੀ ਯੂਨਿਟਾਂ ਨੂੰ ਮਾਨਵੀ ਹਿੱਤਾਂ ਦੇ ਦ੍ਰਿਸ਼ਟੀਕੋਣ ਤੋਂ ਦੇਖਦਾ ਹੈ। ਇਸਦੇ ਬਰਅਕਸ ਸਵੈ ਨੂੰ ਸਮਝਣ ਲਈ ਪੋਸਟ ਹਿਊਮਨਿਜ਼ਮ ਇਕ ਦਾਰਸ਼ਨਿਕ ਅਤੇ ਸਭਿਆਚਾਰਕ ਦ੍ਰਿਸ਼ਟੀਕੋਣ ਹੈ ਜੋ ਮਾਨਵੀ ਵਿਸਤਾਰਵਾਦ ਨੂੰ ਰੱਦ ਕਰਕੇ ਮਨੁੱਖ, ਮਸ਼ੀਨ, ਕੁਦਰਤ ਵਰਤਾਰਿਆਂ ਅਤੇ ਇਕਾਈਆਂ ਨੂੰ ਵਚਕਾਰ ਸੀਮਾਵਾਂ ਨੂੰ ਧੁੰਦਲਾ ਕਰਦਾ ਹੈ।

ਮਾਨਵ ਕੇਂਦਰੀਵਾਦ ਸੰਸਾਰ ਨੂੰ ਪ੍ਰਮੁੱਖ ਤੌਰ 'ਤੇ ਮਾਨਵੀ ਲੋਕਾਂ, ਇੱਛਾਵਾਂ ਅਤੇ ਕੇਂਦਰਾਂ ਕੀਮਤਾਂ ਦੇ ਲੈਂਜ਼ ਰਾਹੀਂ ਦੇਖਦਾ ਹੈ ਭਾਵ ਮਨੁੱਖ ਨੂੰ ਬ੍ਰਹਿਮੰਡ ਦੇ ਕੇਂਦਰ ਵਿਚ ਰੱਖਦਾ ਹੈ। ਇਸ ਦ੍ਰਿਸ਼ਟੀਕੋਣ ਤੋਂ ਵਾਤਾਵਰਣ ਦੇ ਵਿਨਾਸ਼, ਜੀਵਾਂ ਦੇ ਅਲੋਪ ਹੋਣ ਅਤੇ ਸਮਾਜਿਕ ਅਸਮਾਨਤਾਵਾਂ 'ਚ ਵਾਧਾ ਹੁੰਦਾ ਹੈ। ਇਸ ਲਈ ਮਾਨਵ ਕੇਂਦਰਵਾਦ ਨੂੰ ਰੱਦ ਕਰਦੇ ਪੋਸਟ ਹਿਊਮਨਿਸਟਿਕ ਦ੍ਰਿਸ਼ਟੀਕੋਣ ਤੋਂ ਮਾਨਵ ਵਿਸਤਾਰਵਾਦ ਨੂੰ ਕਾਟੇ ਹੇਠ ਰੱਖਿਆ ਜਾ ਰਿਹਾ ਹੈ। ਮਸ਼ੀਨੀ ਬੁੱਧੀਮਾਨਤਾ ਦੇ ਭਵਿੱਖਮੁਖੀ ਦ੍ਰਿਸ਼ਟੀਕੋਣ ਵਿਚ ਇਸ ਕਾਰਣ ਇਕ ਵਧੇਰੇ ਇਨਕਲਿਊਸਿਵ-ਇੰਟਰਕੁਨੈਕਟਿਡ ਵਿਸ਼ਵ ਦ੍ਰਿਸ਼ਟੀਕੋਣ ਉਭਰ ਰਿਹਾ ਹੈ। ਇਸ ਦੇ ਅੰਤਰਗਤ ਪਾਰ-ਮਾਨਵਵਾਦ ਤੇ ਉੱਤਰ ਮਾਨਵਵਾਦ ਦੇ ਵਰਗ ਦ੍ਰਿਸ਼ਟੀਕੋਣ ਰਾਹੀਂ ਮਸ਼ੀਨੀ ਬੁੱਧੀਮਾਨਤਾ (ਆਰਟੀਫੀਸ਼ੀਅਲ ਇੰਟੈਲੀਜੈਂਸ), ਐਲਗੋਰਿਦਮਜ਼, ਡਾਟਾ-ਬਿੱਗ ਡਾਟਾ ਆਦਿ ਸ਼ਾਮਿਲ ਹੋ ਕੇ 'Mind-Machine, ਜਨੈਟਿਕਿਸ ਅਤੇ ਸਾਈਬੋਰਜੀਨੇਸ਼ਨ ਆਦਿ ਰਾਹੀਂ ਸਵੈ ਅਤੇ ਸੰਚਾਰ ਦੀ ਸੰਭਾਵਨਾਵਾਂ ਨੂੰ ਸੋਚਿਆ ਅਤੇ ਉਲੀਕਿਆ ਜਾ ਰਿਹਾ। ਸੋ ਕਿਹਾ ਜਾ ਸਕਦਾ ਹੈ ਕਿ 'Mind-Machine' ਦੇ ਇੰਟਰਫੇਸ ਨੂੰ ਪੜ੍ਹਨ ਸਮਝਣ ਵਿਚੋਂ ਹੀ ਸਵੈ ਦੀ ਪਛਾਣ ਅਤੇ ਮਨੁੱਖੀ ਸੰਚਾਰ ਦੇ ਗਿਆਨ ਦਾ ਮੁਕਤੀ ਪ੍ਰਵਚਨ ਬਣ ਉਭਰੇਗਾ। ਗੁਰਬਾਣੀ 'ਚ ਗੁਰੂ ਗ੍ਰੰਥ ਸਾਹਿਬ ਵਿਚ ਅੰਗ 662 ਗੁਰੂ ਨਾਨਕ ਦੇਵ ਨੇ ਰਾਗ ਧਨਾਸਰੀ 'ਚ ਕਿਹਾ ਹੈ;

'ਪੜ੍ਹਿਐ ਬੁਝੈ ਸੋ ਪਰਵਾਣ ਜਿਸ ਸਿਰ ਦਰਗਾਹ ਕਾ ਨੀਸਾਣ'

ਭਾਵ ਮਨੁੱਖੀ ਸੱਚ ਦੇ ਹਰ ਵਰਤਾਰੇ ਨੂੰ ਪੜ੍ਹਨ ਸਮਝਣ ਅਤੇ ਬੁੱਝਣ ਨਾਲ ਪਰਵਾਨ ਚੜ੍ਹਨ ਵਿਚ ਹੀ ਮੁਕਤੀ ਸੰਭਵ ਹੈ।

**82839-48811**

## ਸੂਰਮਾ ਕਦੇ ਇਕੱਲ੍ਹਾ ਨਹੀਂ ਹੁੰਦਾ / ਪ੍ਰੋ. ਗੁਰਭਜਨ ਸਿੰਘ ਗਿੱਲ



ਸੂਰਮਾ ਕਦੇ ਇਕੱਲ੍ਹਾ ਨਹੀਂ ਹੁੰਦਾ
ਉਸ ਦੇ ਪੈਰਾਂ ਹੇਠ ਧਰਤ ਹੁੰਦੀ ਹੈ
ਕਦੇ ਨਾ ਡੋਲਣ ਵਾਲੀ
ਸਿਰ ਤੇ ਅੰਬਰ ਦਾ ਚੰਦੋਆ ਹੁੰਦਾ
ਚੰਨ ਤਾਰਿਆਂ ਜੜਤ ਸੂਰਜ ਮੰਡਲ।
ਸੂਰਮਾ ਕਦੇ ਇਕੱਲ੍ਹਾ ਨਹੀਂ ਹੁੰਦਾ।
ਉਸ ਨਾਲ ਤੁਰਦਾ ਇਤਿਹਾਸ।
ਤਪੱਸਿਆ ਦੀ ਕੁਠਾਲੀ 'ਚ
ਇਹੀ ਬਣਦਾ ਆਤਮ ਵਿਸ਼ਵਾਸ਼
ਸੂਰਮਾ ਕਦੇ ਇਕੱਲ੍ਹਾ ਨਹੀਂ ਹੁੰਦਾ।

ਇਕੱਲਾ ਤਾਂ ਉਦੋਂ ਹੁੰਦਾ ਹੈ
ਜਦ ਅੰਦਰੋਂ ਡਰ ਜਾਂਦਾ ਹੈ
ਜਿਸਮ ਤੁਰਦਾ ਹੈ
ਪਰ ਅੰਦਰੋਂ ਮਰ ਜਾਂਦਾ ਹੈ।
ਸੂਰਮਾ ਕਦੇ ਇਕੱਲ੍ਹਾ ਨਹੀਂ ਹੁੰਦਾ।

ਇਕੱਲ੍ਹੇ ਜਣੇ ਦਾ ਸੀਸ
ਤਲੀ ਤੇ ਕਦੇ ਨਹੀਂ ਟਿਕਦਾ।
ਇਕੱਲ੍ਹਾ ਬੰਦਾ ਤਾਂ
ਨਿੱਕੀਆਂ ਲੋੜਾਂ ਲਈ ਵਿਕਦਾ।

ਵਿਕਾਊ ਮਾਲ
ਯੁੱਧ ਵਿੱਚ ਨਹੀਂ ਮੰਡੀ ਵਿੱਚ ਜਾਂਦੇ,
ਵਿਕਦੇ ਤੁਲਦੇ।
ਫ਼ਰਜ਼ ਵਿਸਾਰ ਕੌਡੀਆਂ ਤੇ ਡੁੱਲ੍ਹਦੇ।
ਸੱਚ ਦਾ ਮਾਰਗ ਜਿਹੜੇ ਭੁੱਲਦੇ।
ਆਪਣੀ ਨਜਰ 'ਚ ਆਪੇ ਰੁਲ਼ਦੇ।
ਸੂਰਮਾ ਕਦੇ ਇਕੱਲ੍ਹਾ ਨਹੀਂ ਹੁੰਦਾ।

ਸੂਰਮਾ ਹਮੇਸ਼ ਹਿੱਕ ਤਾਣ ਖੜ੍ਹਦਾ।
ਸਦਾ ਵਿਸ਼ਵਾਸ਼ ਦੇ ਲਈ
ਹਰ ਜਗ੍ਹਾ ਅੜਦਾ।
ਪੈਂਤੜੇ ਬਗੈਰ
ਐਵੇਂ ਅੰਨ੍ਹਾ ਹੋ ਨਹੀਂ ਲੜਦਾ।
ਓਸ ਨਾਲ ਗੁਰੂ,
ਅੱਗੇ ਜੋ ਵੀ ਆਵੇ ਝੜਦਾ।
ਸਿਮਰੇ ਭਗੌਤੀ ਉਹ
ਮੁਹਿੰਮੀਂ ਜਦੋਂ ਚੜ੍ਹਦਾ।
ਸੂਰਮਾ ਕਦੇ ਇਕੱਲ੍ਹਾ ਨਹੀਂ ਹੁੰਦਾ।

ਸੂਰਮੇ ਦਾ ਨਿਸ਼ਚਾ
ਜਿੱਤ ਵੱਲ ਕਦਮ ਪੁੱਟਦਾ।
ਹਾਰਦਾ ਨਾ ਹੁੱਟਦਾ,
ਕਰੜਾ ਯਕੀਨ ਉਹਦਾ
ਕਦੇ ਵੀ ਨਾ ਟੁੱਟਦਾ।
ਕੌਣ ਕਹਿੰਦਾ ਹੈ?
ਸੂਰਮਾ ਕਦੇ ਵੀ
ਕਿਤੇ ਵੀ ਇਕੱਲ੍ਹਾ ਨਹੀਂ ਹੁੰਦਾ

ਸੂਰਮੇ ਦੀ ਤੇਗ ਦੀ ਧਾਰ
ਜਦ ਕਦੇ ਰਣ 'ਚ ਲਿਸ਼ਕਦੀ ਹੈ
ਬਿਜਲੀ ਤ੍ਰਭਕਦੀ ਹੈ
ਸੂਰਜ ਦੇਵੇ ਥਾਪੜਾ
ਤੇ ਇੰਜ ਕਹੇ!
ਤੇਰੇ ਅੰਗ ਸੰਗ ਹਾਂ ਯੋਧਿਆ
ਹਨ੍ਹੇਰ ਨੂੰ ਟੱਕਰ,
ਮੈਂ ਹੁਣੇ ਆਇਆ।
ਸਰਹੰਦ ਤੇ ਚਮਕੌਰ ਜਗਾ ਦੇ
ਕਰ ਕੇ ਹੱਲਾ ਭਾਰਾ ਓ ਸਿਰਦਾਰਾ।
ਹੱਕ ਸੱਚ ਤੇ ਇਨਸਾਫ਼ ਲਈ ਤੂੰ
ਬਣ ਦਸਮੇਸ਼ ਦੁਲਾਰਾ।
ਕੌਣ ਕਹਿੰਦਾ?
ਸੂਰਮਾ ਇਕੱਲ੍ਹਾ ਰਹਿ ਜਾਂਦਾ ਹੈ।
ਸੂਰਮਾ ਕਦੇ ਇਕੱਲ੍ਹਾ ਨਹੀਂ ਹੁੰਦਾ।

ਅਣਖ਼ ਦੀ ਰੋਟੀ
ਕਣਕ ਤੋਂ ਕਿਤੇ ਸਵਾਦਲੀ
ਪਰ ਵਿਰਲਿਆਂ ਨੂੰ
ਇਸ ਦੀ ਸ਼ਲਾਸ ਹੁੰਦੀ ਹੈ।
ਇਕੱਲ੍ਹੀ ਸਿਰਫ਼ ਲਾਸ਼ ਹੁੰਦੀ ਹੈ।

## ਹਿਮ ਯੁਗ

ਬੁਝੀ ਸੁਆਹ
ਜਿਉਂ ਗਿੱਲੇ, ਸੀਤ, ਭੂਰੇ
ਤੇ ਗੰਧਲੇ ਸ਼ੀਸ਼ੇ ਜਿਹੇ ਮੈਲ਼ੇ
ਇਹੀ ਦਿਨ ਹੁੰਦੇ
ਕਿ ਯੁਗਾਂ ਪਹਿਲਾਂ
ਗਰਮ ਪ੍ਰਦੇਸ਼ਾਂ ਤੋਂ
ਆਏ ਉਹਦੇ
ਆਦਿ-ਪੁਰਖਿਆਂ ਵਾਲੇ
ਹੱਡਾਂ ਅੰਦਰ
ਯਾਦ ਹਿਮ ਯੁਗੀ
ਖਿੱਤਿਆਂ ਦੀ ਪਰਤ ਆਉਂਦੀ
ਤੇ ਰਜਾਈਆਂ-ਕੰਬਲਾਂ ਹੇਠ
ਅੰਗੀਠੀਆਂ ਕੋਲ ਵੀ
ਬਿਮਾਰ,
ਮੇਰੇ ਬਿਰਧ ਪਿਤਾ ਦੀ
ਕਦੇ ਠਾਰ
ਨਹੀਂ ਸੀ ਭੱਜਦੀ
ਇਹੋ ਦਿਨ ਹੁੰਦੇ
ਜਦੋਂ ਪਿੰਡ 'ਚ ਕੁਝ ਬੰਦੇ
ਰਜਾਈ ਦੀ ਹੀ ਬੁੱਕਲ ਮਾਰ
ਆ ਧੂਣੀ ਦੁਆਲੇ ਜੁੜਦੇ
ਤੇ ਸਕੂਲ ਜਾਂਦੇ
ਪੇਂਡੂ ਬੱਚਿਆਂ ਦੇ
ਫਟੇ ਫਲੀਟ-ਬੂਟਾਂ
ਅੰਦਰ ਗਿੱਲੇ ਪੋਟੇ
ਅਸੰਖ ਸੂਈ-ਚੋਭਾਂ ਨਾਲ ਦੁਖਦੇ
ਇਹੋ ਦਿਨ ਹੁੰਦੇ
ਜਦੋਂ ਗੁਫਾਵਾਂ-ਕੰਦਰਾਂ
ਬੰਦੇ ਸੜਕਾਂ ਦੇ ਵਾਸੀ, ਕਤੂਰੇ
ਗਲੀਆਂ ਦੇ
'ਮੈਮਥ', ਸੂਈ,
ਨੱਕਾ ਸੂਈ ਦਾ
ਭੇੜੀਏ ਤੇ ਜੱਤਲ
ਖੱਲ ਭੇੜੀਆਂ ਦੀ
ਸਿਮਰਤੀ 'ਚ ਪਰਤਦੇ
ਪੋਹ ਦੇ ਇਹੋ ਦਿਨ ਹੁੰਦੇ
ਕਿ ਸਦੀਆਂ ਪਹਿਲਾਂ ਦਾ



ਬੁਰਜ ਇਕ
ਕੱਕਰ, ਤੇ
ਹੱਡ ਸੀਤ ਕਰਦੀਆਂ
ਕੁਝ ਰਾਤਾਂ ਦੇ
ਅਮਿੱਟ ਛਾਪੇ
ਲਹੂ ਅੰਦਰ ਪਿਛਲੀ
ਵਾਰ ਤੋਂ ਵੱਧ ਗੂੜ੍ਹੇ
ਪੋਰ-ਪੋਰ ਕੰਬਾਉਂਦੇ।

## ਪੋਹ ਦੀ ਇਕ ਸੁਬ੍ਹਾ

ਸਕੂਲੀ ਛੁੱਟੀਆਂ ਵਾਲੀ
ਪੋਹ ਦੀ ਧੁੰਦ-ਸਫੈਦ ਇਕ ਸੁਬ੍ਹਾ
ਜਦੋਂ ਕਿ ਸੜਕਾਂ
ਅਜੇ ਠਰੀਆਂ
ਸਿੱਲ੍ਹੀਆਂ ਤੇ
ਸੁੱਤ-ਉਣੀਂਦੀਆਂ
ਕੱਚੀ ਮੱਟੀ-ਕਣਕਾਂ
ਦੀਆਂ ਪੱਤੀਆਂ
ਤ੍ਰੇਲ ਦੇ ਭਾਰੀ
ਤੁਪਕਿਆਂ ਨਾਲ ਲਿਫੀਆਂ
ਅਤਿ ਸੀਤ
ਪੌਣ 'ਚ
ਬੇਮਲੂਮ ਹਿੱਲਦੀਆਂ
ਮੈਂ ਰਜਾਈ ਦੇ ਨਰਮ
ਨ੍ਹੇਰ 'ਚ ਲਿਪਟਿਆ
ਕੋਲ ਸੁੱਤੀ ਪਤਨੀ ਦੇ ਸ਼ਾਂਤ ਸਾਵੇਂ
ਸਾਹ ਸੁਣਦਾ ਹਾਂ: ਅੰਦਰ ਜਾਂਦਾ
ਉੱਚ-ਸੁਰਾ ਤੇ ਲੰਮਾ
ਬਾਹਰ ਆਉਂਦਾ
ਸੰਖੇਪ ਤੇ ਧੀਮਾ -
ਇਹ ਧਰਤੀ ਦੇ ਪ੍ਰਥਮ ਸਾਹ ਦੀ
ਲਗਾਤਾਰਤਾ ਹੈ
ਇਹ ਬ੍ਰਹਿਮੰਡੀ ਘੜੀ ਦੀਆਂ
ਅਜ਼ਲ-ਪੁਰਾਤਨ ਸੂਈਆਂ ਨੇ
ਜਾਗਦਾ ਮੈਂ
ਉਹਦੇ ਸੁੱਤੀ ਦੇ
ਸਾਹ ਨਾਲ ਆਪਣੇ
ਸਾਹ ਦੀ
ਕਦਮਤਾਲ ਮਿਲਾਉਣ
ਦੀ ਕਰਦਾ ਹਾਂ
ਪਰ ਕਦੇ ਅੱਗੇ ਨਿਕਲ ਜਾਂਦਾ
ਕਦੇ ਪਿੱਛੇ ਰਹਿ ਜਾਂਦਾ
ਉੱਖੜ ਜਾਂਦਾ ਹਾਂ
ਕਿ 'ਚਾਨਕ
ਸਦੀਆਂ ਪਹਿਲਾਂ ਦੀਆਂ ਕੁਝ
ਪੋਹ ਦੀਆਂ ਰਾਤਾਂ
ਯਾਦ ਆਉਂਦੀਆਂ -
ਨਿੱਘੀ ਰਜਾਈ ਵਿਚ ਵੀ
ਸਰੀਰ 'ਚ ਠੰਢੀ
ਝੁਣਝੁਣੀ ਫਿਰ ਜਾਂਦੀ ਹੈ


## ਫ਼ਿਕਰ

ਉਮਡ ਉਮਡ ਕੇ ਕਾਲੇ ਘਣੇ
ਭਰੇ ਭਾਰੇ ਘਣਹਰ ਚੜ੍ਹੇ
ਛਰਲ ਛਾਂਅ ... ਛਰਲ ਛਾਂਅ
ਮੀਂਹ ਵਰ੍ਹਦਾ ਪਿਆ

ਹਵਾ ਨਿਰਮਲ ਹੋਈ
ਰੁੱਖ ਨਿਖਰ ਰਹੇ
ਤੇਹ ਧਰਤੀ ਦੀ ਬੁੱਝਦੀ ਪਈ

ਤੇ ਮੈਂ ਹਾਂ
ਕਿ ਫ਼ਿਕਰ ਔੜਾਂ ਦੀ
ਲਾ ਵੀ ਲਈ।

# ਕਵਿਤਾਵਾਂ / ਗੁਰਚਰਨ ਸੱਗੂ



## ਜਦੋਂ ਸੋਚਣ ਲੱਗਦਾਂ

ਬੈਠਾ ਹਾਂ
ਕਿੱਥੇ
ਕੁੱਝ ਪਤਾ ਨਹੀਂ
ਆਪਣੇ ਆਪ ਤੋਂ ਕੋਹਾਂ ਦੂਰ
ਆਕਾਸ਼ ਦੇ ਕਿਸੇ ਦੂਰ ਦੁਰਾਡੇ
ਕੋਨੇ ਅੰਦਰ ਅੰਤਰ ਧਿਆਨ
ਬ੍ਰਿਹਮੰਡ ਦੇ ਹਰ ਕਣ ਨਾਲ
ਮੈਂ ਉਹਨਾਂ ਸੰਗ ਘੁੰਮ ਰਿਹਾਂ

ਇੱਕ ਸੋਚ ਉਤਰਦੀ
ਮੈਂ ਕੀ ਹਾਂ
ਪੱਥਰ
ਮੋਮ
ਜਾਂ ਫੁੱਲ

ਜੇ ਪੱਥਰ ਹੋਵਾਂ
ਸਿਰ ਵੱਜੇਗਾ
ਮੋਮ ਹੋਵਾਂ ਤਾਂ
ਪਿਘਲ ਜਾਵਾਂਗਾ
ਧਰਤੀ ਤੇ ਵਿਛ ਜਾਵਾਂਗਾ
ਪੈਰੀਂ ਮਿੱਧਿਆ ਜਾਵਾਂਗਾ

ਜੇ ਫੁੱਲ ਹਾਂ
ਤਾਂ ਕਿਸੇ ਜਗ੍ਹਾ
ਧਰਿਆ ਜਾਵਾਂਗਾ

ਜਨਮ
ਸੁਹਾਗ
ਮੰਦਰ, ਦਰਗਾਹਾਂ
ਜਾਂ ਕਬਰਸਤਾਨ
ਜਿੱਥੇ ਵੀ ਹੋਵਾਂਗਾ
ਪੈਰਾਂ ਥੱਲੇ
ਮਿੱਧਿਆ ਨਹੀਂ ਜਾਵਾਂਗਾ
ਇੱਕ ਤਾਰਾ ਬਣ ਜਾਵਾਂਗਾ।

## ਉੱਡਣੇ ਕਬੂਤਰ

ਖੰਡਰਾਤ, ਘੁਣ ਖ਼ਾਧੇ
ਬੂਹੇ ਬਾਰੀਆਂ ਰੋਸ਼ਨਦਾਨ
ਜੰਗ ਨਾਲ ਤਿੜਕੇ
ਲੋਹੇ ਦੇ ਵੱਡੇ ਗੇਟ
ਕੋਠੀ ਦੇ ਅੱਗੇ ਲੱਗੇ

ਤਾਲਿਆਂ ਦੀਆਂ ਮੋਰੀਆਂ
ਕੀੜੀਆਂ ਆਪਣੇ ਘਰ ਬਣਾਏ
ਕੁੰਜੀਆਂ ਕਿੱਥੇ ਗਈਆਂ
ਗਿਰਝਾਂ ਉੱਡ ਰਹੀਆਂ
ਕੋਠੀ ਦੇ ਉੱਪਰ

ਵਲੈਤੀਆਂ ਦੀ ਕੋਠੀ ਦਾ
ਸਾਹ ਘੁੱਟਿਆ
ਮਾਲਕਾਂ ਦੇ ਪੈਰਾਂ ਦੀ ਪੈੜ
ਵੇਖ਼ਣ ਲਈ ਕੋਠੀ ਤਰਸਦੀ
ਵਧੀਆ ਪੱਥਰਾਂ ਨਾਲ
ਬਣਾਈ ਕਿਚਨ ਵਿੱਚ
ਗੈਸ ਕੁੱਕਰ ਉਡੀਕਦਾ
ਕੋਈ ਘਰ ਦੀ ਸੁਆਣੀ ਆ ਕੇ
ਮੈਨੂੰ ਤੀਲੀ ਲਾਵੇ
ਤੇ ਮੈਂ ਘਰ ਵਿੱਚ ਲੰਗਰ ਲਾ ਦੇਵਾਂ

ਬੜੇ ਹੀ ਚਾਵਾਂ ਨਾਲ ਖ਼ਰੀਦੀ
ਨਵੀਂ ਕਾਰ ਉਡੀਕਦੀ
ਕੋਈ ਆ ਕੇ ਮੇਰਾ
ਸਟੇਰਿੰਗ ਵੀਲ੍ਹ ਫੜੇ
ਮੈਨੂੰ ਸੜਕਾਂ ਤੇ ਘੁਮਾਵੇ
ਤੇ ਮੈਨੂੰ ਵੀ ਸਾਹ ਆਵੇ
ਮੈਂ ਸੋਚਦੀ
ਮੇਰੇ ਮਾਲਕ ਕਿੱਥੇ ਗਏ
ਸਾਲ ਲੰਘਦਾ

ਨਵੀਂ ਕਾਰ ਉੱਪਰੋਂ
ਦਾਗਾਂ ਨਾਲ
ਭਰਿਆ ਗਲਾਫ਼
ਲਾਹਿਆ ਜਾਂਦਾ
ਧੂੜ ਉੱਡਦੀ
ਸਟਾਰਟ ਕਰਨ ਲਈ
ਬੈਟਰੀ ਕੁਨੈਕਸ਼ਨ
ਲੱਗ ਜਾਂਦਾ


ਹਰ ਸਾਲ ਇੰਜ ਹੀ ਹੁੰਦਾ
ਰੋਸ਼ਨਦਾਨਾਂ ਵਿੱਚੋਂ
ਕਬੂਤਰ ਉੱਡਦੇ
ਸਫਾਈਆਂ ਹੁੰਦੀਆਂ
ਬਿੱਠਾਂ ਹੂੰਝੀਆਂ ਜਾਂਦੀਆਂ
ਕਲੀ ਕਰਾਈ ਜਾਂਦੀ

ਕਬੂਤਰ ਪਰੇਸ਼ਾਨ ਹੁੰਦੇ
ਅੱਖਾਂ ਝਪਕਦੇ ਸੋਚਦੇ
ਇਹ ਕੌਣ ਆ ਗਏ ਨੇ
ਸਾਡੇ ਵਸਦੇ
ਘਰ ਉਜਾੜਨ ਲਈ

ਪਰੇਸ਼ਾਨ ਹੋਏ
ਬੋਟਾਂ ਨੂੰ ਚੁੰਝਾਂ ਵਿੱਚ ਲੈਂਦੇ
ਉੱਡਕੇ ਸਾਹਮਣੇ
ਉੱਚੇ ਰੁੱਖ਼ ਉੱਪਰ
ਜਾ ਕੇ ਬੈਠ ਜਾਂਦੇ

ਤੇ ਨਵੇਂ ਆਏ ਕਬੂਤਰਾਂ ਦੇ
ਉੱਡਣ ਦੀ ਉਡੀਕ ਕਰਦੇ।

ਉਹ ਪੰਜ ਜਣੇ ਸਨ, ਹਰਜਿੰਦਰ ਦੇ ਸਹਿ-ਕਰਮੀ। ਤਿੰਨ ਮਰਦ ਦੋ ਇਸਤਰੀਆਂ। ਪੁਰਾਣੇ ਸਟਾਫ਼ ਚੋਂ। ਨਵੇਂ ਅਧਿਆਪਕ ਪੁਰਾਣਿਆਂ ਨਾਲ ਬਹੁਤਾ ਵਾਹ-ਵਾਸਤਾ ਨਹੀਂ ਸੀ ਰੱਖਦੇ। ਆਪਣੇ ਹੀ ਮੋਬਾਇਲੀ ਰੰਗ 'ਚ ਰੰਗੇ ਹੋਏ ਰਹਿੰਦੇ। ਉਂਜ ਵੀ ਉਹ ਸਰ-ਜੀ, ਮੈਡਮ-ਜੀ ਸਨ ਇਕ ਦੂਜੇ ਲਈ। ਪਹਿਲੇ ਸਟਾਫ਼ ਵਾਂਗ ਭਰਾ-ਜੀ, ਭੈਣ-ਜੀ ਨਹੀਂ। ਪੁਰਾਣਾ ਜੁੱਟ ਪੂਰਾ ਗਹਿ-ਗੱਚ ਰਹਿੰਦਾ ਸੀ ਇਕ ਦੂਜੇ ਦੇ ਦੁੱਖ-ਸੁੱਖ, ਘਰ-ਬਾਹਰ, ਬਾਲ-ਬੱਚਿਆਂ ਨਾਲ। ਹੁਣ ਵੀ ਉਹ ਬੜੀ ਅਪਣੱਤ ਨਾਲ ਬਰਾਂਡੇ 'ਚ ਵਿਛੀ ਦਰੀ 'ਤੇ ਘਰ ਬੈਠੇ ਸਨ। ਰਾਜਦੀਪ ਲਾਗੇ, ਗੋਲ ਦਾਇਰਾ ਜਿਹਾ ਬਣਾ ਕੇ। ਮਰਦ ਚੁੱਪ-ਚਾਪ, ਇਸਤਰੀਆਂ ਰੋਣ ਵਰਗਾ ਡੂੰਘਾ ਹਉਕਾ ਭਰਦੀਆਂ।



ਘੜੀ ਪਲ ਪਿੱਛੋਂ ਦੇਵ ਮਾਸਟਰ ਨੇ ਪਹਿਲ ਕੀਤੀ। ਪੂਰਾ ਨਾਮ ਗੁਰਦੇਵ ਸਿੰਘ ਸੀ ਉਸਦਾ-"ਕੀ ਗੱਲ ਹੋਈ ਜਿੰਦਰ ਭੈਣ ਜੀ ਨੂੰ" ਰਾਜਦੀਪ ਨੇ ਰਟੀ-ਰਟਾਈ ਅਬਾਰਤ ਉਸ ਸਮੇਤ ਸਭ ਅੱਗੇ ਢੇਰੀ ਕਰ ਦਿੱਤੀ-"ਹੋਣਾ ਕੀ ਸੀ, ਥੋੜ੍ਹੇ ਕੁ ਸਾਲ ਪਹਿਲਾਂ ਐਸੇ ਈ ਬਰਾਂਡੇ 'ਚ ਸ਼ਾਮ ਜਿਹੀ ਨੂੰ ਮੰਜੇ 'ਤੇ ਬੈਠਣ ਲੱਗੀ ਉਹ ਹੇਠਾਂ ਡਿੱਗ ਪਈ। ਅਸੀਂ ਰਲ-ਮਿਲ ਕੇ ਉਸ ਨੂੰ ਮੰਜੇ 'ਤੇ ਬੈਠਦਾ ਤਾਂ ਕਰ ਦਿੱਤਾ, ਪਰ ਉਸ ਤੋਂ ਹਿੱਲਿਆ-ਤੁਰਿਆ ਨਾ ਗਿਆ। ਕਰੀਬ ਦਸ ਦਿਨ ਲੰਘ ਗਏ। ਹੈਰਾਨੀ ਇਸ ਗੱਲ ਦੀ, ਉਹਨੂੰ ਕੋਈ ਦਰਦ ਮਹਿਸੂਸ ਨਾ ਹੋਇਆ। ਇੱਕ ਲੱਤ ਨੀਲੀ ਪੈ ਗਈ। ਨੇੜੇ-ਲਾਗੇ ਦਾ ਕੋਈ ਡਾਕਟਰ ਹੱਥ ਨਾ ਪਾਏ। ਆਖ਼ਿਰ ਜਲੰਧਰ ਸ਼ਹਿਰ ਦੇ ਇੱਕ ਸਰਜਨ ਨੇ ਹਿੰਮਤ ਕੀਤੀ। ਰੰਗੋ-ਬੇਰੰਗ ਹੋਈ ਲੱਤ ਦੀ ਲੰਮੀ-ਚੌੜੀ ਚੀਰ-ਫਾੜ ਕਰਕੇ ਠੀਕ ਜਿਹੀ ਕਰ ਲਈ, ਤੇ ਗੋਡਿਓਂ ਟੁੱਟਿਆਂ ਪੱਟ ਪਲੇਟ-ਪਲਸਤਰ ਲਾ ਕੇ ਜੁੜਦਾ ਵੀ ਕਰ ਲਿਆ। ਪਰ ਮਹੀਨੇ ਕੁ ਪਿੱਛੋਂ ਖੁੱਲ੍ਹੇ ਪਲਸਤਰ ਤੇ ਹਾਲ ਫਿਰ ਉਵੇਂ ਦਾ ਉਵੇਂ। ਤੁਰਿਆ ਫਿਰ ਨਾ ਗਿਆ। ਅਸੀਂ ਕਈ ਸਾਰੇ ਮਾਲਸ਼ੀ-ਕਸਰਤੀ ਉਪਾਅ ਵੀ ਕੀਤੇ। ਸਭ ਵਿਅਰਥ। ਆਖ਼ਿਰ ਉਹ ਵੀਲ-ਚੇਅਰ ਤੱਕ ਸੀਮਤ ਹੋ ਗਈ।

ਇਉਂ ਬੈਠੀ ਨੂੰ ਆਉਂਦੇ-ਜਾਂਦੇ ਦੇਖਦੇ ਹੀ ਰਹੇ ਉਹ। ਕਿੱਥੇ ਇਸਤਰੀ ਵਰਗ ਦੇ ਸਿਖਰਲੇ ਘੋਲਾਂ ਦੀ ਅਗਵਾਈ ਵਰਗਾ ਯੋਗਦਾਨ, ਕਿੱਥੇ ਵੀਲ੍ਹ-ਚੇਅਰ ਦੀ ਕੈਦ। ਨਾਂ ਡਾਂਗਾ ਸੋਟੀਆਂ ਦਾ ਡਰ ਨਾ ਫੜੋ ਫੜਾਈ ਦਾ ਭੈਅ। ਹੁਣ ਨਵੀਂ ਮੁਸੀਬਤ ਇਹ ਬਣੀ ਕਿ ਸੀਮਤ ਦਾਇਰੇ 'ਚ ਵਿਚਰਦੀ ਉਹ ਹੋਰ ਤੋਂ ਹੋਰ ਨਵੇਂ ਤੋਂ ਨਵੇਂ ਰੋਗਾਂ 'ਚ ਘਿਰਦੀ ਗਈ। ਸਭ ਤੋਂ ਵੱਡਾ ਰੋਗ ਸਾਨੂੰ ਡੀਪਰੈਸ਼ਨ ਜਾਪਦਾ। ਕਿੰਨਾ-ਕਿੰਨਾ ਚਿਰ ਚੁੱਪ, ਜੇ ਬੋਲਣ ਲੱਗਣਾ ਤਾਂ ਬੋਲੀ ਜਾਣਾ। ਬਿਨਾਂ ਹੁੰਗਾਰਾ ਉਡੀਕੇ। ਐਉਂ ਲੱਗਦਾ ਸੀ, ਨਾ ਉਸਦੀ ਸੂਝ-ਬੂਝ ਠੀਕ ਤਰ੍ਹਾਂ ਕੰਮ ਕਰਦੀ ਐ, ਨਾ ਦਿਲ-ਦਿਮਾਗ। ਫਿਰ ਉਸਨੂੰ ਅਜੀਬ ਤਰ੍ਹਾਂ ਦੇ ਦੌਰੇ ਪੈਣ ਲੱਗ ਪਏ। ਡਾਕਟਰ ਕਹਿਣ ਇਸਦਾ ਕੁਝ ਖਾਸ ਇਸ ਤੋਂ ਖੋਹ ਲਿਆ ਗਿਆ ਹੈ ਜਾਂ ਖਿਸਕ ਗਿਆ ਹੈ। ਅਸੀਂ ਮੁੜ ਵੱਖਰੀ ਤਰ੍ਹਾਂ ਦੇ ਡਾਕਟਰੀ ਸ਼ਿਕੰਜੇ 'ਚ ਫਸ ਗਏ। ਇੱਕ ਤੋਂ ਇੱਕ ਮਹਿੰਗੀ ਤੇ ਬਦਲਵੀਂ ਦੁਆਈ। ਚਾਰ-ਪੰਜ ਸਾਲ ਇਹ ਦੁਆਈ ਚੱਕਰ ਚੱਲਦਾ ਰਿਹਾ, ਠੀਕ ਹੋਣ ਦੀ ਥਾਂ ਉਹ ਸਗੋਂ ਨਿਢਾਲ ਹੁੰਦੀ ਗਈ।"

ਇਸ ਤੋਂ ਅਗਲਾ ਪੜਾਅ ਦੱਸਣ ਲੱਗੇ ਰਾਜਦੀਪ ਨੂੰ ਜਿਵੇਂ ਸਾਹ ਚੜ੍ਹ ਗਿਆ ਹੋਵੇ। ਕਿੰਨਾ ਹੀ ਚਿਰ ਚੁੱਪ ਰਹਿਣ ਪਿੱਛੋਂ ਉਸਦੇ ਟੁੱਟਵੇਂ ਜਿਹੇ ਬੋਲ ਦੱਸ ਰਹੇ ਸਨ -"ਦੋ ਕੁ ਮਹੀਨੇ ਤੋਂ ਤਾਂ ਉਸਦਾ ਖਾਣ-ਪੀਣ ਕਰੀਬ ਕਰੀਬ ਬੰਦ ਹੀ ਹੋ ਗਿਆ ਸੀ। ਨਾ ਦੁਆਈ ਅੰਦਰ ਲੰਘਦੀ ਨਾ ਕੋਈ ਤਰਲ ਖੁਰਾਕ। ਉਹ ਜਦ ਵੀ ਸੁਰਤ ਕਰਦੀ, ਸਾਨੂੰ ਇੱਕੋ ਇੱਕ ਝੋਰਾ ਸੁਣਾਈ ਦਿੰਦਾ ਸੀ ਉਸਦੇ ਮੂੰਹੋਂ "ਮੈਂ ਸਾਰੀ ਉਮਰ ਕਿਸੇ ਦਾ ਕੁਝ ਨਹੀਂ ਵਿਗਾੜਿਆ। ਕਿਸੇ ਨੂੰ ਤੰਗ-ਪ੍ਰੇਸ਼ਾਨ ਤੱਕ ਨਹੀਂ ਕੀਤਾ। ਘਰ ਦੇ, ਬਾਹਰ ਦੇ ਕਿਸੇ ਜੀਅ ਨੂੰ ਵੀ। ਫਿਰ ਮੈਨੂੰ ਐਡੀ ਵੱਡੀ ਸਜ਼ਾ ਕਾਹਤੋਂ ਭੁਗਤਣੀ ਪੈ ਰਹੀ ਐ"

ਇਸ ਦਾ ਜੁਆਬ ਨਾ ਸਾਡੇ ਕੋਲ ਸੀ, ਨਾ ਕਿਸੇ ਹੋਰ ਸਿਆਣੇ ਕੋਲ। ਲਾਚਾਰ ਹੋਏ ਅਸੀਂ ਕਿਸੇ ਚੰਗੇ ਗਿਣ ਹੁੰਦੇ ਹਸਪਤਾਲ ਡੀ. ਐਮ. ਸੀ. ਲੈ ਗਏ। ਉਹਨਾਂ ਵੀ ਦਸੀਂ ਕੁ ਦਿਨੀਂ ਹੱਥ ਖੜ੍ਹੇ ਕਰ ਦਿੱਤੇ। ਆਖਿਰ.....।"

'ਆਖਿਰ' ਤੋਂ ਅੱਗੇ ਰਾਜਦੀਪ ਦੀ ਘਿੱਗੀ ਹੀ ਬੱਝ ਗਈ।

ਇਸ ਘਿੱਗੀ ਦਾ ਕਾਰਨ ਸ਼ਾਇਦ ਇਹ ਵੀ ਹੋਵੇ, ਕਿ ਇਸ ਵਾਰ ਉਸਦੇ ਬੋਲ ਬੇਹੱਦ ਉਲਾਮੇ-ਦਾਰ ਸੁਰ 'ਚ ਤਬਦੀਲ ਹੋ ਗਏ ਸਨ। ਉਹ ਆਖ ਰਿਹਾ ਸੀ,"ਇਹ ਨਿੱਜੀ ਖੇਤਰਾਂ ਦੇ ਛੋਟੇ-ਵੱਡੇ ਹਸਪਤਾਲੀ ਅਦਾਰੇ ਮਰੀਜ਼ਾਂ ਦੇ ਸਾਹਾਂ ਦੀ ਪੈਰਵੀ ਕਰਨ ਨਾਲੋਂ ਆਪਣੇ ਮਾਲਕਾਂ ਦੀ ਚਿੰਤਾ ਵੱਧ ਕਰਦੇ ਆ। ਉਹਨਾਂ ਦੇ ਮੁਨਾਫ਼ੇ ਦਾ ਵੱਧ ਫ਼ਿਕਰ ਕਰਦੇ ਆ। ਸਾਡੇ ਸਾਰੇ ਟੱਬਰ ਦੀ ਕਈ ਸਾਲਾਂ ਦੀ ਖੱਜਲ-ਖੁਆਰੀ ਪੱਕੀ ਗਵਾਹ ਹੈ ਇਸਦੀ।"

ਜ਼ਰਾ ਕੁ ਸਾਹ ਸੌਖਾ ਕਰਦੇ ਨੇ ਉਸਨੇ ਇਕ ਵਿਵੇਕ-ਪੂਰਨ ਵਿਚਾਰ ਵੀ ਨਾਲ ਹੀ ਜੋੜ ਦਿੱਤਾ- "ਅਸਲ 'ਚ ਇਸ ਤਰ੍ਹਾਂ ਦੀ ਇਲਾਜ-ਪ੍ਰਣਾਲੀ ਦੇ ਢਕਵੰਜ ਲਈ ਉਸਾਰੇ ਛੋਟੇ-ਵੱਡੇ ਹਸਪਤਾਲ, ਡਾਕਟਰੀ ਕਾਲਜ, ਯੂਨੀਵਰਸਿਟੀਆਂ ਸਾਰੇ ਮੁਲਕ ਦੇ ਹਰ ਖੇਤਰ ਵਿਚ ਲਗਾਤਾਰ ਪੱਸਰਦੇ ਜਾ ਰਹੇ ਕਾਰਪੋਰੇਟੀ ਪਾਸਾਰ ਦਾ ਹੀ ਇਕ ਮੁਨਾਫ਼ਾ-ਖੇਤਰ ਐ। ਇਹ

ਮਨੁੱਖ ਨੂੰ, ਮਰੀਜ਼ ਦੇ ਸਰੀਰ ਨੂੰ ਇਕ ਵਸਤੂ, ਇਕ ਪਦਾਰਥ ਤੋਂ ਵੱਧ ਕੋਈ ਅਹਿਮੀਅਤ ਨਹੀਂ ਦਿੰਦਾ। ਇਸ ਨੂੰ ਮਨੁੱਖ ਦੇ ਜਜ਼ਬਿਆਂ, ਸੱਧਰਾਂ, ਅਰਮਾਨਾਂ ਦੇ ਮਿੱਧੇ-ਮਧੋਲੇ ਜਾਣ ਨਾਲ ਕੋਈ ਵਾਹ-ਵਾਸਤਾ ਨਈਂ।"

ਰਾਜਦੀਪ ਨੇ ਆਪਣੇ ਅੰਦਰਲਾ ਉਬਾਲ ਬਿਨਾਂ ਰੁਕੇ ਬਿਆਨ ਕੇ ਆਪਣੇ ਆਸ-ਪਾਸ ਦੇਖਿਆ।

ਉਸਦੇ ਸੱਜੇ ਹੱਥ ਬੈਠੇ ਮਰਦ ਅਧਿਆਪਕ ਪੂਰੀ ਤਰ੍ਹਾਂ ਉਦਾਸ ਸਨ ਤੇ ਖੱਬੇ ਪਾਸੇ ਬੈਠੀਆਂ ਇਸਤਰੀਆਂ ਤਾਂ ਜਿਵੇਂ ਡੁਸਕਣ ਹੀ ਲੱਗ ਪਈਆਂ ਸਨ।

ਫਿਰ ਕਿੰਨਾ ਹੀ ਚਿਰ ਉਦਾਸੀ ਭਰੀ ਚੁੱਪ ਵਿਛੇ ਸੱਥਰ 'ਤੇ ਛਾਈ ਰਹੀ।

ਘੜੀ-ਦੋ-ਘੜੀਆਂ ਪਿੱਛੋਂ ਇਸ ਨੂੰ ਇਸ ਵਾਰ ਸੀਤਲ ਕੌਰ ਭੈਣ ਜੀ ਨੇ ਤੋੜਿਆ ਸੀ-"ਜੋ ਹੋਣਾ ਸੀ, ਉਹ ਤਾਂ ਹੁਣ ਹੋ ਗਿਆ। ਤੁਸੀਂ ਹੌਂਸਲਾ ਰੱਖੋ ਵੱਡੇ ਭਾਅ ਜੀ।" ਉਮਰੋਂ ਵੱਡਾ ਹੋਣ ਕਰਕੇ ਰਾਜਦੀਪ ਉਹਨਾਂ ਲਈ ਵੱਡਾ ਭਾਅ ਹੀ ਸੀ -"ਤੁਸੀਂ ਤਾਂ ਸਗੋਂ ਹੋਰਨਾਂ ਨੂੰ ਪੈਰਾਂ ਸਿਰ ਖੜ੍ਹਾ ਕਰਨ ਵਾਲਿਆਂ 'ਚ ਸ਼ਾਮਿਲ ਓ। ਤੁਆਡੇ ਤਾਂ ਆਸ-ਪਾਸ ਦੇ ਲੋਕਾਂ ਨਾਲ ਸੰਬੰਧ ਹੀ ਆਪਣੇ-ਆਪ 'ਚ ਇਕ ਮਿਸਾਲ ਐ। ਤੁਸੀਂ ਤਾਂ ਸਗੋਂ ਇਹ ਦੁਖਾਂਤ ਜਲਦੀ ਹੀ ਸਹਿਣ ਕਰ ਲੈਣਾ। ਘਬਰਾਓ ਨਾ, ਭਾਣਾ ਤਾਂ ਹੁਣ ਵਾਪਰ ਈ ਗਿਆ ਐ।"

"ਬੰਦਾ ਆਪਣੇ ਤਜਰਬੇ ਨੂੰ ਇਸਤੇਮਾਲ ਕਰਕੇ ਹੀ ਆਪਣੀ ਪਛਾਣ ਬਣਾਉਂਦਾ। ਤੁਆਡੀ ਤਾਂ ਪਛਾਣ ਈ ਉਧਾਰਣ ਐ ਹਰ ਕਿਸੇ ਲਈ।" ਇਹ ਉਕਤੀ ਦੇਵ ਮਾਸਟਰ ਨੇ ਵੀ ਨਾਲ ਜੋੜ ਦਿੱਤੀ।

ਗੱਲਕਾਰ ਉਹ ਸਾਰੇ ਸਨ, ਪਰ ਸੀਤਲ ਭੈਣ ਜੀ ਤੇ ਦੇਵ ਮਾਸਟਰ ਦੀ ਪਹਿਲ ਕਦਮੀਂ ਨੇ ਰਾਜਦੀਪ ਦੇ ਬੁੱਝੇ-ਬੁੱਝੇ ਅੰਦਰ ਨੂੰ ਕਾਫੀ ਸਾਰਾ ਜਾਗਦਾ ਕਰ ਦਿੱਤਾ ਸੀ।

ਇਸ ਜਾਗ ਕਾਰਨ ਹੀ ਸ਼ਾਇਦ ਰਾਜਦੀਪ ਕਰੀਬ ਪੰਦਰਾਂ ਡਾਕਟਰਾਂ ਵੱਲੋਂ ਮਿਲਦੇ ਰਹੇ ਹਾਂ-ਵਾਚੀ ਆਸਰੇ ਸਾਹ ਲੈਂਦੀ ਜਿੰਦਰ ਨੂੰ ਘਰ ਵਾਪਿਸ ਲੈ ਆਉਂਦਾ ਰਿਹਾ ਸੀ। ਪਰ, ਡੀ. ਐਮ. ਸੀ. ਤੋਂ ਮੁੜਦੀ ਦੇ ਉਸਦੇ ਸਾਹ ਵਾਪਿਸ ਨਹੀਂ ਸਨ ਆਏ। ਰਾਜਦੀਪ ਦੱਸ ਰਿਹਾ ਸੀ -"ਘਰ ਵਿਹੜੇ 'ਚ ਰੱਖੀ ਲਾਸ਼ ਨੂੰ ਦੇਖਦਾ ਹਰ ਕੋਈ ਉਦਾਸ ਸੀ, ਮਾਈਆਂ-ਬੀਬੀਆਂ ਦਾ ਝੁਰਮਟ ਰੋਣ-ਡੁਸਕਣ 'ਚ ਪੂਰਾ ਵਿਅਸਥ। ਕੋਈ ਦਿਖਾਵੇ ਵਜੋਂ, ਕੋਈ ਸੱਚ-ਮੁੱਚ ਦੀ ਨੇੜਤਾ ਵਜੋਂ। ਉਹਨਾਂ ਸਭ ਤੋਂ ਉਚਾ ਵਿਰਲਾਪ ਮੇਰੀਆਂ ਧੀਆਂ ਦਾ ਸੀ। ਮੈਂ ਦੋਨਾਂ ਨੂੰ ਬੁੱਕਲ 'ਚ ਲੈ ਕੇ ਪਿਆਰਦਾ ਵੀ ਰਿਹਾ, ਹੌਂਸਲਾ ਵੀ ਦਿੰਦਾ ਰਿਹਾ। ਉਹਨਾਂ ਨੂੰ ਸਾਂਭਦੇ ਨੂੰ ਸਹਿਵਨ ਮੈਨੂੰ ਇਕ ਵਿਦਵਾਨ ਦੀ ਆਖੀ ਸਿਆਣੀ ਗੱਲ ਚੇਤੇ ਆ ਗਈ ਕਿ, 'ਮਾਂ-ਬਾਪ ਦੇ ਤੁਰ ਜਾਣ ਪਿੱਛੋਂ ਪੁੱਤਰਾਂ ਨੂੰ ਘਰ ਖੁੱਲ੍ਹਾ-ਖੁੱਲ੍ਹਾ ਲੱਗਦਾ, ਧੀਆਂ ਨੂੰ ਖਾਲੀ-ਖਾਲੀ'। ਮੈਂ ਬੇ-ਬੱਸ ਸੀ ਇਸ ਸੱਚਾਈ ਸਾਹਮਣੇ। ਤਾਂ ਵੀ, ਧੀਆਂ ਨੂੰ ਪਰਚਾਉਣ ਦੇ ਯਤਨ ਜਾਰੀ ਰੱਖੇ ਸਨ। ਪਰ, ਅਗਲੇ ਪਲਾਂ ਦੀ ਘਟਨਾ ਨੇ ਮੈਨੂੰ ਆਪ ਨੂੰ ਅੰਦਰੋਂ-ਬਾਹਰੋਂ ਸੁੰਨ ਕਰ ਦਿੱਤਾ ਹੋਵੇ। ਜਿੰਦਰ ਦੀ ਅਰਥੀ ਸ਼ਮਸ਼ਾਨ ਘਾਟ ਲੈ ਜਾਣ ਲੱਗਿਆਂ, ਮੇਰੀ ਵੱਡੀ ਧੀ ਨੇ ਇਕ ਠੂਠੀ 'ਚ ਕੁਝ ਰੁਪਏ ਰੱਖ ਕੇ ਆਖਿਆ ਸੀ ਮੈਨੂੰ -"ਡੈਡੀ ਇਹ ਠੂਠੀ ਮੰਮੀ ਦੇ ਹੱਥ 'ਚ ਫੜਾ ਦਿਓ ਸ਼ਗਨ ਵਜੋਂ"। ਸੱਚ-ਮੁੱਚ ਮੈਥੋਂ ਆਪਣਾ-ਆਪ ਸਾਂਭਿਆ ਨਹੀਂ ਸੀ ਗਿਆ ਉਸ ਸਮੇਂ। ਪਤਾ ਨਹੀਂ ਕਿਸ ਭਾਵੁਕਤਾ ਵੱਸ ਇਹ ਵੀ ਕਹਿ ਹੋ ਗਿਆ ਸੀ ਮੈਥੋਂ -"ਬੱਸ, ਹੁਣ ਇਸਨੇ ਵਾਪਿਸ ਨਹੀਂ ਮੁੜਨਾ ਘਰ। ਪਹਿਲਾਂ ਤਾਂ ਕਈ ਵਾਰ ਮੁੜ ਆਉਂਦੀ ਰਹੀ ਸੀ ਸਾਹਾਂ ਸਮੇਤ।"

ਇਹ ਸੁਣਦਿਆਂ ਸਾਰ, ਕਰੀਬ-ਕਰੀਬ ਸ਼ਾਂਤ ਹੋਈਆਂ ਧੀਆਂ ਦੀ ਲੇਰ-ਚੀਕ, ਮੁੜ ਜਿਵੇਂ ਅਸਮਾਨ ਛੂਹਣ ਤੱਕ ਪੁੱਜ ਗਈ ਸੀ।"

ਇਹ ਦੱਸਦੇ ਰਾਜਦੀਪ ਦੇ ਸਹਿਮੇਂ ਬੋਲ, ਮੁੜ ਰੋਣ-ਸੁਰ 'ਚ ਪਹੁੰਚ ਗਏ ਸਨ।

ਜਿੰਦਰ ਲਈ ਵਿਛਿਆ ਸੱਥਰ, ਇੱਕ ਵਾਰ ਫਿਰ ਸੁੰਨ ਹੋ ਗਿਆ ਸੀ, ਪਰ ਇਸ ਉੱਪਰ ਬੈਠੇ ਜੀਆਂ ਅੰਦਰ ਆਪਣੀ-ਆਪਣੀ ਹਲਚਲ, ਆਪਣਾ-ਆਪਣਾ ਸੋਗ ਉਵੇਂ ਦਾ ਉਵੇਂ ਸੀ।

ਇਸ ਸੋਗ ਨੂੰ ਇਸ ਵਾਰ ਗੁਰਸਿੱਖੀ ਦਿੱਖ ਵਾਲੇ ਬਿੱਕਰ ਸਿੰਘ ਗਿਆਨੀ ਨੇ ਹਲੂਣਿਆ। ਉਸਨੇ ਦੱਸਿਆ -"ਅਸੀਂ ਤਾਂ ਦੁਨੀਆਦਾਰੀ 'ਚ, ਲੋਭ-ਲਾਲਚ 'ਚ ਘਿਰੇ ਲਾਲਸੀ ਜਿਹੇ ਜੀਵ ਆਂ, ਪਰ ਆਪਣੇ ਗੋਬਿੰਦ ਗੁਰੂ ਜੀ ਤੋਂ ਵੱਡਾ ਤਿਆਗੀ, ਦ੍ਰਿੜ੍ਹਸੰਕਲਪੀ ਕੌਣ ਹੋ ਸਕਦਾ ਜਿਹਨਾਂ ਅਨੰਦਪੁਰ ਛੱਡਣ ਲੱਗਿਆਂ, ਉਸ ਵੇਲੇ ਦੇ ਅੱਠ ਕਰੋੜ ਦੇ ਹੀਰੇ-ਜਵਾਹਰਾਤ, ਸਰਸਾ ਨਦੀ 'ਚ ਵਗਾਹ ਮਾਰੇ ਸਨ, ਵੱਡੇ ਸਾਹਿਬਜ਼ਾਦੇ ਹੱਥੀਂ ਤਿਆਰ ਕਰਕੇ ਚਮਕੌਰ ਦੀ ਜੰਗ 'ਚ ਸਪੁਰਦ ਕਰ ਦਿੱਤੇ ਸਨ, ਉਹਨਾਂ ਦੀਆਂ ਅੱਖਾਂ ਵੀ ਰਾਏਕੋਟ ਵਿਖੇ, ਛੋਟੇ ਬਲੂਰ ਬਾਲਾਂ ਨੂੰ ਨੀਹਾਂ ਵਿਚ ਚਿਣਕੇ ਸ਼ਹੀਦ ਕੀਤੇ ਜਾਣ ਦੀ ਖ਼ਬਰ ਸੁਣਕੇ ਨਮ ਹੋ ਗਈਆਂ ਸਨ।"

"ਬਿੱਕਰ ਸਿੰਘ ਜੀ, ਗੁਰੂ ਜੀਆਂ ਦੀਆਂ ਅੱਖਾਂ ਦੀ ਨਮੀ ਹੀ ਅੱਗੋਂ ਰੋਹ 'ਚ ਤਬਦੀਲ ਹੋਈ ਸੀ। ਪਿਤਾ ਗੁਰੂ ਨੂੰ ਤਪਦੀ ਤਵੀ 'ਤੇ ਬੈਠਾ ਦੇਖ ਕੇ, ਇਹ ਨਮੀਂ ਹਰਿਗੋਬਿੰਦ ਗੁਰੂ ਦੀਆਂ ਅੱਖਾਂ 'ਚ ਵੀ ਜ਼ਰੂਰ ਆਈ ਹੋਣੀ ਆਂ, ਐਵੇਂ ਨਹੀਂ ਇਕ ਟੱਬਰ ਦੀਆਂ ਚਾਰ ਕੁ ਪੀੜ੍ਹੀਆਂ ਨੇ, ਮੁਲਕ ਭਰ ਦੇ ਸਿਰ ਚੜ੍ਹੀ ਬੈਠੇ ਦਸ-ਪੀੜ੍ਹੀਏ ਮੁਗ਼ਲ ਰਾਜ ਨੂੰ ਜੜ੍ਹੋਂ ਉਖਾੜ ਪੁੱਟਿਆ," ਦੇਵ ਕਾਮਰੇਡ ਨੇ ਵੀ ਗੁਰੂ-ਇਤਿਹਾਸ 'ਤੇ ਕਦੇ ਘੱਟ ਮਾਣ ਨਹੀਂ ਸੀ ਕੀਤਾ।

ਇਸ ਕਥਾ ਨੇ ਸਭ ਤੋਂ ਵੱਧ ਰਾਜਦੀਪ ਨੂੰ ਝੰਜੋੜਿਆ। ਉਸ ਅੰਦਰਲੀ ਉਦਾਸੀ ਉਸਦੇ ਝੱਟ ਦੇਣੀ ਆਏ ਪ੍ਰਤੀਕਰਮ ਤੋਂ ਛੰਡੀ ਗਈ ਜਾਪੀ-"ਮਿੱਤਰੋ, ਇਹਨਾਂ ਗੁਰੂ

ਕਥਾਵਾਂ ਦੇ ਆਸਰੇ ਹੀ ਅਸੀਂ ਹੁਣ ਤੱਕ ਸੰਭਲਦੇ ਰਹੇ ਆਂ। ਇਹ ਕਥਾਵਾਂ ਜਗਦੀਆਂ-ਮਘਦੀਆਂ ਮਿਸ਼ਾਲਾਂ ਵਜੋਂ ਰਹਿੰਦੇ ਸਮਿਆਂ ਤੱਕ ਵੀ ਸਾਡਾ ਰਾਹ-ਦਸੇਰਾ ਬਣੀਆਂ ਰਹਿਣਗੀਆਂ। ਪਰ, ਸਮੱਸਿਆ ਇਹ ਐ, ਬਿੱਕਰ ਸਿੰਘ ਜੀ, ਇਹਨਾਂ ਮਿਸ਼ਾਲਾਂ ਦੇ ਚਾਨਣ ਨੂੰ ਉਚਾ, ਹੋਰ ਉਚਾ, ਹੋਰ ਮਘਦਾ ਕਰਨ ਵਾਲੇ ਚੇਲੇ-ਚਾਟੜਿਆਂ ਨੇ, ਸੇਵਾਦਾਰਾਂ ਨੇ ਹੀ ਇਹਨਾਂ ਦੀ ਹੋਂਦ ਨੂੰ ਸੇਲ ਤੇ ਲਾ ਰੱਖਿਆ। ਇਹਨਾਂ ਉੱਤੇ ਵੱਡੀ ਕਿਸਾਨੀ ਤੇ ਵਪਾਰਕ ਜਮਾਤ ਨੇ ਪੂਰੀ ਤਰ੍ਹਾਂ ਕਬਜ਼ਾ ਕੀਤਾ ਪਿਆ। ਇਹ ਜਮਾਤਾਂ ਗੁਰੂ ਸਾਹਿਬਾਨਾਂ ਵੱਲੋਂ ਸਮਝਾਏ ਸਹਿਨਸ਼ੀਲਤਾ, ਭਾਈਚਾਰਕ ਏਕਤਾ, ਬਰਾਬਰਤਾ ਵਰਗੇ ਸ਼ਾਨਦਾਰ ਅਸੂਲਾਂ ਨੂੰ ਕੁਰਸੀ-ਭੁੱਖ ਦੀ ਭੇਂਟ ਚਾੜ੍ਹੀ ਜਾਂਦੀਆਂ। ਡੇਰਿਆਂ, ਮੱਠਾਂ, ਜਾਤਾਂ-ਜਮਾਤਾਂ 'ਚ ਵੰਡ ਕੇ ਸਿੱਖ-ਸ਼ਕਤੀ, ਲੀਰੋ-ਲੀਰ ਕੀਤੀ ਪਈ ਐ। ਤੁਸੀਂ ਹੈਰਾਨ ਹੋਵੋਗੇ, ਸਾਡੇ ਹੀ ਆਸ-ਪਾਸ ਦੇ ਇਕ ਪਿੰਡ ਦੀਆਂ ਸਤਾਰਾਂ ਪੱਤੀਆਂ ਵਿਚ ਸਤਾਰਾਂ ਗੁਰਦਵਾਰੇ, ਦੂਜੇ ਦੀਆਂ ਬਾਰ੍ਹਾਂ ਪੱਤੀਆਂ 'ਚ ਬਾਰ੍ਹਾਂ ਤੇ ਏਨੇ-ਏਨੇ ਹੀ ਸ਼ਮਸ਼ਾਨ ਘਾਟਾਂ ਦੇ ਬਣੇ ਹੋਣ ਤੇ ਵੱਡੀਆਂ ਸ਼ਰਮਨਾਕ ਉਦਾਹਰਣਾਂ ਕੀ ਹੋ ਸਕਦੀਆਂ ਕੁਰਸੀ ਲਾਲਸਾ ਦੀਆਂ ਦੋ-ਚਾਰ-ਛੇ ਹੋਣੇ ਤਾਂ ਆਮ ਜਿਹੀ ਗੱਲ ਐ।"

ਰਾਜਦੀਪ ਦੀ ਤਲਖ਼-ਬਾਣੀ ਸੁਣ ਕੇ ਬਿੱਕਰ ਸਿੰਘ ਝੇਂਪ ਤਾਂ ਜ਼ਰੂਰ ਗਿਆ, ਪਰ ਖਿਝਿਆ ਨਾ। ਚੁੱਪ ਰਿਹਾ। ਇਸ ਵਾਰ ਰਾਜਦੀਪ ਦੀ ਪਿੱਠ ਪਿੱਛੇ ਕਰਤਾਰ ਭੈਣ ਜੀ ਆ ਖਲੋਤੀ - "ਭਾਅ ਜੀ ਤੁਹਾਡੇ ਇਹਨਾਂ ਵਿਚਾਰਾਂ ਵਰਗੇ ਤੱਥ ਜਿੰਦਰ ਭੈਣ ਜੀ ਵੀ ਬੇਹੱਦ ਠੋਕ-ਵਜਾ ਕੇ ਦੱਸਿਆ ਕਰਦੇ ਸੀ, ਸਟਾਫ਼ ਰੂਮ ਹੋਵੇ ਜਾਂ ਕਲਾਸ ਰੂਮ, ਉਹਨਾਂ ਕਦੀ ਝਿਜਕ ਨਹੀਂ ਸੀ ਮੰਨੀ। ਕਿਸੇ ਅਖ਼ਬਾਰ ਜਾਂ ਪਾਠ-ਪੁਸਤਕ 'ਚ ਧਾਰਮਿਕ ਝਮੇਲੇ ਵਾਲੀ ਖ਼ਬਰ ਪੜ੍ਹ ਕੇ ਤਾਂ ਉਹਨਾਂ ਤੋਂ ਆਪਣਾ-ਆਪ ਸਾਂਭਿਆ ਨਹੀਂ ਸੀ ਜਾਂਦਾ। ਉਹ ਕਿਹਾ ਕਰਦੇ ਸਨ-'ਇਹ ਧਰਮ, ਨਿਰਦਈ, ਜਾਂਗਲੀ ਮਨੁੱਖਾਂ ਨੂੰ ਦਯਾਵਾਨ; ਅਸੱਭਿਅ ਸਮੂਹਾਂ ਨੂੰ ਸੱਭਿਅਕ ਵਿਵਹਾਰ ਦੇ ਲੜ ਲਾਉਣ ਲਈ ਵਿਉਂਤੇ ਗਏ ਸਨ। ਹੋਇਆ ਇਸ ਦੇ ਉਲਟ। ਮਨੁੱਖੀ ਵਹਿਸ਼ਤ ਹੁਣ ਵੀ ਜ਼ਰਾ ਕੁ ਭਰ ਮੌਕਾ ਮਿਲਣ 'ਤੇ ਖੁੱਲ੍ਹ ਕੇ ਖੇਲਣ ਲਈ, ਸਭ ਕੁਝ ਭੁੱਲ-ਭੁਲਾ ਜਾਂਦੀ ਐ।'

ਕਰਤਾਰ ਭੈਣ ਜੀ ਨੇ ਜਿੰਦਰ ਦੇ ਸੁਭਾਅ ਕਾਰਨ ਵਾਪਰੀ ਇਕ ਹੋਰ ਘਟਾਨ ਵੀ ਨਾਲ ਜੋੜ ਦਿੱਤੀ -"ਇਕ ਦਿਨ ਪਤਾ ਨਹੀਂ ਕੀ ਹੋਇਆ। ਚੱਲਦੇ ਲੈਸਨ ਸਮੇਂ ਸੰਤਾਲੀ-ਸੰਨ ਦੀ ਪੰਜਾਬ-ਵੰਡ ਉਹਨਾਂ ਦੇ ਉਸ ਪਾਠ-ਬਿਰਤਾਂਤ 'ਚ ਸ਼ਾਮਿਲ ਹੋ ਗਈ। ਉਹਨਾਂ ਦਾ ਪਾਰਾ ਜਿਵੇਂ ਸੱਤਵੇਂ ਅਸਮਾਨ 'ਤੇ ਚੜ੍ਹਦਾ ਹੋ ਗਿਆ। ਨਾਲ ਲੱਗਦੇ ਕਮਰੇ 'ਚ ਪੜ੍ਹਾਉਂਦੀ ਦਾ ਮੇਰਾ ਧਿਆਨ ਵੀ ਉੱਖੜ ਗਿਆ। ਉਹ ਸਾਹਮਣੇ ਬੈਠੇ ਵਿਦਿਆਰਥੀਆਂ ਨੂੰ ਆਖ ਰਹੇ ਸਨ -'ਸਾਡੇ ਮਹਾਂ ਪੁਰਖਾਂ, ਸਾਡੇ ਧਰਮ-ਨਿਰਮਾਤਾਵਾਂ ਨੂੰ ਕੀ ਪਤਾ ਸੀ ਕਿ ਸਾਡੇ ਹੀ ਵਿਉਂਤੇ ਧਰਮਾਂ ਨੇ ਅੱਗੇ ਜਾ ਕੇ ਆਹ ਚੰਦ ਚਾੜ੍ਹਨੇ ਆਂ। ਸਾਡੇ ਬਾਲਪਨ ਵੇਲੇ ਵਾਪਰਿਆ ਸੰਤਾਲੀ ਦਾ ਕਤਲ-ਕਾਂਡ ਪੜ੍ਹ-ਸੁਣ ਕੇ ਸਾਡੀ ਰੂਹ ਵੀ ਕੰਬ ਜਾਂਦੀ ਐ। ਭੈਣਾਂ-ਭਰਾਵਾਂ ਵਾਂਗ ਰਹਿੰਦੇ ਹਿੰਦੂਆਂ-ਸਿੱਖਾਂ-ਮੁਸਲਮਾਨਾਂ ਦੇ ਦਿਲਾਂ-ਮਨਾਂ 'ਚ ਪਤਾ ਨਹੀਂ ਕਿਹੋ ਜਿਹਾ ਮਨਹੂਸ ਵਹਿਸ਼ੀਪੁਣਾ ਆ ਵੜਿਆ ਸੀ। ਨਾ ਉਹਨਾਂ ਧੀਆਂ-ਭੈਣਾਂ ਦੀ ਇੱਜ਼ਤ ਰੱਖੀ। ਖੇਤ-ਖਲਿਆਨ, ਪਸ਼ੂ-ਡੰਗਰ ਲਾਵਾਰਸ ਹੋਏ ਰੁਲਦੇ ਰਹੇ। ਪਤਾ ਬੱਚਿਓ ਕਿੰਨੀਆਂ ਲਾਸ਼ਾਂ ਵਿਛਾਈਆਂ ਗਈਆਂ ਸਨ ਆਪਸੀ ਕਤਲੋ-ਗ਼ਾਰਤ ਦੇ ਜਨੂੰਨ ਨੇ, ਪੰਜਾਬ ਦੀ ਹਿੱਕ 'ਤੇ। ਇਕ ਅੰਦਾਜ਼ੇ ਅਨੁਸਾਰ ਦਸ ਲੱਖ। ਸਾਡੇ ਧਰਮ-ਪ੍ਰਸਤਾਂ ਵੱਲੋਂ ਵਰਤਾਏ ਇਸ ਜ਼ੁਲਮ ਤੇ ਕੁਦਰਤ ਵੀ ਰੱਜ ਕੇ ਰੋਈ ਸੀ। ਲਾਵਾਰਸ ਰੁਲਦੀਆਂ ਲਾਸ਼ਾਂ ਨੂੰ ਹੜ੍ਹਾਂ-ਪਾਣੀਆਂ ਰਾਹੀਂ ਮਸਾਂ ਸਾਂਭਿਆ ਸੀ ਇਸਨੇ। ਹਰ ਘਰ 'ਚ...... ਹਰ ਥਾਂ ਵਿਛੇ ਸੱਥਰ....।' ਇਹ ਤਾਂ ਸ਼ੁਕਰ ਸੀ ਛੇਤੀ ਹੀ ਘੰਟੀ ਵੱਜ ਗਈ ਸੀ ਉਸ ਦਿਨ। ਨਹੀਂ ਪਤਾ ਨਹੀਂ, ਉਹਨਾਂ ਅੰਦਰਲਾ ਉਬਾਲ ਕਿੰਨਾ ਚਿਰ ਹੋਰ ਉੱਪਰ ਵੱਲ ਨੂੰ ਉੱਛਲਦਾ ਰਹਿੰਦਾ।

ਕਲਾਸ ਕਮਰਿਓਂ ਬਾਹਰ ਆਏ ਵੀ ਉਹ ਸਟਾਫ਼ ਰੂਮ ਤੱਕ ਪੁੱਜਦੇ ਚੁੱਪ ਨਹੀਂ ਸੀ ਹੋਏ। ਗੰਦੀ ਕਿਸਮ ਦੀ ਸਿਆਸਤ ਨੂੰ ਐਹੋ ਜਿਹੀਆਂ ਗਾਲ੍ਹਾਂ ਕੱਢਦੇ ਰਹੇ ਸਨ, ਜਿਹੜੀਆਂ ਉਹਨਾਂ ਦੇ ਮੂੰਹੋਂ ਅਸੀ ਪਹਿਲੋਂ ਨਹੀਂ ਸੀ ਸੁਣੀਆਂ। ਸਟਾਫ਼ ਰੂਮ ਪੁੱਜਿਆਂ ਨੂੰ ਮੈਂ ਠੰਡੇ ਪਾਣੀ ਦਾ ਗਲਾਸ ਪਿਲਾ ਕੇ ਮਸਾਂ ਸ਼ਾਂਤ ਕੀਤਾ। ਤਾਂ ਵੀ ਉਹਨਾਂ ਅੰਦਰੋਂ ਇਕ ਤਲਖ਼ ਉਲ੍ਹਾਮਾ ਬਾਹਰ ਆ ਹੀ ਗਿਆ ਸੀ, ਪਰ ਇਸ ਵਾਰ ਕਾਫ਼ੀ ਸਾਰੇ ਸਹਿਜ ਉਚਾਰਨ ਰਾਹੀਂ "ਇਹ ਉਹੀ ਕੌਮਾਂ ਸਨ ਜਿਹਨਾਂ ਜਲ੍ਹਿਆਂ ਵਾਲੇ ਬਾਗ਼ 'ਚ ਸਾਂਝੀ ਹਿੱਕ ਤਾਣ ਕੇ ਗੋਲੀਆਂ ਖਾਧੀਆਂ ਸਨ ਡਾਇਰ ਦੀਆਂ। ਸੱਥਰ ਤਾਂ ਉਸ ਦਿਨ ਵੀ ਵਿਛੇ ਸਨ ਹਜ਼ਾਰਾਂ ਘਰਾਂ 'ਚ ਪਰ ਇਹ ਸੱਥਰ ਰੋਣ-ਕਲਪਣ ਦੀ ਬਜਾਏ ਸੱਥਾਂ 'ਚ ਬਦਲ ਗਏ ਸਨ, ਅਗਲੀ ਵਿਉਂਤ-ਬੰਦੀ ਲਈ।"

ਇਹ ਖ਼ੂਨ-ਖ਼ਰਾਬੇ ਸਭ ਇਕੋ ਜਿਹੇ ਹੁੰਦੇ ਐ ਕਰਤਾਰ, ਥੋੜ੍ਹਾ-ਬਹੁਤ ਹੀ ਫ਼ਰਕ ਰਿਹਾ। ਪਹਿਲੀ ਸੰਸਾਰ ਜੰਗ, ਦੂਜੀ ਵੱਡੀ ਜੰਗ, ਯੂਗਾਂਡਾ ......., ਮਿਸਰ ਦੀ ਤਬਾਹੀ, ਈਰਾਨ, ਅਫ਼ਗਾਨਿਸਤਾਨ, ਹੋਰ ਤਾਂ ਹੋਰ ਆਪਣੇ ਹੀ ਕਸ਼ਮੀਰ 'ਚ ਧਰਮ-ਅਧਾਰਤ ਹੁਣ ਤੱਕ ਬਤਾਲੀ ਹਜ਼ਾਰ ਤੋਂ ਵੀ ਵੱਧ ਬੰਦਿਆਂ ਦਾ ਕਤਲ ਹੋ ਚੁੱਕਾ। ਉਂਝ ਸਭ ਤੋਂ ਵੱਡਾ ਨਸਲਘਾਤ ਨਾਜ਼ੀਵਾਦੀ ਹਿਟਲਰ-ਮੁਸੋਲਿਨੀ ਦਾ ਗਿਣ ਹੁੰਦਾ, ਜਿਹਨਾਂ ਪੰਜ ਕਰੋੜ ਪੈਂਤੀ ਲੱਖ ਯਹੂਦੀਆਂ ਨੂੰ ਗੈਸ-ਚੈਂਬਰਾਂ 'ਚ ਤੁੰਨ ਕੇ ਮੌਤ ਦੇ ਘਾਟ ਉਤਾਰਿਆ ਸੀ। ਸੱਚ ਤਾਂ ਇਹ ਵੀ ਐ, ਕਿ ਦੁਨੀਆਂ ਭਰ ਦਾ ਇਤਿਹਾਸ ਲਿਬੜਿਆ ਪਿਆ ਆਮ ਆਦਮੀ, ਬੇਦੋਸ਼ੇ ਮਨੁੱਖ ਦੇ ਪਵਿੱਤਰ ਖ਼ੂਨ ਨਾਲ।

ਉਹ ਤਾਂ ਚੱਲ ਗੁਜ਼ਰਿਆ ਸੋ ਗੁਜ਼ਰਿਆ, ਹੁਣ

ਕਿਹੜਾ ਘੱਟ ਹੁੰਦੀ ਪਈ ਐ। ਆਹ ਰੂਸ-ਯੂਕਰੇਨ ਦੇ ਸਿਰਾਂ 'ਚ ਕਿਹੋ ਜਿਹਾ ਫਤੂਰ ਭਰਿਆ। ਖ਼ਹਿਬਾਜ਼ੀ ਵੱਡੀਆਂ ਸ਼ਕਤੀਆਂ ਦੀ, ਹਓਂ-ਹੈਂਕੜ ਮੁਨਾਫ਼ਾ-ਖ਼ੋਰਾਂ ਦੀ, ਭੁਗਤਣੀ ਪੈ ਰਹੀ ਹੈ ਜਨ-ਸਧਾਰਨ ਨੂੰ। ਕਿਰਤੀਆਂ-ਕਾਮਿਆਂ, ਵਿਦਿਆਰਥੀਆਂ, ਬੱਚਿਆਂ ਨੂੰ। ਨਿਰਾਪੁਰਾ ਤੀਸਰੀ ਵੱਡੀ ਜੰਗ ਦੇ ਆਸਾਰ।" ਇਹ ਕਹਿੰਦਿਆਂ ਦੇਵ ਮਾਸਟਰ ਨੇ ਇਸ ਨਸਲਵਾਦੀ ਵਰਤਾਰੇ ਨੂੰ ਸੰਸਾਰਕ ਰਣ-ਭੂਮੀ 'ਚ ਵਿਛਦੇ ਸੱਥਰਾਂ ਤੱਕ ਫ਼ੈਲਦਾ ਕਰ ਦਿੱਤਾ ਸੀ। ਝੱਟ ਹੀ ਬਿੱਕਰ ਸਿੰਘ ਗਿਆਨੀ ਨੇ ਇਸ ਨੂੰ ਆਪਣੇ ਮੁਲਕ ਵੱਲ ਮੋੜ ਲਿਆਂਦਾ੶ "ਦੂਰ ਕੀ ਜਾਣਾ ਗੁਜਰਾਤ ਦੀ ਰੇਲ ਘਟਨਾ, ਚੁਰਾਸੀ ਦਾ ਕਤਲੇਆਮ ਅਜੇ ਕਿੰਨੂੰ ਭੁੱਲਿਆ। ਅਜੇ ਤਾਂ ਜ਼ਖ਼ਮ ਵੀ ਅੱਲ੍ਹੇ ਈ ਐ, ਪੀੜਤ ਧਿਰਾਂ ਦੇ। ਸਭ ਦੇ ਜਾਣੇ-ਪਛਾਣੇ ਕਾਤਲ ਬੜੀ ਮਟਕ ਨਾਲ ਘੁੰਮਦੇ ਆ ਸਭ ਦੇ ਸਾਹਮਣੇ। ਕਿਸੇ ਨੇ ਵੀ ਉਹਨਾਂ ਨੂੰ ਫੜਨ ਤੱਕ ਦੀ ਹਿੰਮਤ ਨਹੀਂ ਕੀਤੀ।"

ਰਾਜਦੀਪ ਨੂੰ ਲੱਗਾ, ਉਸ ਨਾਲ ਹਮਦਰਦੀ ਕਰਨ ਆਏ ਅਧਿਆਪਕਾਂ ਦੀ ਬਾਤ-ਚੀਤ ਅਫ਼ਸੋਸ ਮੁੱਦੇ ਤੋਂ ਲਾਂਭੇ ਖਿਸਕ ਗਈ ਐ। ਉਸ ਨੇ ਕਰਤਾਰ ਭੈਣ ਜੀ ਨੂੰ ਮੁਖ਼ਾਤਿਬ ਹੁੰਦਿਆਂ, ਇਸ ਨੂੰ ਮੁੜ ਹਰਜਿੰਦਰ ਨਾਲ ਜੋੜ ਲਿਆ – "ਘਰ ਵੀ ਕਈ ਵਾਰ ਇਵੇਂ ਹੀ ਹੋਇਆ ਸੀ ਕਰਤਾਰ। ਕੋਈ ਵੀ ਅਣਮਨੁੱਖੀ ਵਰਤਾਰਾ ਪੜ੍ਹ-ਸੁਣ ਕੇ ਉਸ ਤੋਂ ਆਪਣਾ-ਆਪ ਸਾਂਭਿਆ ਨਹੀਂ ਸੀ ਜਾਂਦਾ। ਉਸਦੀ ਇਹ ਦਸ਼ਾ ਮੈਨੂੰ ਕਿਸੇ ਅਵੱਲੀ ਜਿਹੀ ਦਿਮਾਗ਼ੀ ਅਲਾਮਤ ਨਾਲ ਜੁੜਦੀ ਜਾਪਦੀ। ਸ਼ਾਂਤ ਹੋਈ 'ਤੇ ਮੈਂ ਉਸਨੂੰ ਕਿਸੇ ਡਾਕਟਰ ਨੂੰ ਦਿਖਾਉਣ ਦੀ ਸਲਾਹ ਦਿੰਦਾ। ਅੱਗੋਂ ਉਸਦਾ ਉੱਤਰ ਹਰ ਵਾਰ ਇੱਕੋ ਹੁੰਦਾ, "ਮੈਨੂੰ ਕੀ ਹੋਇਆ। ਚੰਗਾ ਭਲਾ ਖਾਂਦੀ-ਪੀਂਦੀ ਆਂ। ਆਪਣੀ ਨੀਂਦੇ ਜਾਗਦੀ ਸੌਂਣੀ ਆਂ। ਨਿੱਠ ਕੇ ਸਕੂਲ ਦਾ ਕੰਮ ਕਰਦੀ ਆਂ।"

"ਸਕੂਲੀ ਕੰਮ ਪੱਖੋਂ ਤਾਂ ਪੂਰੀ ਨਿਪੁੰਨ ਸੀ। ਉਸ ਨੂੰ ਕਿਸੇ ਦਾ ਕੋਈ ਉਲ੍ਹਾਮਾ ਨਹੀਂ। ਨਾ ਹੈੱਡ ਵੱਲੋਂ, ਨਾ ਵਿਦਿਆਰਥੀਆਂ ਵੱਲੋਂ, ਨਾ ਪਿੰਡ ਦੇ ਕਿਸੇ ਜੀਅ ਵੱਲੋਂ। ਪਿੰਡ ਦੀਆਂ ਇਸਤਰੀਆਂ-ਮਰਦ ਤਾਂ ਸਗੋਂ ਉਸਨੂੰ ਉਚੇਚ ਨਾਲ ਮਿਲਣਾ-ਸੁਣਨਾ ਪਸੰਦ ਕਰਦੇ ਸਨ। ਇਹ ਉਚੇਚ ਸਕੂਲ ਦੇ ਅੱਠਵੀਂ ਜਮਾਤ ਦੇ ਵਿਦਿਆਰਥੀ ਦੀ ਅੰਤਮ-ਅਰਦਾਸ ਸਮੇਂ ਭੋਗ ਉਪਰੰਤ ਸੁਣਾਈ ਇਕ ਸ਼ਹੀਦੀ ਕਥਾ ਕਾਰਨ ਹੋਰ ਉਚੇਚੀ ਹੋ ਗਈ ਸੀ। ਅਰਮਾਨ ਨਾਮੀ ਇਕ ਹੁਸ਼ਿਆਰ ਵਿਦਿਆਰਥੀ ਦੇ ਘਰ ਦੇ ਬਰਾਂਡੇ ਦੀ ਕੱਚੀ ਛੱਤ ਵਰ੍ਹਦੇ ਮੀਂਹ ਕਾਰਨ ਉਸ ਉੱਪਰ ਡਿੱਗ ਪਈ। ਆਪਣੇ ਧਿਆਨ ਬੈਠੇ ਪੜ੍ਹਦੇ ਤੋਂ ਉਸ ਤੋਂ ਉਸ ਵੇਲੇ ਸਿਰ ਆਪਣੇ ਆਪ ਨੂੰ ਸਾਂਭਿਆ ਨਾ ਗਿਆ। ਘਰ ਦੇ ਜੀਆਂ ਪੱਲੇ ਰੋਣ-ਕਲਪਣ ਤੋਂ ਸਿਵਾ ਕੁਝ ਨਾ ਬਚਿਆ। ਉਹਨਾਂ ਨੂੰ ਹੌਂਸਲਾ ਦਿੰਦਿਆਂ ਜਿੰਦਰ ਭੈਣ ਜੀ ਨੇ ਨਨਕਾਣਾ ਸਾਹਿਬ ਵਿਖੇ ਇੱਕ ਅੱਠ ਸਾਲ ਦੇ ਬੱਚੇ ਦੀ ਦਲੇਰਾਨਾ ਕਥਾ ਸੁਣਾ ਕੇ ਪੈਰਾਂ ਸਿਰ ਕਰਨ ਦੇ ਯਤਨ ਕੀਤੇ ਸਨ। ਬੱਚੇ ਬਾਰੇ ਦੱਸਦਿਆਂ ਉਹਨਾਂ ਨੇ ਕਿਹਾ ਸੀ, 'ਗੁਰਦਵਾਰਾ ਨਨਕਾਣਾ ਸਾਹਿਬ ਨੂੰ ਨਰੈਣੇ ਨਾਮੀਂ ਅੱਯਾਸ਼ ਕਿਸਮ ਦੇ ਸਾਧ ਤੋਂ ਮੁਕਤ ਕਰਵਾਉਣ ਲਈ ਤਿਆਰ ਹੋਏ ਇੱਕ ਸਿੱਖ ਨਾਲ ਜਾਣ ਦੀ ਉਸਦੇ ਅੱਠ ਸਾਲ ਦੇ ਬੱਚੇ ਨੇ ਜ਼ਿੱਦ ਹੀ ਫੜ ਲਈ। ਆਖੇ-ਮੈਂ ਵੀ ਜਾਣਾ ਨਨਕਾਣਾ ਸਾਬ੍ਹ। ਪਿਤਾ ਕਹੇ – ਉੱਥੇ ਕੋਈ ਮੇਲਾ ਥੋੜ੍ਹੀ ਆ, ਉੱਥੇ ਤਾਂ ਲੜਾਈ ਹੋਣੀ ਆ, ਸ਼ਹੀਦ ਹੋਣਾ ਪੈਣਾ। ਅੱਗੇ ਬੱਚਾ ਕਹੇ, ਮੈਂ ਵੀ ਲੜੂੰ, ਮੈਂ ਵੀ ਸ਼ਹੀਦ ਹੋਊਂ। ਉਸਦੀ ਜ਼ਿੱਦ ਅੱਗੇ ਝੁਕ ਕੇ ਪਿਤਾ ਨੂੰ ਉਸ ਨੂੰ ਨਾਲ ਲੈ ਜਾਣਾ ਪਿਆ। ਗੁਰਦੁਆਰੇ ਅੰਦਰ ਵਾਪਰਦਾ ਖ਼ੂਨੀ ਸਾਕਾ ਵੇਖਕੇ, ਪਿਤਾ ਨੇ ਪਰਦੇ ਜਿਹੇ ਨਾਲ ਬੱਚੇ ਨੂੰ ਬਚਿਆ ਰੱਖਣ ਲਈ ਇਕਲਵੰਜੇ ਪਈ ਇਕ ਲੱਕੜ ਦੀ ਅਲਮਾਰੀ 'ਚ ਬੰਦ ਕਰ ਦਿੱਤਾ। ਪਿਤਾ ਸਾਧ ਟੋਲੇ ਵੱਲੋਂ ਚੱਲਦੀਆਂ ਤਲਵਾਰਾਂ ਕਾਰਨ ਸ਼ਹੀਦ ਹੋ ਗਿਆ। ਇਸ ਵਰਤਾਰੇ ਸਮੇਂ ਨਰੈਣੇ ਸਾਧ ਦੇ ਕਿਸੇ ਚੇਲੇ ਚਾਟੜੇ ਨੂੰ ਅਲਮਾਰੀ 'ਚੋਂ ਆਉਂਦੀ ਅਵਾਜ਼ ਸੁਣਾਈ ਦਿੱਤੀ। ਉਸ ਨੇ ਬੱਚੇ ਨੂੰ ਚੁੱਕਿਆ ਅਤੇ ਗੁਰਦੁਆਰੇ ਦੇ ਵਿਹੜੇ ਅੰਦਰ ਸ਼ਹੀਦ ਹੋਏ ਸਿੰਘਾਂ ਲਈ ਬਾਲੀ ਵੱਡੀ ਸਾਰੀ ਚਿਤਾ ਅੰਦਰ ਜਿਉਂਦਾ ਸੁੱਟ ਕੇ ਸਾੜ ਦਿੱਤਾ। ਉਸ ਦਿਨ ਹੋਰਨਾਂ ਸਿੰਘਾਂ ਸਮੇਤ ਉਸ ਦੇ ਘਰ ਪਿਓ-ਪੁੱਤਰ ਲਈ ਸਾਂਝਾ ਸੱਥਰ ਵਿਛਿਆ ਸੀ। ਤਾਂ ਵੀ ਉਸਦੀ ਦਾਦੀ ਮਾਂ ਸਮੇਤ ਉਸਦੀ ਮਾਤਾ ਨੇ ਵਿਰਲਾਪ ਕਰਦਿਆਂ, ਪਤੀ ਸਮੇਤ ਆਪਣੇ ਪੁੱਤਰ ਦੇ ਬਹਾਦਰੀ ਦੇ ਕਾਰਨਾਮੇ 'ਤੇ ਮਾਣ ਵੀ ਮਹਿਸੂਸ ਕੀਤਾ ਸੀ।

ਆਪਣੀ ਤਕਰੀਰ ਦਾ ਅੰਤ ਕਰਦਿਆਂ ਉਸ ਦਿਨ ਜਿੰਦਰ ਭੈਣ ਜੀ ਨੇ ਉਸ ਬੱਚੇ ਦੇ ਮਾਤਾ-ਪਿਤਾ ਨੂੰ ਹੋਰ ਧਰਵਾਸ ਦਿੰਦਿਆਂ ਕਿਹਾ ਸੀ-ਕਿ ਸ਼ਹੀਦ ਹੋਏ ਸਿੰਘ ਦੇ ਅੱਠ ਸਾਲ ਦੇ ਬਾਲ ਨੇ ਜਿਉਂਦਾ ਸੜ ਕੇ ਜਿਵੇਂ ਨਰੈਣੇ ਸਾਧ ਦੇ ਦੁਰਾਚਾਰ ਦੇ ਮੂੰਹ 'ਤੇ ਕਸਵੀਂ ਚਪੇੜ ਮਾਰੀ ਸੀ। ਓਸੇ ਤਰ੍ਹਾਂ ਤੁਹਾਡੇ ਇਸ ਬੱਚੇ ਨੇ ਸਾਡੇ ਲੋਕਾਂ ਵਿਚਕਾਰ ਲਗਾਤਾਰ ਵਧੀ ਜਾ ਰਹੇ ਅਮੀਰੀ-ਗ਼ਰੀਬੀ ਦੇ ਪਾੜੇ ਤੋਂ ਬੇ-ਲਾਗ ਰਹਿਣ ਵਾਲੇ ਰਾਜ-ਤੰਤਰ ਦੇ ਮੂੰਹ 'ਤੇ ਕਸਵਾਂ ਛਿੱਤਰ ਮਾਰਿਆ। ਸਾਨੂੰ ਸਭ ਨੂੰ ਪਤਾ ਕਿ ਇਕ ਪਾਸੇ ਤਾਂ ਹੱਥੀਂ ਕਿਰਤ ਕਰਨ ਵਾਲੇ ਇਨਸਾਨ ਨੂੰ ਦੋ ਡੰਗ ਦੀ ਰੋਟੀ ਤੱਕ ਨਸੀਬ ਨਹੀਂ ਹੁੰਦੀ ਤੇ ਦੂਜੇ ਪਾਸੇ ਜਾਇਜ਼-ਨਜਾਇਜ਼ ਢੰਗਾਂ ਨਾਲ ਪੂੰਜੀ ਹਥਿਆ ਕੇ ਬਣਿਆ ਪੂੰਜੀਪਤੀ ਟੋਲਾ ਕਿਵੇਂ ਦੀ ਐਸ਼-ਪ੍ਰਸਤੀ ਕਰਨ 'ਚ ਗ਼ਲਤਾਨ ਐ।

ਉਸ ਦਿਨ ਦੀ ਕਥਾ ਸੁਣ ਕੇ ਤਾਂ ਪਿੰਡ ਦੇ ਕਰੀਬ ਹਰ ਜੀਅ ਅੰਦਰ ਜਿੰਦਰ ਭੈਣ ਜੀ ਦਾ ਸਤਿਕਾਰ ਹੋਰ ਵੀ ਕਿੰਨਾ ਸਾਰਾ ਵਧਦਾ ਹੋ ਗਿਆ ਸੀ। ਉਸ ਦੀ ਸੇਵਾ-ਮੁਕਤੀ ਸਮੇਂ ਹੋਏ ਪਿੰਡ ਵਾਸੀਆਂ ਦੇ ਭਰਵੇਂ ਇਕੱਠ ਦੀਆਂ ਨਮ ਹੋਈਆਂ ਅੱਖਾਂ ਵੱਲ ਦੇਖਿਆ, ਉਸਦੇ ਆਪਣੇ ਅੱਥਰੂ ਵੀ

ਵਗਣੋਂ ਨਹੀਂ ਰੁਕੇ।"

ਕਰਤਾਰ ਭੈਣ ਜੀ ਦੀ ਲੰਮੀ ਵਾਰਤਾ ਸੁਣ ਕੇ ਹੋਰ ਵੀ ਭਾਵੁਕ ਹੋਏ ਰਾਜਦੀਪ ਨੇ ਹਰਜਿੰਦਰ ਨਾਲ ਹੋਏ ਵਾਪਰੇ ਦੀ ਅਗਲੀ ਕੜੀ ਛੋਹ ਲਈ – "ਕਰਤਾਰ ਸੇਵਾ-ਮੁਕਤੀ ਤੋਂ ਸਾਲ ਕੁ ਪਿੱਛੋਂ ਵਾਪਰੇ ਡਿੱਗਣ-ਹਾਦਸੇ ਨੇ ਤਾਂ ਜਿਵੇਂ ਉਸਦਾ ਬੀਤ ਚੁੱਕਾ ਅਤੀਤ ਵੀ ਉਸ ਤੋਂ ਖੋਹ ਲਿਆ ਤੇ ਰਹਿੰਦਾ ਬਚਦਾ ਭਵਿੱਖ ਵੀ। ਉਸਦੇ ਅੱਥਰੂ ਫਿਰ ਤਾਂ ਉਸਦੀ ਫ਼ਿਤਰਤ ਦਾ ਹਿੱਸਾ ਹੀ ਬਣਦੇ ਗਏ। ਆਏ ਦਿਨ ਕਿਧਰੇ ਨਾ ਕਿਧਰੇ ਹੁੰਦੇ-ਵਾਪਰਦੇ ਖ਼ੂਨ ਖ਼ਰਾਬੇ, ਕੁੱਟ-ਮਾਰ, ਜਬਰੀ ਖੋਹ-ਖਿੰਝ, ਬਲਾਤਾਕਾਰ, ਨਸ਼ਾਖ਼ੋਰੀ ਵਰਗੀਆਂ ਖ਼ਬਰਾਂ ਪੜ੍ਹਦੀ, ਉਹ ਅਖ਼ਬਾਰਾਂ ਨਾਲੋਂ ਪ੍ਰਬੰਧਕੀ ਢਾਂਚੇ ਨੂੰ ਕੋਸਦੀ। ਉਹ ਆਖਦੀ – ਇਸ ਨਿੱਜ-ਸੁਆਰਥੀ ਵਿਵਸਥਾ ਨੇ ਨੌਜਵਾਨ ਪੀੜ੍ਹੀ ਨੂੰ ਬੇਕਾਰੀ, ਲਾਚਾਰਗੀ, ਬੇ-ਭਰੋਸਗੀ ਦੀ ਦਲਦਲ 'ਚ ਫਸਾ ਕੇ ਅੰਨ੍ਹੇ-ਭਵਿੱਖ ਦੇ ਹਵਾਲੇ ਕਰ ਦਿੱਤਾ ਐ। ਰਾਤ-ਪੁਰ-ਦਿਨ ਆਪਣੇ ਮੁਲਕ ਦੇ ਸੁਆਰਥੀ ਲੋਕਾਂ, ਸਿਆਸੀ ਢਾਂਚੇ ਨੂੰ ਬੁਰ੍ ਭਲਾ ਕਹਿੰਦੀ ਦਾ ਉਸਦਾ ਘਰ ਜੀ ਜੀਆਂ ਸਮੇਤ ਘਰ ਦੇ ਕੰਮਾਂ-ਕਾਰਾਂ ਤੋਂ ਵੀ ਲਗਾਓ ਘਟਦਾ ਗਿਆ। ਸਾਨੂੰ ਲੱਗਦਾ ਦਿਨ-ਪ੍ਰਤੀ-ਦਿਨ ਉਸਦੀ ਸੂਝਬੂਝ ਵੀ ਜਵਾਬ ਦਿੰਦੀ ਪਈ ਐ, ਤੇ ਅੰਗ-ਪੈਰ ਵੀ। ਵੀਲ੍ਹ-ਚੇਅਰ 'ਤੇ ਘੁੰਮਣ-ਫਿਰਨ ਦੀ ਬਜਾਏ ਉਹ ਸਾਰਾ-ਸਾਰਾ ਦਿਨ ਮੰਜੇ 'ਤੇ ਪਈ ਕਲਪਦੀ-ਤੜਪਦੀ ਰਹਿੰਦੀ। ਵਿੱਚ ਤਾਂ ਦੋਨਾਂ ਹੱਥਾਂ ਨਾਲ ਅਖ਼ਬਾਰ ਫੜੀ ਰੱਖਣਾ ਵੀ ਉਸਦੇ ਹੱਥ-ਵੱਸ ਤੋਂ ਬਾਹਰ ਹੋਣ ਲੱਗ ਪਿਆ।"

"ਇੱਕ ਦਿਨ ਪਤਾ ਕੀ ਹੋਇਆ।" ਜ਼ਰਾ ਕੁ ਰੁਕ ਰਾਜਦੀਪ ਨੇ, ਹਰਜਿੰਦਰ ਨਾਲ ਵਾਪਰੀ ਇਕ ਦਰਦਨਾਕ ਘਟਨਾ ਸਭ ਨੂੰ ਕਹਿ ਸੁਣਾਈ – "ਅਖ਼ਬਾਰ ਅਜੇ ਖੋਹਲੀ ਹੀ ਸੀ ਉਸਨੇ। ਪਾਕਿਸਤਾਨ ਦੇ ਕਿਸ ਹਸਪਤਾਲ ਦੀ ਛੱਤ 'ਤੇ ਪਏ ਪੰਜ ਸੌ ਦੇ ਕਰੀਬ ਮਨੁੱਖੀ ਪਿੰਜਰਾਂ ਦੀ ਖ਼ਬਰ ਉਸਦੀ ਨਜ਼ਰੀਂ ਪੈ ਗਈ। ਇਹ ਖ਼ਬਰ ਪੜ੍ਹੀ ਤਾਂ ਮੈਂ ਵੀ ਸੀ, ਉਸ ਤੋਂ ਪਹਿਲਾਂ। ਮੈਂ ਆਪਣੇ ਹਿਸਾਬ ਨਾਲ ਕਿਆਸ-ਅਰਾਈਆਂ ਲਾਉਂਦਾ ਰਿਹਾ ਸੀ ਤੇ ਕਿੰਨਾ ਹੀ ਚਿਰ, ਕਿ ਹੋਟਲ ਵਾਲੇ ਮਨੁੱਖੀ ਮਾਸ ਸਪਲਾਈ ਕਰਦੇ ਹੋਣੇ ਆਂ ਢਾਬਿਆਂ ਨੂੰ। ਭੋਲੇ-ਭਾਲੇ ਲੋਕਾਂ ਨੂੰ ਭਰਮਾ ਕੇ ਮਾਰਕੇ, ਉਹਨਾਂ ਦੇ ਅੰਗ-ਪੈਰ, ਗੁਰਦੇ-ਫੇਫੜੇ ਵੇਚਦੇ ਹੋਣੇ ਆਂ। ਕਿਸੇ ਨਾਲ ਦੁਸ਼ਮਣੀ ਹੋਵੇ ਤਾਂ ਵੀ ਪੰਜ ਸੌ ਲੋਕੀਂ ਐਂ ਥੋੜ੍ਹੀ ਬਲੀ ਚਾੜ੍ਹੇ ਜਾ ਸਕਦੇ ਇਕੋ ਥਾਂ। ਖ਼ਬਰ ਨੇ ਮੇਰੇ ਅੰਦਰ ਆਪਣੇ ਢੰਗ ਨਾਲ ਤਰਥੱਲੀ ਮਚਾ ਰੱਖੀ ਸੀ ਕਿ ਸਹਿਬਨ ਮੈਨੂੰ ਜਿੰਦਰ ਦਾ ਚੀਕ-ਚਿਹਾੜਾ ਸੁਣਾਈ ਦਿੱਤਾ। ਉਸ ਨੇ ਜਿਵੇਂ ਘਰ ਹੀ ਸਿਰ 'ਤੇ ਚੁੱਕ ਲਿਆ ਸੀ। ਉਹ ਉੱਚੀ-ਉੱਚੀ ਕਈ ਕੁਝ ਬੋਲੀ ਜਾ ਰਹੀ ਸੀ। ਮੈਨੂੰ ਸਮਝ ਨਾ ਲੱਗੇ। ਮੈਂ ਉਸਨੂੰ ਉਠਾਲਣ-ਬਿਠਾਉਣ ਦੇ ਯਤਨ ਵੀ ਕੀਤੇ, ਪਰ ਕਾਮਯਾਬ ਨਾ ਹੋਇਆ। ਉਸਨੂੰ ਉਠਾਲਣ-ਚੁੱਕਣ ਦੇ ਸਮਰੱਥ ਸਾਡਾ ਛੋਟਾ ਲੜਕਾ ਘਰ ਨਹੀਂ ਸੀ, ਉਹ ਡਿਊਟੀ 'ਤੇ ਸੀ ਉਸ ਸਮੇਂ। ਆਖ਼ਿਰ ਮੈਂ ਰਾਹ ਜਾਂਦੇ ਇਕ ਸਿਹਤਮੰਦ ਰਾਹੀ ਦੀ ਮਿੰਨਤ ਕੀਤੀ, ਉਸਨੇ ਜਿੰਦਰ ਨੂੰ ਮੰਜੇ ਤੋਂ ਚੁੱਕ ਕੇ ਵੀਲ੍ਹ-ਕੁਰਸੀ 'ਤੇ ਰੱਖ ਦਿੱਤਾ। ਮੈਂ ਖੁੱਲ੍ਹੇ ਵਿਹੜੇ 'ਚ ਵਿਹੜੇ 'ਚ ਪੰਜ-ਚਾਰ ਚੱਕਰ ਲੁਆਏ। ਤਾਂ ਕਿਧਰੇ ਥੋੜ੍ਹਾ ਕੁ ਸ਼ਾਂਤ ਹੋਈ ਦੇ ਉਸਦੇ ਬੋਲ ਸਮਝ 'ਚ ਆਏ। ਉਹ ਆਖ ਰਹੀ ਸੀ –"ਮੈ ਐਸ ਹਸਪਤਾਲ ਜਾਣਾ, ਮੈਂ ਵੀ ਪਿੰਜਰ ਦੇਖਣੇ, ਮੈਂ ਵੀ ਪਿੰਜਰ ਬਣਨਾ। ਮੈਂ ਵੀ ਪਿੰਜਰ ......।" ਉਸਦਾ ਇਹ ਵਿਰਲਾਪ ਦੁਪਹਿਰ ਤੱਕ ਕਿਧਰੇ ਉਸਨੂੰ ਕੁਰਸੀ 'ਤੇ ਬੈਠੀ ਨੂੰ ਨੀਂਦ ਆਈ 'ਤੇ ਖ਼ਤਮ ਹੋਇਆ।

"ਬੜਾ ਸਬਰ ਰੱਖਿਆ ਤੁਸੀਂ ਭਾਅ ਜੀ, ਨਹੀਂ ਤਾਂ ਸਧਾਰਨ ਬੰਦਾ ਘੜੀ ਨਾ ਕੱਢੇ ਐਹੋ ਜਿਹੇ ਤਲਖ਼ ਸਮੇਂ ਅੰਦਰ। ਸਾਨੂੰ ਲੱਗਦਾ ਤੁਹਾਡੇ ਦੁੱਖ ਸੁਣ ਕੇ ਹਰ ਕੋਈ ਜਿਵੇਂ ਆਪਣੇ ਨਿੱਜੀ ਦੁੱਖ ਦਾ ਸਹਿਯੋਗੀ ਬਣ ਗਿਆ ਹੋਵੇ।" ਇਹ ਸੀਤਲ ਕੌਰ ਸੀ। ਉਹ ਵੀ ਲੰਘ ਚੁੱਕੀ ਸੀ ਕਾਫ਼ੀ ਸਾਰੇ ਔਖੇ ਸਮਿਆਂ 'ਚ। ਉਸ ਨੇ ਅੱਗੇ ਕਿਹਾ, "ਅਸਲ 'ਚ ਭਾਅ ਜੀ ਕੋਈ ਵੀ ਮਨੁੱਖ ਨਾ ਪੂਰੀ ਤਰ੍ਹਾਂ ਦੁਖੀ ਐ, ਨਾ ਪੂਰਨ ਭਾਂਤ ਸੁਖੀ। ਕਿਸੇ-ਕਿਸੇ ਦੁੱਖ ਸਬਰ ਦਾ ਮਿਸ਼ਰਣ ਸਾਡੇ ਅੰਦਰ ਐਸਾ ਵੀ ਹੁੰਦਾ ਜਿਸ ਨੂੰ ਕੋਈ ਨਾਂ ਨਹੀਂ ਦਿੱਤਾ ਜਾ ਸਕਦਾ। ਬੱਸ ਔਖੇ ਵੇਲੇ ਉਹੀ ਸਾਨੂੰ ਸੰਭਾਲਦਾ।"

ਸਿੱਖ ਇਤਿਹਾਸ ਤਾਂ ਭਰਿਆ ਪਿਆ ਐਹੋ ਜਿਹੇ ਔਖੇ ਭਾਰੇ ਵੇਲਿਆਂ ਨਾਲ। ਤੱਤੀ ਤਵੀ ਤੋਂ ਲੈ ਕੇ ਚਾਂਦਨੀ ਚੌਂਕ ਤੱਕ ਰੱਖੇ ਸਬਰ ਨੇ ਹੀ ਇਕ ਖ਼ਾਸ ਤਰ੍ਹਾਂ ਦਾ ਜਬਤ ਭਰ ਰੱਖਿਆ ਐ ਸਾਡੇ ਅੰਦਰ। ਇਸ ਨੇ ਵੱਖਰੀ ਤਰ੍ਹਾਂ ਦੀ ਪਛਾਣ ਦਿੱਤੀ ਐ ਸਾਨੂੰ। ਐਵੇਂ ਨਹੀਂ ਬੰਦਾ ਬਹਾਦਰ ਨੇ ਅੱਖਾਂ ਸਾਹਮਣੇ ਚੀਰ ਹੁੰਦੇ ਆਪਣੇ ਬਲੂਰ ਜਿਹੇ ਪੁੱਤਰ ਦੀ ਹੋਣੀ ਨੂੰ ਸਹਿਣ ਕੀਤਾ ਸੀ, ਹੋਰ ਤਾਂ ਹੋਰ ਚੀਰੇ ਗਏ ਬਾਲ ਦੇ ਕੱਢੇ ਗਏ ਕਾਲਜੇ ਨੂੰ ਆਪਣੇ ਮੂੰਹ ਅੰਦਰ ਤੁੰਨ ਹੁੰਦੇ ਨੂੰ ਵੀ ਇਕ ਭਾਣੇ ਵਜੋਂ ਸਵੀਕਾਰ ਕੀਤਾ ਸੀ।" ਬਿੱਕਰ ਸਿੰਘ ਇਸ ਵਾਰ ਪੂਰੀ ਤਰ੍ਹਾਂ ਉਤੇਜਿਤ ਹੋ ਕੇ ਬੋਲਿਆ ਸੀ।

ਇਸ ਵਾਰ ਸਭ ਦੀਆਂ ਅੱਖਾਂ ਨਮ ਸਨ ਤੇ ਡੂੰਘੀ ਪੱਸਰੀ ਚੁੱਪ। ਜੇ ਕੁਝ ਸੁਣਾਈ ਦਿੰਦਾ ਸੀ, ਉਹ ਹਰ ਇਕ ਦੇ ਅੰਦਰੋਂ ਵਾਰ-ਵਾਰ ਨਿਕਲਦੇ ਡੂੰਘੇ-ਦਰਦੀਲੇ ਹਉਕੇ ਦੇ ਹਾਵ-ਭਾਵ।

ਹੁਣ ਤੱਕ ਦੀਆਂ ਵਾਰਤਾਵਾਂ ਵਿਚ ਹੂੰ-ਹਾਂ ਦਾ ਹੁੰਗਾਰਾ ਭਰਦੇ ਰਹੀ ਤੀਸਰੇ ਮਰਦ ਸੰਜੀਵ ਕੁਮਾਰ ਨੇ ਵੀ ਆਪਣੀ ਹਾਜ਼ਰੀ ਲੁਆਈ "ਬੜੇ ਜਜ਼ਬਾਤੀ ਸਨ, ਹਰਜਿੰਦਰ ਭੈਣ ਜੀ।"

ਏਨੇ ਨੂੰ ਕੋਈ ਜਣਾ ਰਾਜਦੀਪ ਦੀ ਪਿੱਠ ਪਿਛਲਾ ਦਰਵਾਜ਼ਾ ਖੋਲ੍ਹ ਕੇ ਚਾਹ ਰੱਖ ਗਿਆ। ਖੁੱਲ੍ਹੀ-ਵੱਡੀ ਟਰੇਅ 'ਚ ਛੇ-ਸੱਤ ਕੱਪਾਂ 'ਚ ਕੇਵਲ ਚਾਹ, ਬਿਨਾਂ ਕਿਸੇ ਖਾਣ-ਸਮੱਗਰੀ

ਦੇ। ਕਿੰਨਾ ਹੀ ਚਿਰ ਕਿਸੇ ਨੇ ਇਹਨਾਂ ਵੱਲ ਧਿਆਨ ਨਾ ਦਿੱਤਾ। ਠੰਡੀ ਹੋ ਰਹੀ ਚਾਹ ਵੱਲ ਇਸ਼ਾਰਾ ਕਰਦਿਆਂ ਰਾਜਦੀਪ ਨੇ ਸਭ ਨੂੰ ਚਾਹ ਪੀਣ ਲਈ ਬੇਨਤੀ ਕੀਤੀ।

ਹੁਣ ਸਭ ਜਣੇ ਘੁੱਟ-ਘੁੱਟ ਕਰਕੇ ਚਾਹ ਵੀ ਪੀ ਰਹੇ ਸਨ ਤੇ ਅਗਲੇ ਪੱਖ ਦੀ ਬਾਤ-ਚੀਤ ਬਾਰੇ ਤੱਥ ਵੀ ਜੋੜ ਰਹੇ ਸਨ, ਸ਼ਾਇਦ।

ਘੜੀਆਂ-ਦੋ-ਘੜੀਆਂ ਪਿੱਛੋਂ ਸੀਤਲ ਭੈਣ ਜੀ ਸਭਨਾਂ ਸਮੇਤ ਵਿਸ਼ੇਸ਼ ਕਰਕੇ ਬਿੱਕਰ ਸਿੰਘ ਨੂੰ ਮੁਖ਼ਾਤਿਬ ਸੀ "ਗਿਆਨੀ ਜੀ ਕਿੱਥੇ ਬੰਦਾ ਸਿੰਘ ਵਰਗੇ ਜਰਨੈਲਾਂ ਦੇ ਕਾਰਨਾਮੇ, ਕਿੱਥੇ ਅੱਜ ਦੇ ਮਨੁੱਖ ਦੀਆਂ ਵਹਿਸ਼ੀ ਹਰਕਤਾਂ ਪੜ੍ਹੀ-ਸੁਣੀ ਹੋਣੀਆਂ, ਤੁਸੀਂ ਮੁਲਕ ਦਾ ਸਭ ਤੋਂ ਸੱਭਿਅਕ ਤੇ ਪੜ੍ਹਿਆ ਲਿਖਿਆ ਗਿਣ ਹੁੰਦਾ ਐ ਸੂਬਾ ਕੇਰਲਾ। ਓਥੋਂ ਦੇ ਇਕ ਵੱਡੇ ਸ਼ਹਿਰ 'ਚ ਇਕ ਪੜ੍ਹੀ ਲਿਖੀ ਡਾਕਟਰ ਜੋੜੀ ਦੀ ਸਹਿਮਤੀ ਨਾਲ ਦੋ ਸਿਹਤਮੰਦ ਮਜ਼ਦੂਰ ਔਰਤਾਂ ਦੇ ਸਰੀਰਾਂ ਦੇ ਛਪੰਜਾ-ਛਪੰਜਾ ਟੁਕੜੇ ਕਰਕੇ, ਉਹਨਾਂ ਦਾ ਮਾਸ ਵੀ ਖਾਧਾ। ਇਕ ਤਾਂਤਰਿਕ ਨੇ ਖ਼ੂਨ ਵੀ ਪੀਤਾ।ਇਹ ਸਾਰਾ ਕੁਝ ਉਸ ਡਾਕਟਰ ਜੋੜੀ ਦੇ ਕੰਮ-ਕਾਰ ਦੀ ਬੇਹਤਰੀ ਦੇ ਉਪਾਅ ਵਜੋਂ ਹੋਇਆ। ਇਹ ਐ ਅੱਜ ਦੇ 'ਸੱਭਿਅਕ' ਗਿਣ ਹੁੰਦੇ ਸਮਾਜੀ ਵਰਤਾਰੇ ਦੀ ਸ਼ਾਖ਼ਸ਼ਾਤ ਉਦਾਰਣ।"

ਸੀਤਲ ਦੀ ਗੱਲ ਮੁੱਕਦਿਆਂ ਸਾਰ ਕਰਤਾਰ ਨੇ ਅਗਲੀ ਕੜੀ ਨਾਲ ਜੋੜ ਲਈ -"ਆਪਣੀ ਦਿੱਲੀ ਦਾ ਹਾਲ ਦੇਖ ਲਓ। ਇਕ ਥਾਂ ਪਤੀ ਨੇ ਪਤਨੀ ਦੇ ਪੈਂਤੀ ਟੁਕੜੇ ਕਰਕੇ, ਤੇ ਦੂਜੀ ਥਾਂ ਪਤਨੀ ਨੇ ਆਪਣੇ ਮਰਦ ਦੇ ਦਸ ਟੁਕੜੇ ਕਰਕੇ ਫਰਿਜ 'ਚ ਰੱਖ ਲਏ। ਹਿਸਾਬ ਲਾਉ ਮਨੁੱਖ ਅੰਦਰਲਾ ਵਹਿਸ਼ੀਪੁਣਾ ਕਿੱਥੋਂ ਤੱਕ ਗ਼ਰਕ ਗਿਆ ਐ। ਬਦਲਵੇਂ ਪ੍ਰੇਮੀ ਜਾਂ ਪ੍ਰੇਮਿਕਾ ਖ਼ਾਤਰ ਬਾਲ-ਬੱਚਿਆਂ ਨੂੰ ਨਹਿਰਾਂ 'ਚ ਸੁੱਟਣਾ, ਜਾਂ ਲਾਵਾਰਸ ਛੱਡ ਕੇ ਦੌੜ ਜਾਣਾ। ਆਪਣੇ ਖ਼ੂਨ ਸਮੇਤ ਟੱਬਰ ਦੇ ਟੱਬਰ ਪੈਟਰੋਲ ਪਾ ਕੇ ਸਾੜਨੇ। ਚਿੱਟੇ ਖ਼ਾਤਰ ਮਾਂ-ਬਾਪ ਨੂੰ ਦਾਤਰਾਂ, ਤਵਿਆਂ, ਸਰੀਏ ਵਰਗੇ ਸੰਦਾਂ ਨਾਲ ਮਾਰਨਾ, ਤਾਂ ਜਿਵੇਂ ਆਮ ਜਿਹਾ ਵਰਤਾਰਾ ਹੋ ਗਿਆ ਹੋਵੇ।"

"ਇਹ ਸਭ ਗੁਰੂਆਂ-ਪੀਰਾਂ ਦੀ ਸਿੱਖਿਆ-ਸ਼ਿਖ਼ਸ਼ਾ ਤੋਂ ਮੂੰਹ ਮੋੜ ਲੈਣ ਦਾ ਨਤੀਜਾ ਐ ਜੀ," ਬਿੱਕਰ ਸਿੰਘ ਵੱਲੋਂ ਆਪਣੀ ਸੂਝ-ਸਮਝ ਅਨੁਸਾਰ ਦਿੱਤੇ ਉੱਤਰ ਨਾਲ ਗੁਰਦੇਵ ਮਾਸਟਰ ਦੀ ਤਸੱਲੀ ਨਾ ਹੋਈ। ਉਸਨੇ ਸਮਕਾਲ ਦੇ ਵਰਤਾਰੇ ਦੀ ਵੱਖਰੇ ਢੰਗ ਨਾਲ ਵਿਆਖਿਆ ਛੋਂਹਦਿਆਂ ਸਭ ਦਾ ਧਿਆਨ ਆਪਣੇ ਵੱਲ ਖਿੱਚਿਆ, ਬਿੱਕਰ ਸਿੰਘ ਨੂੰ ਨਿਕਾਰੇ ਬਿਨਾਂ "ਸਾਥੀਓ ਤੁਆਡੇ ਸਭਨਾਂ ਅੰਦਰ ਤੌਖ਼ਲੇ ਐਵੇਂ-ਕਿਵੇਂ ਓੱਪਰੇ-ਓੱਪਰੇ ਕਾਰਨਾਂ ਦਾ ਸਿੱਟਾ ਨਹੀਂ ਹਨ। ਇਹਨਾਂ ਦੀ ਪਿੱਠਭੂਮੀ 'ਚ ਵਿਸ਼ਵੀਕਰਨ ਦੇ ਸਰਮਾਏ ਦਾ ਸਾਮਰਾਜ ਕਾਰਜਸ਼ੀਲ ਐ। ਇਸ ਦੀਆਂ ਕਈ ਸਾਰੀਆਂ ਅਲਾਮਤਾਂ ਵਿਚੋਂ ਦੋ ਬਹੁਤੀਆਂ ਮਹੱਤਵਪੂਰਨ ਹਨ। ਇੱਕ, ਇਸ ਨੇ ਮਨੁੱਖ ਦੀ ਪੂਰੀ ਦੀ ਪੂਰੀ ਕਿਰਤ ਸ਼ਕਤੀ ਆਪਣੇ ਮੁਨਾਫ਼ੇ ਲਈ ਗਿਰਵੀ ਕਰ ਰੱਖੀ ਐ ਤੇ ਦੂਜੀ..... ਦੂਜੀ ਇਸ ਨੇ ਦੁਨੀਆਂ ਭਰ ਦੇ ਲੋਕਾਂ ਤੋਂ ਮਨੁੱਖਤਾ ਖੋਹ ਲਈ ਐ। ਇਸ ਨੇ ਮਨੁੱਖ ਨੂੰ ਧੁਰ ਅੰਦਰ ਤੱਕ ਤੋੜ ਦਿੱਤਾ ਐ। ਹੁਣ ਇਸ ਲਈ ਘਰ-ਪ੍ਰੀਵਾਰ, ਯਾਰੀਆਂ-ਦੋਸਤੀਆਂ, ਪਿੰਡਾਂ, ਸ਼ਹਿਰਾਂ, ਕਸਬਿਆਂ ਦਾ ਮੋਹ, ਭਾਈਚਾਰਕ ਸਾਂਝਾਂ ਵਰਗੇ ਸ਼ਬਦ ਹੁਣ ਕੋਈ ਅਰਥ ਨਹੀਂ ਰੱਖਦੇ। ਆਪਣੇ ਗਿਣ ਹੁੰਦੇ ਆਪਣਿਆਂ ਦੇ ਕਤਲ ਸਭ ਇਸੇ ਹੀ ਕਰਤੂਤ ਦੀ ਬਦੌਲਤ ਐ ਮਿੱਤਰੋ।"

ਜ਼ਰਾ ਕੁ ਰੁਕ ਕੇ ਉਸਨੇ ਇਕ ਅਹਿਮ ਬਿੰਦੂ ਵੀ ਨਾਲ ਹੀ ਜੋੜ ਦਿੱਤਾ-"ਦੋਸਤੋ, ਪੀੜਤ ਧਿਰਾਂ ਸਮੇਤ ਸਾਡੇ ਸੁਚੇਤ ਵਰਗਾਂ ਸਾਹਮਣੇ ਬੇਹੱਦ ਖ਼ਤਰਨਾਕ ਮੰਜ਼ਰ ਹੈ ਇਹ। ਨਾ ਸੰਭਲੇ ਤਾਂ ਸਿੱਟੇ ਗ਼ੁਲਾਮੀ ਯੁੱਗ ਤੋਂ ਵੀ ਭੈੜੇ ਨਿਕਲ ਸਕਦੇ ਐ।" ਸੱਥਰ 'ਤੇ ਇਕ ਵਾਰ ਫਿਰ ਸੁੰਨ ਪਸਰ ਗਈ।

ਗੁਰਦੇਵ ਨੇ ਅਜੇ ਬੀਤ ਚੁੱਕੇ ਯੁੱਗਾਂ 'ਚ ਛੋਟੇ-ਛੋਟੇ ਬੱਚਿਆਂ ਨੂੰ ਹਵਾ 'ਚ ਉਲਾਰ ਕੇ ਨੇਜ਼ਿਆਂ 'ਤੇ ਬੋਚਣ, ਹਲਾਂ-ਕੋਹਲੂਆਂ-ਗੱਡਿਆਂ ਅੱਗੇ ਪਸ਼ੂਆਂ ਦੀ ਥਾਂ ਜੁੜੇ ਮਨੁੱਖੀ ਸਰੀਰਾਂ ਨੂੰ ਵੱਜਦੇ ਛਾਂਟਿਆਂ ਦਾ ਆਨੰਦ ਮਾਣਦੇ ਰਾਜਿਆਂ-ਰਜਵਾੜਿਆਂ, ਅਫ਼ਸਰਾਂ-ਅਧਿਕਾਰੀਆਂ ਦੇ ਕਾਰਨਾਮਿਆਂ ਦੀ ਬਾਤ ਵੀ, ਆਪਣੇ ਅੰਦਰਲੇ ਬੋਝ ਨੂੰ ਹਲਕਾ ਕਰਨ ਲਈ ਰੁਕੀ ਬਾਤ-ਚੀਤ ਮੁੜ ਛੇੜਨੀ ਚਾਹੀ ਪਰ ਸਮਾਂ ਆਗਿਆ ਨਹੀਂ ਸੀ ਦਿੰਦਾ।

ਉਹਨਾਂ ਨੂੰ ਆਇਆਂ-ਬੈਠਿਆਂ ਨੂੰ ਕਰੀਬ ਦੋ-ਢਾਈ ਘੰਟੇ ਹੋਣ ਵਾਲੇ ਸਨ। ਸੂਰਜ ਦੀਆਂ ਟੇਢੀਆਂ ਕਿਰਨਾਂ ਵੀ ਧਰਤੀ 'ਤੇ ਸਿੱਧੀਆਂ ਵਿਛਣ ਲੱਗ ਪਈਆਂ ਸਨ। ਇਸਤਰੀ ਅਧਿਆਪਕਾਂ ਨੂੰ ਸੰਧਿਆ ਵੇਲੇ ਦੀ ਰਸੋਈ ਦੇ ਆਹਰ-ਪਾਹਰ ਦਾ ਫ਼ਿਕਰ ਵੀ ਤੇ ਮਰਦਾਂ ਨੂੰ ਖੇਤਾਂ ਪਸ਼ੂਆਂ ਦੇ ਪੱਠੇ-ਦੱਥੇ ਦਾ। ਉੱਠਣ ਲੱਗੀ ਸੀਤਲ ਕੌਰ ਨੇ ਇਕ ਵਾਰ ਫਿਰ ਹਰਜਿੰਦਰ ਨੂੰ ਪੂਰੀ ਰੂਹ ਨਾਲ ਯਾਦ ਕਰਕੇ ਰਾਜਦੀਪ ਨੂੰ ਆਖਿਆ, "ਚੰਗਾ ਭਾਅ ਜੀ, ਤੁਸੀਂ ਠੀਕ-ਠਾਕ ਰਹੋ, ਅਸੀਂ ਤੁਆਡੇ ਵਿਚੋਂ ਹੀ ਜਿੰਦਰ ਨੂੰ ਦੇਖ ਲਿਆ ਕਰਾਂਗੇ।"

ਏਨਾ ਆਖ ਕੇ ਉਹ ਸਾਰੇ ਉੱਠਦੇ ਹੋ ਲਏ। ਰਾਜਦੀਪ ਨੇ ਬਾਹਰਲੇ ਗੇਟ ਤੱਕ ਉਹਨਾਂ ਦਾ ਸਾਥ ਦਿੱਤਾ। ਉਹਨਾਂ ਨੂੰ ਤੋਰ ਕੇ ਰਾਜਦੀਪ ਮੁੜ ਦਰੀ 'ਤੇ ਆ ਬੈਠਾ ਸੋਚ ਰਿਹਾ ਸੀ- ਇਹ ਅਧਿਆਪਕ ਜਿੰਦਰ ਲਈ ਵਿਛੇ ਸੱਥਰ 'ਤੇ ਬੈਠਣ ਹੀ ਆਏ ਸਨ ਜਾਂ ਸਮੁੱਚੀ ਮਾਨਵਤਾ ਦੀ ਹੋਂਦ ਲਈ ਲਗਾਤਾਰ ਘੁਟਣ ਦੀ ਵੰਗਾਰ ਲਈ ਵਿਉਂਤਬੰਦੀ ਕਰਨ ਦੇ ਉਪਰਾਲੇ ਵਜੋਂ ਉਸ ਨੂੰ ਆਪਣੇ ਨਾਲ-ਨਾਲ ਤੁਰਦਾ ਰੱਖਣ ਲਈ, ਇਸ ਬੈਠਕ ਨੂੰ ਇਕ ਸੱਥ ਵਿਚ ਬਦਲਦਾ ਕਰਨ ਆਏ ਸਨ।

**94655-74866**

## ਗ਼ਜ਼ਲਾਂ / ਕਰਮਜੀਤ



ਅੰਬਰ ਵੀ ਰੰਗ ਬਦਲਦਾ ਹੈ ਧਰਤ ਦੇ ਤਾਪ ਤੋਂ ਪਹਿਲਾਂ।
ਓਹ ਆਸ਼ਿਕ ਲੱਭ ਲੈਂਦਾ ਹੈ ਇਸ਼ਕ ਦੇ ਜਾਪੁ ਤੋਂ ਪਹਿਲਾਂ।

ਇਹਨਾਂ ਖੰਡਰ ਮਹਿਲਾਂ ਨੂੰ ਕੀ ਫੋਲੋਗੇ ਟਟੋਲੋਗੇ, ਕਿ,
ਸੋਚਾਂ ਪਾਪ ਕਰ ਚੁੱਕੀਆਂ ਸੀ ਪਹਿਲੇ ਪਾਪ ਤੋਂ ਪਹਿਲਾਂ।

ਤੇਰੇ ਇਹ ਪੰਖ ਪਰਾਏ ਹਨ ਪਰ ਪਰਵਾਜ਼ ਖ਼ੁਦ ਦੀ ਹੈ,
ਖ਼ੁਦਾ ਲੱਭਿਆ ਨਹੀਂ ਜਾਂਦਾ ਆਪਣੇ ਆਪ ਤੋਂ ਪਹਿਲਾਂ।

ਦਲਦਲ ਕਿੰਨੀ ਡੂੰਘੀ ਹੈ ਮਿਰੇ ਸ਼ਿਅਰਾਂ ਨੇ ਦੱਸ ਦੇਣਾ,
ਬਸ ਖਿਆਲਾਂ ਨੂੰ ਨਾਪ ਲੈਣਾ ਜ਼ਖ਼ਮ ਦੇ ਨਾਪ ਤੋਂ ਪਹਿਲਾਂ।

ਕਈ ਮਹਿੰਗੇ ਖ਼ੁਦਾਵਾਂ ਦਾ ਘਰ ਪਹਿਰਾ ਰਿਹਾ ਬੇਸ਼ੱਕ,
ਮੇਰਾ ਮੰਦਿਰ ਨਹੀਂ ਸਜਿਆ ਕਦੇ ਮਾਂ-ਬਾਪ ਤੋਂ ਪਹਿਲਾਂ।

........

ਅੱਖਾਂ ਨੂੰ ਹੁਣ ਤੇਰੀ ਪਿਆਸ ਉਤੇ ਆਸ ਘੱਟ।
ਪਾਣੀ ਬੇਗਾਨੇ ਖੁਸ਼ਕ ਖੂਹਾਂ ਨੂੰ ਰਾਸ ਘੱਟ।

ਖਾਮੋਸ਼ੀਆਂ ਦੀ ਹੁੰਦੀ, ਇਕੋ ਗੱਠ ਮਹਿਰਮਾਂ,
ਲੱਖਾਂ ਅਲਫ਼ਾਜ਼ ਤੇਰੇ ਕੋਲੇ ਅਹਿਸਾਸ ਘੱਟ।

ਮੱਥੇ ਦੇ ਚਟਾਕ ਕਦੇ ਕਾਟ ਨਾ ਗੁਨਾਹਾਂ ਦੇ,
ਮਾਲਾ 'ਚ ਮੋਤੀ ਢੇਰਾਂ ਐਪਰ ਅਰਦਾਸ ਘੱਟ।

ਰੱਤ ਮੈਂ ਮੁਕਾ ਲਿਆ ਸਾਰਾ ਖ਼ਤਾਂ ਨੂੰ ਸਿੰਜ ਕੇ,
ਬੋਟ ਮਿਰੇ ਭੁੱਖੇ ਪਰ ਛਾਤੀਆਂ 'ਚ ਮਾਸ ਘੱਟ।

ਪਾਪ ਮੇਰੇ ਸੁਪਨਿਆਂ ਦੇ ਜੇਕਰ ਤੂੰ ਗਿਣ ਲਵੇਂ,
ਸੱਚ ਜਾਣੀ ਹਾਲੇ ਵੀ ਮੇਰਾ ਬਨਵਾਸ ਘੱਟ।

ਮੁਹੱਬਤ 'ਚ ਸੁਹਣਿਆਂ ਹਕੂਮਤਾਂ ਨਾ ਹੁੰਦੀਆਂ,
ਨਾਹੀਂ ਤੂੰ ਰੱਬ ਜ਼ਿਆਦਾ ਨਾ ਹੀ ਮੈਂ ਦਾਸ ਘੱਟ।

..........

ਕੁੱਝ ਸਮਰਪਣ ਰੱਖੀਂ, ਸ਼ਿੱਦਤ ਵਿੱਚ ਬਲ ਰੱਖੀਂ।
ਵਿਚਾਰਾਂ ਨੂੰ ਗੁੰਨਣ ਲੱਗੇਂ, ਅੱਖਾਂ 'ਚ ਜਲ ਰੱਖੀਂ।

ਸਿਧਾਰਥ ਤਾਂ ਤੇਰੇ ਅੰਦਰ ਵੀ ਤਿਆਰ ਬੈਠਾ ਹੈ,
ਤੂੰ ਬੱਸ ਮਨ ਦੇ ਪੱਥਰਾਂ ਨੂੰ ਜ਼ਰਾ ਸਮਤਲ ਰੱਖੀਂ।

ਸਾਰੇ ਸੀਸ ਚੌਖਟਾਂ ਤੇ ਨਾ ਵਾਰ ਦੇਵੀਂ ਝੱਲਿਆ,
ਆਪਣੇ ਸੀਸ ਦੇ ਨਮਨ ਜੋਗੀ ਵੀ ਅਕਲ ਰੱਖੀਂ।

ਨੀਰਸ ਹਵਾਵਾਂ ਅੰਬਰੀਂ ਰੰਗ ਨਹੀਂ ਭਰਦੀਆਂ,
ਕੁੱਝ ਸਰਦ ਖ਼ਿਆਲ ਕੁਝ ਬਰਸਾਤੀ ਪਲ ਰੱਖੀਂ।

ਮਿੱਟੀ, ਮਿੱਟੀ ਨਾ' ਖਹਿੰਦੀ ਨਹੀਂ, ਸਮਾਉਂਦੀ ਹੈ,
ਨਫ਼ਰਤ ਨੂੰ ਸੱਚੀਆਂ ਮੁਹੱਬਤਾਂ 'ਚ ਬਦਲ ਰੱਖੀਂ।

ਐਸੇ ਕਰਮ ਨਾ ਕਰੀਂ ਕਿ ਨਜ਼ਰ ਨਾ ਮਿਲਾ ਸਕੇਂ,
ਦਿਮਾਗੀ ਹਿਸਾਬ 'ਚ ਦਿਲ ਦਾ ਵੀ ਦਖ਼ਲ ਰੱਖੀਂ।

..........

ਇਹ ਜ਼ਿੰਦਗੀ ਦਾ ਫ਼ਲਸਫ਼ਾ ਬੱਸ ਸਰਕਾਰ ਇੰਨਾ ਹੈ।
ਮੈਂ ਓਹਦੇ ਆਰ ਕਿੰਨਾ ਹਾਂ, ਓਹ ਮੇਰੇ ਪਾਰ ਕਿੰਨਾ ਹੈ।

ਵਾਪਸ ਕਰਨੇ ਨੇ ਓਨ੍ਹੇ ਹਾਲੇ ਛਲਕਦੇ ਸਮੁੰਦਰ ਕਈ,
ਓਹ ਤਪਦਾ ਰੇਗਸਤਾਨ, ਮੇਰਾ ਕਰਜ਼ਦਾਰ ਕਿੰਨਾ ਹੈ।

ਪਰਿੰਦੇ ਮਹਿਜ ਦਾਣੇ ਨਹੀਂ, ਮੋਹ ਚੁਗਣ ਆਉਂਦੇ ਨੇ,
ਇਨਸਾਨ ਮੋਹੱਬਤ ਚੋਂ ਦਾਣੇ, ਸਮਝਦਾਰ ਕਿੰਨਾ ਹੈ।

ਇੱਕੋ ਹੀ ਰਿਸ਼ਤਾ ਨਾੜੂਏ ਦਾ ਬਾਕੀ ਸਭ ਦੇਣ ਲੈਣ ਹੈ,
ਵਟੂਆ ਤੈਂ' ਕਰਦਾ, ਪਿਆਰ ਕਿੰਨਾ, ਵਪਾਰ ਕਿੰਨਾ ਹੈ।

ਸੱਚ ਹੈ ਮੈਂ ਕੁੱਜਿਆਂ 'ਚ ਸਮੁੰਦਰ ਨਹੀਂ ਭਰ ਸਕਦਾ,
ਦੱਸ ਖਾਂ ਜਰਾ ਤੋਲ ਕੇ, ਰੌਸ਼ਨੀਆਂ ਦਾ ਭਾਰ ਕਿੰਨਾ ਹੈ।

ਬਿਰਖ਼ ਹੋਣਾ ਨਹੀਂ ਲੋਚਿਆ, ਪੱਤਾ ਹੋ ਜਾਵਾਂ ਕਾਫ਼ੀ ਹੈ,
ਓਹਦਾ ਅੰਗ ਹੋਣਾ ਹੀ, ਹੋਣਾ ਪੂਰੇ ਸੰਸਾਰ ਜਿੰਨਾ ਹੈ।

## ਕਵਿਤਾਵਾਂ / ਹਰਪ੍ਰੀਤ ਕੌਰ ਸੰਧੂ



ਸਮਝਦੀ ਹਾਂ
ਤੂੰ ਮੁਹੱਬਤ ਦੀ
ਗਲਵੱਕੜੀ ਨਾਲ
ਮੇਰੀਆਂ ਇੱਛਾਵਾਂ ਦਾ ਗਲਾ
ਘੁੱਟ ਦਿੱਤਾ

ਦਰਖਤ ਬਣ ਕੇ
ਫੈਲਣਾ ਚਾਹੁੰਦੀ ਸੀ
ਤੂੰ ਮੈਨੂੰ ਇੱਕ ਵੇਲ ਬਣਾ ਛੱਡਿਆ
ਜੋ ਤੇਰੇ ਦੁਆਲੇ ਹੀ ਲਿਪਟੀ ਰਹੇ
ਉਸ ਦਾ ਆਪਣਾ
ਕੋਈ ਵਜੂਦ ਨਾ ਹੋਵੇ

ਮੈਂ ਛਟਪਟਾਉਂਦੀ ਰਹੀ
ਤੇਰੀ ਮੁਹੱਬਤ ਦੀ ਵਲਗਣ 'ਚੋਂ
ਨਿਕਲਣਾ ਚਾਹੁੰਦੀ ਰਹੀ

ਪਰ ਮੁਹੱਬਤ ਦਾ ਭਰਮ
ਕਿਵੇਂ ਦਿੰਦਾ
ਨਿਕਲਣ ਇਸ ਭਰਮ ਜਾਲ 'ਚੋਂ

ਤੇਰੀ ਮੁਹੱਬਤ ਵਿੱਚ
ਨਾ ਖਿੜ ਸਕੀ
ਨਾ ਫੈਲ ਸਕੀ
ਬਸ ਹੁਣ ਹੋਰ ਨਹੀਂ
ਹੁਣ ਮੈਂ ਤੈਨੂੰ ਕਦੇ ਨਹੀਂ ਮਿਲਾਂਗੀ

.....

ਪਿਆਰ
ਹਾਵ ਭਾਵ 'ਚੋਂ ਦਿਖਾਈ ਦਿੰਦਾ
ਅੱਖਾਂ 'ਚੋਂ ਸੁਣਾਈ ਦਿੰਦਾ
ਚਿਹਰੇ ਦੀ ਲਿਸ਼ਕ 'ਚੋਂ
ਵਿਖਾਈ ਦਿੰਦਾ
ਪਿਆਰ ਚੁੱਪ 'ਚ
ਸਮਾਇਆ ਹੁੰਦਾ
ਪਿਆਰ ਰੂਹਾਂ ਨਾਲ
ਪਰਨਾਇਆ ਹੁੰਦਾ

ਜਿਹੜਾ ਬੋਲ ਕੇ ਜਤਾਇਆ ਜਾਂਦਾ
ਉਹ ਕੁਝ ਵੀ ਹੋਵੇ
ਪਿਆਰ ਨਹੀਂ ਹੁੰਦਾ।

## ਕਵਿਤਾਵਾਂ / ਅਮਰਿੰਦਰ ਸੋਹਲ



### ਕਵਿਤਾ

ਮੈਨੂੰ ਪਤੈ
ਤੂੰ ਬੜਾ ਮੋਮੋਠੱਗਣਾ ਏਂ
ਮੈਂ ਸਾਰੇ ਭੇਤ
ਜਾਣਦੀ ਹਾਂ ਤੇਰੇ

ਤੂੰ ਪੜ੍ਹੇਂਗਾ ਮੈਨੂੰ ਮਹਿਫ਼ਿਲਾਂ 'ਚ
ਜਦ ਤਕ ਤੇਰੇ ਕੋਲ਼
ਕੋਈ ਹੋਰ ਕਵਿਤਾ
ਨਹੀਂ ਆਉਂਦੀ

ਇਹ ਵੀ ਪਤੈ ਮੈਨੂੰ
ਤੂੰ ਸ਼ਾਮਲ ਨਹੀਂ ਕਰੇਂਗਾ
ਮੈਨੂੰ ਆਪਣੀ ਕਿਤਾਬ ਵਿਚ
ਇਹ ਕਹਿ ਕੇ
''ਤੂੰ ਮੇਰੀ ਸੋਚ ਦੇ
ਹਾਣ ਦੀ ਨਹੀਂ''

ਮੈਂ ਇਉਂ ਹੀ ਰੁਲ਼ਦੀ ਰਹਾਂਗੀ
ਤੇਰੇ ਰਫ਼ ਵਰਕਿਆਂ 'ਚ।

### ਗੁਆਚਦਾ ਤਮਾਸ਼ਾ

ਜਾਦੂਗਰ ਪਿੜ ਵਿਚ
ਕੱਪੜਾ ਵਿਛਾ ਕੇ
ਆਪਣਾ ਤਮਾਸ਼ਾ
ਦਿਖਾਉਣ ਲੱਗਦਾ ਹੈ
ਟਿਊਬ ਦੇ ਟੁਕੜੇ ਖਾਂਦਾ ਹੈ
ਮੂੰਹ 'ਚੋਂ ਲੋਹੇ ਦੇ ਗੋਲ਼ੇ ਕੱਢਦਾ ਹੈ
ਲੋਹੇ ਦੇ ਵੱਟਿਆਂ ਨੂੰ
ਜੋੜ ਦਿੰਦਾ ਹੈ
ਜੇਬਾਂ 'ਚੋਂ ਕਬੂਤਰਾਂ ਦਾ
ਜੋੜਾ ਕੱਢਦਾ ਹੈ
ਮੁੱਠੀ 'ਚੋਂ ਸਿੱਕੇ ਕੱਢਦਾ ਹੈ

ਸਾਰਾ ਤਮਾਸ਼ਾ ਦੇਖ ਕੇ ਵੀ
ਲੋਕ ਉਸ ਨੂੰ ਕੋਈ
ਪੈਸਾ ਨਹੀਂ ਦਿੰਦੇ
ਪੜ੍ਹ-ਲਿਖ ਕੇ
'ਸਿਆਣੇ' ਜੋ ਹੋ ਗਏ
ਜਾਦੂਗਰ ਦੀ ਆਪਣੀ
ਇਸ ਹਾਲਤ 'ਤੇ
ਅੰਦਰੋਂ ਅੰਦਰ ਧਾਹ
ਨਿਕਲ਼ ਜਾਂਦੀ ਹੈ

ਉਹ ਹੁਣ ਬੇਵਸੀ ਖਾਂਦਾ ਹੈ
ਮੂੰਹ 'ਚੋਂ ਦੁਰਅਸੀਸਾਂ ਕੱਢਦਾ ਹੈ
ਉਸ ਤੋਂ ਆਪਣੀਆਂ
ਚੱਪਲਾਂ ਦੀਆਂ
ਟੁੱਟੀਆਂ ਵੱਧਰਾਂ ਵੀ ਜੋੜ ਨਹੀਂ
ਹੁੰਦੀਆਂ
ਉਹ ਜੇਬਾਂ ਪੁੱਠੀਆਂ ਕਰ ਕੇ
ਜੇਬਾਂ 'ਚ ਫਸੀ ਮਿੱਟੀ ਝਾੜ ਦਿੰਦਾ ਹੈ
ਖ਼ਾਲੀ ਮੁੱਠੀ 'ਤੇ
ਖਾਜ਼ ਕਰਦਾ ਹੈ

ਜਾਦੂਗਰ ਜੋ ਕੁਝ ਸਮਾਂ ਪਹਿਲਾਂ
ਲੋਕਾਂ ਨੂੰ ਤਮਾਸ਼ਾ ਦਿਖਾਉਂਦਾ ਸੀ
ਲੋਕਾਂ ਅੱਗੇ ਖ਼ੁਦ
ਤਮਾਸ਼ਾ ਬਣ ਜਾਂਦਾ ਹੈ।

## ਕਮਬਖ਼ਤ ਸੇਠੀ / ਸਰਬਜੀਤ ਕੌਰ ਸੋਹਲ



ਚੰਦਰੇ ਹਨ੍ਹੇਰੇ ਹਟਣ ਦਾ ਨਾਮ ਹੀ ਨਹੀਂ ਲੈਂਦੇ... ਅਜੇ ਰਾਤ ਅੱਧੀ ਕੁ ਏਧਰ ਤੇ ਅੱਧੀ ਕੁ ਓਧਰ ਹੋਈ ਸੀ। ਸੱਟਾਂ ਭਾਵੇਂ ਬਹੁਤੀਆਂ ਨਹੀਂ ਸਨ, ਰਗੜਾਂ ਜ਼ਿਆਦਾ ਸਨ। ਇਹ ਤਾਂ ਕੋਈ ਸੁਲੱਖਣੀ ਘੜੀ ਸੀ, ਕਿ ਕੁਝ ਦਿੱਤਾ ਲਿਆ, ਅੱਗੇ ਆ ਗਿਆ, ਨਹੀਂ ਤਾਂ ਅੱਜ ਜਾਹ ਜਾਂਦੀ ਹੋ ਜਾਣੀ ਸੀ...।

ਸੱਟਾਂ ਦੇ ਅਕੜਾ ਨਾਲ ਜਸਵੀਰ ਦਾ ਬੁਰਾ ਹਾਲ ਸੀ। ਪੇਨ ਕਿੱਲਰ ਦਾ ਅਸਰ ਵੀ ਮੁੱਕ ਗਿਆ ਲਗਦਾ ਸੀ। ਸਰੀਰ ਦੀਆਂ ਪੀੜਾਂ ਨਾਲੋਂ ਮਾਨਸਿਕ ਪੀੜ ਨੇ ਉਸ ਨੂੰ ਹਾਲੋਂ ਬੇਹਾਲ ਕੀਤਾ ਹੋਇਆ ਸੀ। ਉਸ ਨੂੰ ਕਾਲੀ ਬੋਲੀ ਰਾਤ ਵਾਂਗ ਹੀ ਆਪਣਾ ਭਵਿੱਖ ਹਨ੍ਹੇਰਾ ਨਜ਼ਰ ਆ ਰਿਹਾ ਸੀ।

ਸੋਚਦਿਆਂ ਸੋਚਦਿਆਂ ਉਸ ਦੀਆਂ ਅੱਖਾਂ 'ਚੋਂ ਪਰਲ ਪਰਲ ਹੰਝੂਆਂ ਦੀ ਝੜੀ ਹੀ ਲਗ ਗਈ। ਇਕ ਡੂੰਘਾ ਸਾਹ ਲੈ ਉਹ ਅਤੀਤ ਦੀਆਂ ਘਟਨਾਵਾਂ ਨੂੰ ਸਮਝਣ ਦਾ ਯਤਨ ਕਰਨ ਲੱਗੀ...।

ਉਸ ਦਿਨ ਜਸਵੀਰ ਬਹੁਤ ਖ਼ੁਸ਼ ਸੀ। ਐੱਮ ਏ ਦਾ ਰਿਜ਼ਲਟ ਆਇਆ ਅਤੇ ਨਾਲ ਹੀ ਪੈਂਦੀ ਸੱਟੇ ਉਸ ਦਾ ਨੈੱਟ ਦਾ ਪੇਪਰ ਵੀ ਪਾਸ ਹੋ ਗਿਆ ਸੀ। ਹੈੱਡ ਸਰ ਦੇ ਨਾਲ ਨਾਲ ਕਾਲਜ ਦੀ ਮੈਨੇਜਮੈਂਟ ਨੇ ਵੀ ਉਸ ਨੂੰ ਵਧਾਈ ਦਿੱਤੀ ਸੀ। ਆਖਰ ਉਹ ਕਾਲਜ ਦੀ ਹੋਣਹਾਰ ਵਿਦਿਆਰਥਣ ਸੀ।

ਜਸਵੀਰ ਖ਼ੁਸ਼ ਸੀ, ਬਹੁਤ ਖ਼ੁਸ਼... ਜਿਸ ਕਾਲਜ ਵਿੱਚ ਪੜ੍ਹੀ ਉਸੇ ਕਾਲਜ ਵਿੱਚ ਪੜ੍ਹਾਉਣ ਦੀ ਆਫਰ ਲੈਟਰ ਜੋ ਉਸ ਨੂੰ ਮਿਲ ਗਈ ਸੀ। ਸਾਧਾਰਨ ਘਰ ਦੇ ਪਰੰਪਰਕ ਸੋਚ ਵਾਲੇ ਮਾਪਿਆਂ ਦੀ ਧੀ ਜਸਵੀਰ ਆਪਣੀ ਮਿਹਨਤ ਸਦਕਾ ਇੱਥੋਂ ਤਕ ਪਹੁੰਚ ਗਈ ਸੀ।

ਕਾਲਜ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ ਅਤੇ ਪੰਜਾਬੀ ਲਾਜ਼ਮੀ ਵਿਸ਼ਾ ਹੋਣ ਕਾਰਨ ਪੰਜਾਬੀ ਵਿਭਾਗ ਵਿੱਚ ਅਧਿਆਪਕਾਂ ਦੀ ਗਿਣਤੀ ਵੀ ਵਾਹਵਾ ਹੀ ਸੀ। ਵਿਭਾਗ ਦਾ ਸਟਾਫ਼ਰੂਮ ਭਰਿਆ ਰਹਿੰਦਾ, ਹਾਸਿਆਂ ਦੀਆਂ ਆਵਾਜ਼ਾਂ ਦੇ ਨਾਲ ਨਾਲ ਖੁਸਰ-ਫੁਸਰ ਵੀ ਹੁੰਦੀ ਰਹਿੰਦੀ। ਆਪਣੇ ਹੀ ਅਧਿਆਪਕਾਂ ਨਾਲ ਕੁਲੀਗ ਵਜੋਂ ਵਿਚਰਨਾ ਜਸਵੀਰ ਲਈ ਭਾਵੇਂ ਕੁਝ ਅਸਹਿਜ ਸੀ ਪਰ ਸੀਨੀਅਰਜ਼ ਵੱਲੋਂ ਦਰਸਾਏ ਪਿਆਰ ਨਾਲ ਉਹ ਹੌਲੀ ਹੌਲੀ ਸਹਿਜ ਹੋਣ ਦੀ ਕੋਸ਼ਿਸ਼ ਵਿੱਚ ਤਸਲੀਨ ਹੋ ਗਈ। ਸਾਰਿਆਂ ਦਾ ਮੂੰਹ ਮਿੱਠਾ ਕਰਵਾ, ਵਧਾਈਆਂ ਨਾਲ ਝੋਲੀਆਂ ਭਰ ਉਹ ਹੈੱਡ ਸਰ ਲਈ ਵੱਖਰਾ ਕਾਜੂ ਬਰਫ਼ੀ ਵਾਲਾ ਡੱਬਾ ਲੈ ਉਹਨਾਂ ਦੇ ਦਫ਼ਤਰ ਵੱਲ ਹੋ ਤੁਰੀ।

ਦਫ਼ਤਰ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਜਸਵੀਰ ਨੇ ਡੂੰਘਾ ਸਾਹ ਭਰਿਆ ਅਤੇ ਕੁਝ ਸਾਵੀਂ ਹੋਣ ਦੀ ਜਦੋ ਜਹਿਦ ਵਿੱਚ ਕਦਮ ਰੋਕ ਲਏ।

ਐਮ.ਏ. ਦੇ ਦੌਰਾਨ ਉਸ ਨੇ ਹੈੱਡ ਦੇ ਠਰਕੀ ਸੁਭਾਅ ਬਾਰੇ ਕਈ ਕਹਾਣੀਆਂ ਸੁਣੀਆਂ ਸਨ... ਪਰ ਹੌਂਸਲਾ ਜਿਹਾ ਕਰਕੇ ਉਹ ਦਫ਼ਤਰ ਵਿੱਚ ਦਾਖ਼ਲ ਹੋ ਹੀ ਗਈ।

ਵੱਡੀ ਸਾਰੀ ਮੁਸਕੁਰਾਹਟ ਨਾਲ ਸੇਠੀ ਸਰ ਕੁਰਸੀ ਤੋਂ ਖੜੇ ਹੋ ਗਏ ਅਤੇ ਉਸ ਨੂੰ ਪਿਆਰ ਦੇਣ ਲਈ ਅੱਗੇ ਨੂੰ ਹੋਏ ਤਾਂ ਉਸ ਨੇ ਥੋੜਾ ਜਿਹਾ ਝੁਕ ਕੇ ਸਿਰ ਅੱਗੇ ਕਰ ਦਿੱਤਾ। ਸਿਰ ਪਲੋਸਦਿਆਂ ਸਰ ਦਾ ਹੱਥ ਉਹਦੀ ਪਿੱਠ ਤੱਕ ਆ ਗਿਆ ਤਾਂ ਚੰਗਾ ਨਹੀਂ ਸੀ ਲੱਗਿਆ, ਜਸਵੀਰ ਨੂੰ...।

ਪਰ ਭਾਵਾਂ ਦੀ ਤਰਲਤਾ ਨੇ ਉਸ ਨੂੰ ਜ਼ਿਆਦਾ ਮਹਿਸੂਸ ਨਾ ਹੋਣ ਦਿੱਤਾ। ਉਹ ਜਾਣੇ... ਹੈੱਡ ਸਰ ਤਾਂ ਉਸ ਦੇ ਡੈਡੀ ਦੀ ਉਮਰ ਦੇ ਸਨ।

ਅਗਲੇ ਦਿਨ ਟਾਇਮ ਟੇਬਲ ਵਿੱਚ ਛੇ ਪੀਰੀਅਡ ਲੱਗੇ ਵੇਖ ਉਸ ਹੈੱਡ ਵੱਲ ਸਵਾਲੀਆਂ ਨਜ਼ਰਾਂ ਨਾਲ ਵੇਖਿਆ... ਉਹ ਸ਼ਾਇਦ ਜਸਵੀਰ ਦੀ ਫੇਸ ਰੀਡਿੰਗ ਹੀ ਕਰ ਰਹੇ ਲੱਗਦੇ ਸੀ।

''ਕੋਈ ਗੱਲ ਨਹੀਂ ਜਸਵੀਰ, ਤੱਗੜੀ ਹੋ ਕੇ ਪੜ੍ਹਾ, ਮੈਂ ਤੇਰੀ ਲਈ ਬਹੁਤ ਕੁਝ ਸੋਚਿਆ ਹੋਇਆ ਹੈ। ਮੈਂ ਕੋਸ਼ਿਸ਼ ਕਰਾਂਗਾ ਕਿ ਅਗਲੇ ਸੈਸ਼ਨ ਵਿੱਚ ਤੇਰੀ ਸਿਲੈਕਸ਼ਨ ਕਵਰਡ ਪੋਸਟ ਤੇ ਹੋ ਜਾਏ। ਤੈਨੂੰ ਮੇਰੇ ਹੁੰਦਿਆਂ ਚਿੰਤਾ ਕਰਨ ਦੀ ਕੋਈ ਲੋੜ ਨਹੀਂ।'' ਹੈੱਡ ਨੇ ਉਸ ਦੀ ਬੇਚੈਨੀ ਭਾਂਪਦਿਆਂ ਕਿਹਾ।

''ਸਰ, ਮੈਂ ਪੂਰੀ ਮਿਹਨਤ ਕਰਾਂਗੀ ਤੇ ਤੁਹਾਨੂੰ ਸ਼ਿਕਾਇਤ ਦਾ ਮੌਕਾ ਨਹੀਂ ਮਿਲੇਗਾ।'' ਕਹਿੰਦਿਆਂ ਜਸਵੀਰ ਉੱਠਣ ਲੱਗੀ ਤਾਂ ਸਰ ਨੇ ਉਸ ਨੂੰ ਚਾਹ ਪੀ ਕੇ ਜਾਣ ਦਾ ਇਸ਼ਾਰਾ ਕਰਦਿਆਂ ਚਪੜਾਸੀ ਨੂੰ ਚਾਹ ਲਿਆਉਣ ਲਈ ਕਿਹਾ।

ਅੱਗੇ ਤਾਂ ਸਰ ਨੇ ਕਦੀ ਐਨਾ ਮੋਹ ਨਹੀਂ ਦਿਖਾਇਆ, ਵਿਦਿਆਰਥੀਆਂ ਨੇ ਤਾਂ ਉਸ ਦਾ ਨਾਮ ਸੜੂ ਰੱਖਿਆ ਹੋਇਆ ਸੀ। ਹੈੱਡ ਸਰ, ਕਮਰਜੀਤ ਸੇਠੀ ਪੰਜਾਬੀ ਵਿਭਾਗ ਦੇ ਮੁੱਖੀ ਹੋਣ ਦੇ ਨਾਲ ਨਾਲ ਯੂਥ ਕੋਆਡੀਨੇਟਰ ਹੋਣ ਕਾਰਨ, ਯੂਥ ਫੈਸਟੀਵਲ ਅਤੇ ਸੈਮੀਨਾਰ ਕਰਵਾਉਣ ਲਈ ਜਾਣੇ ਜਾਂਦੇ ਸਨ। ਕਾਲਜ ਦੀ ਮੈਨੇਜਮੈਂਟ ਨੂੰ ਵੀ ਉਹਨਾਂ ਨੇ ਮੁੱਠੀ ਵਿੱਚ ਕੀਤਾ ਹੋਇਆ ਸੀ। ਕੰਮ ਕਾਰ ਕਰਨ 'ਚ ਹੁਸ਼ਿਆਰ ਅਤੇ ਗੱਲੀਬਾਤੀਂ ਅਗਲੇ ਦਾ ਘਰ ਪੂਰਾ ਕਰਨ ਵਾਲੇ...।''

ਜਸਵੀਰ ਖ਼ੁਸ਼ ਸੀ, ਬਹੁਤ ਹੀ ਖ਼ੁਸ਼। ਹੁਣ ਉਸ ਦੇ

ਮਾਪਿਆਂ ਨੂੰ ਵੀ ਤਸੱਲੀ ਹੋ ਗਈ ਸੀ... ਕਿ ਚਲੋ ਧੀ ਨੌਕਰੀ ਲੱਗ ਗਈ ਹੈ... ਉਸ ਦੇ ਵਿਆਹ ਲਈ ਚੰਗਾ ਮੁੰਡਾ ਜ਼ਰੂਰ ਹੀ ਮਿਲ ਜਾਵੇਗਾ। ਅੱਜਕਲ ਨੌਕਰੀ ਕਰਦੀਆਂ ਸਾਊ ਸੁਨੱਖੀਆਂ ਕੁੜੀਆਂ ਕਿੱਥੇ ਲੱਭਦੀਆਂ? ਵੈਸੇ ਪੜ੍ਹੇ ਲਿਖੇ, ਨਸ਼ਾ ਨਾ ਕਰਨ ਵਾਲੇ, ਨੌਕਰੀ ਲੱਗੇ ਮੁੰਡਿਆਂ ਦਾ ਵੀ ਤਾਂ ਕਾਲ ਹੀ ਪੈ ਗਿਆ ਹੋਇਆ। ਜੁਆਨ ਕੁੜੀਆਂ ਦੇ ਮਾਪਿਆਂ ਨੂੰ ਤਾਂ ਇਹੀ ਫ਼ਿਕਰ ਦਿਨ ਰਾਤ ਵੱਢ ਵੱਢ ਖਾਈ ਜਾਂਦੇ ਆ।

ਬਾਕੀ ਕਸਰ ਆਈਲੈਟਸ, ਵਾਲਿਆਂ ਨੇ ਪੂਰੀ ਕਰ ਦਿੱਤੀ ਹੋਈ ਸੀ। ਮਾਪੇ ਧੜਾ-ਧੜ ਬੱਚਿਆਂ ਨੂੰ ਬਾਹਰ ਭੇਜਣ ਲਈ ਪੂਰਾ ਟਿੱਲ ਲਾ ਰਹੇ ਨੇ। ਅਜੰਟਾਂ ਨੂੰ ਪੈਸੇ ਚੜ੍ਹਾਉਣ ਲਈ ਭਾਵੇਂ ਪੂਰਾ ਘਰ ਘਾਟ ਜਾਂ ਜ਼ਮੀਨ ਨਾ ਵੇਚਣੀ ਪਵੇ...। ਬਸ ਇੱਕ ਵਾਰ ਨਿਆਣਾ ਬਾਹਰ ਚਲਾ ਜਾਵੇ... ਫਿਰ ਤਾਂ ਬਸ ਉਸ ਨੇ... ਸੜਕਾਂ ਤੇ ਲੱਗੇ ਡਾਲਰ ਹੀ ਇਕੱਠੇ ਕਰਨੇ ਨੇ... ਅਨਪੜ੍ਹ ਮਾਪੇ ਰੀਸੋ ਰੀਸੀ ਹੀ ਇਸ ਦੌੜ ਵਿੱਚ ਸ਼ਾਮਿਲ ਸਨ।

ਉਂਝ ਭਾਵੇਂ ਨਵੇਂ ਦਾਖ਼ਲੇ ਸ਼ੁਰੂ ਸਨ ਪਰ ਪਿਛਲੇ ਕੁਝ ਸਾਲਾਂ ਦੀ ਬਨਿਸਪਤ ਇਸ ਸਾਲ ਕਾਲਜਾਂ ਵਿਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘੱਟ ਗਈ ਸੀ। ਪਿਛਲੇ ਪੰਤਾਲੀ ਸਾਲਾਂ ਵਿੱਚ ਬੇਰੁਜ਼ਗਾਰੀ ਦੀ ਦਰ ਇਸ ਵੇਲੇ ਸਭ ਤੋਂ ਜ਼ਿਆਦਾ ਸੀ...। ਕੀ ਬਣੂ ਕਾਲਜਾਂ ਦਾ, ਵਿਦਿਆਰਥੀਆਂ ਬਿਨਾਂ ਤਾਂ ਸੁੰਨੇ ਕਾਲਜ ਭਾਂ-ਭਾਂ ਕਰਦੇ ਲੱਗਦੇ ਨੇ... ਰੌਣਕ ਤਾਂ ਵਿਦਿਆਰਥੀਆਂ ਨਾਲ ਹੀ ਹੁੰਦੀ ਹੈ। ਰੰਗ ਬਿਰੰਗੀਆਂ ਪੱਗਾਂ ਵਾਲੇ ਮੁੰਡੇ ਤੇ ਰੰਗ ਬਿਰੰਗੇ ਸੂਟਾਂ ਵਾਲੀਆਂ ਕੁੜੀਆਂ ਬਣ-ਠਣ ਕੇ ਕਾਲਜ ਆਉਂਦੇ... ਖ਼ੂਬ ਮਸਤੀ ਕਰਦੇ... ਕਲਾਸਾਂ ਬੰਕ ਕਰਕੇ ਚਾਹਾਂ ਪੀਂਦੇ... ਮੁੰਡੇ ਸਾਰਾ ਸਾਰਾ ਦਿਨ ਕੁੜੀਆਂ ਨੂੰ ਤਾੜਦਿਆਂ ਹੀ ਲੰਘਾਉਂਦੇ, ਕਈ ਕੁਝ ਸੀ ਇਸ ਜੁਆਨੀ ਦੇ ਮੰਜ਼ਰ ਵਿੱਚ... ਸੋਚਦਿਆਂ ਸੋਚਦਿਆਂ ਜਸਵੀਰ ਕਦੋਂ ਘਰ ਪਹੁੰਚ ਗਈ, ਉਸ ਨੂੰ ਵੀ ਪਤਾ ਨਹੀਂ ਲੱਗਿਆ...।

ਘਰ ਦੀਆਂ ਆਰਥਿਕ ਥੁੜਾਂ ਤੇ ਦੋਵਾਂ ਭੈਣ ਭਰਾਵਾਂ ਵਿੱਚੋਂ ਵੱਡੀ ਜਸਵੀਰ ਨੇ ਤਾਂ ਕਾਲਜ ਦੇ ਮਸਤੀ ਵਾਲੇ ਦਿਨਾਂ ਨੂੰ ਵੀ ਬੱਸ ਲਾਇਬ੍ਰੇਰੀ ਦੇ ਰੀਡਿੰਗ ਰੂਮ ਵਿੱਚ ਹੀ ਗੁਜ਼ਾਰ ਘੱਤਿਆ। ਬੇਲੋੜੀਆਂ ਗੱਲਾਂ ਕਰਨਾ ਉਸ ਦੀ ਫ਼ਿਤਰਤ ਹੀ ਨਹੀਂ ਸੀ।

ਵੋਟਾਂ ਦੀ ਰਾਜਨੀਤੀ ਤਹਿਤ ਵਜ਼ੀਫ਼ੇ ਦੀ ਮਾਰ ਨੇ ਜਿੱਥੇ ਕਾਲਜਾਂ ਨੂੰ ਦੀਵਾਲੀਆ ਹੋਣ ਕੰਢੇ ਖੜ੍ਹਾ ਕਰ ਦਿੱਤਾ, ਉਥੇ ਨਾਲ ਹੀ ਅਨੁਸ਼ਾਸਨ ਦੀ ਵੀ ਵੱਡੀ ਸਮੱਸਿਆ ਖੜੀ ਹੋ ਗਈ ਸੀ।

ਫੀਸ ਨਾ ਲੱਗਣ ਦੀ ਆੜ ਤਹਿਤ ਗ਼ੈਰ ਸੰਜੀਦਾ ਵਿਦਿਆਰਥੀ ਵੀ ਕਾਲਜ ਵਿੱਚ ਦਾਖ਼ਲ ਹੋ ਕੇ ਪਛਾਣ ਪੱਤਰ ਬਣਵਾ ਲੈਂਦੇ... ਕਾਲਜ ਵਿਚ ਆਉਣ ਜਾਣ ਦੀ ਖੁੱਲ੍ਹ ਹੋ ਜਾਂਦੀ... ਕਲਾਸਾਂ ਲਾਉਣੀਆਂ ਨਹੀਂ... ਪੇਪਰ ਦੇਣੇ ਨਹੀਂ... ਕੁੜੀਆਂ ਛੇੜਨ ਦੀ ਤੇ ਕੈਂਟੀਨ 'ਚ ਗੱਪਾਂ ਮਾਰਨ ਦੀ ਅਜ਼ਾਦੀ ਮੁਫ਼ਤ ਵਿੱਚ...। ਇਹੀ ਵਿਦਿਆਰਥੀ ਕਾਲਜ ਦੀ ਆਰਥਿਕਤਾ ਤੇ ਵੱਡਾ ਹਥੌੜਾ ਮਾਰ ਰਹੇ ਸਨ। ਫਿਰ ਜਦੋਂ ਗ਼ੈਰਹਾਜ਼ਰੀਆਂ ਅਤੇ ਪੇਪਰ ਨਾ ਦੇਣ ਕਾਰਨ ਮਾੜੀ ਮੋਟੀ ਖਿਚਾਈ ਹੁੰਦੀ, ਤਾਂ ਇਨ੍ਹਾਂ ਨੂੰ ਕੀ ਫ਼ਰਕ ਪੈਂਦਾ... ਕਾਲਜ ਆਉਣਾ ਬੰਦ... 'ਤੇ ਕਾਲਜ ਵਾਲਿਆਂ ਨੂੰ ਸਰਕਾਰ ਨੇ ਵਜ਼ੀਫ਼ੇ ਦੇ ਪੈਸੇ ਨਹੀਂ ਦੇਣੇ, ਅਖੇ ਵਜ਼ੀਫ਼ਾ ਉਸੇ ਨੂੰ ਮਿਲੂ ਜਿਸ ਨੇ ਪੜ੍ਹਾਈ ਲਗਾਤਾਰ ਕੀਤੀ ਹੋਵੇ।

ਸੋਚਾਂ ਸੋਚਦੀ ਸੋਚਦੀ ਜਸਵੀਰ ਕਿੱਥੋਂ ਕਿੱਥੇ ਪਹੁੰਚ ਗਈ। ਧਰਮ ਵੀ ਇਕ ਬਿਜ਼ਨਸ ਬਣ ਗਿਆ ਹੋਇਆ ਸੀ। ਰਾਜਨੀਤੀ, ਸੱਤਾ ਤੇ ਕਬਜ਼ਾ ਅਤੇ ਫਿਰ ਭ੍ਰਿਸ਼ਟਾਚਾਰ...। ਫ਼ਰੀਸ਼ਿਪ ਕਾਰਡ ਨੇ ਵੀ ਤਾਂ ਪੰਜਾਬ ਨੂੰ ਮੰਗਤਿਆਂ ਦੀ ਪਾਲ ਵਿੱਚ ਖੜਾ ਛੱਡਿਆ ਸੀ। ਬਿਜਲੀ ਮੁਫ਼ਤ, ਮਿਡ ਡੇ ਮੀਲ, ਅੱਠਵੀਂ ਤਕ ਸਾਰੇ ਨਿਆਣੇ ਪਾਸ, ਆਟਾ ਦਾਲ ਸਕੀਮ, ਪੀਲੇ ਕਾਰਡ ਹੋਰ ਪਤਾ ਨਹੀਂ ਕੀ ਕੁਝ ਲੁਭਾਓਣੇ ਲਾਰੇ...। ਬੌਧਿਕ ਕੰਗਾਲੀ ਦੇ ਮਾਰੇ ਪੰਜਾਬੀਆਂ ਹੱਥ ਸਸਤੇ ਫੋਨ ਫੜਾ ਕੇ ਆਹਰੇ ਲਾ ਰੱਖਿਆ... ਬਸ...। ਨੌਜਵਾਨ ਸਿਰ ਝੁਕਾਈ ਆਲੇ ਦੁਆਲੇ ਤੋਂ ਬੇਖ਼ਬਰ ਰੁੱਝੇ ਹੋਏ ਨੇ ਇੱਕ ਖ਼ਿਆਲੀ, ਵਰਚੁਅਲ ਦੁਨੀਆ ਵਿੱਚ...।

ਕਾਲਜਾਂ ਵਾਲਿਆਂ ਨੂੰ ਸਰਕਾਰ ਵੱਲੋਂ ਵਜ਼ੀਫੇ ਦੇ ਪੈਸੇ ਆਉਣ ਜਾ ਨਾ... ਯੂਨੀਵਰਸਿਟੀਆਂ ਆਪਣੀਆਂ ਫੀਸਾਂ ਦੇ ਥੱਬਿਆਂ ਦੇ ਥੱਬੇ ਲਈ ਜਾ ਰਹੀਆਂ ਹਨ। ਬਹੁਤੇ ਕਾਲਜ ਤਾਂ ਇਹ ਦੋਹਰੀ ਮਾਰ ਨਾ ਝੱਲਦੇ ਹੋਏ ਸਟਾਫ਼ ਦੀਆਂ ਤਨਖਾਹਾਂ ਦੇਣ ਤੋਂ ਵੀ ਆਤੁਰ। ਚਾਰ ਛੇ ਮਹੀਨਿਆਂ ਤਕ ਤਨਖ਼ਾਹ ਹੀ ਨਾ ਮਿਲਣੀ... ਆਮ ਗੱਲ ਹੋਈ ਪਈ ਸੀ।

'ਤੇ ਇਨ੍ਹਾਂ ਝੁਕੇ ਹੋਏ ਸਿਰਾਂ 'ਤੇ ਪੈਰ ਧਰ-ਧਰ ਕੇ ਰਾਜਨੀਤੀਵਾਨ ਆਪਣਾ ਮਕਸਦ ਸਿੱਧ ਕਰਨ ਤੇ ਦੇਸ਼ ਨੂੰ ਵੇਚਣ ਲੱਗੇ ਹੋਏ ਸਨ। ਭਲਾ ਦੱਸੋ ਹੁਣ ਪੜ੍ਹੇ ਲਿਖੇ ਪੀ. ਐੱਚ. ਡੀ. ਪ੍ਰੋਫ਼ੈਸਰ ਵੀ ਕੀ ਕਰਨ...? ਕਦੀ ਤਾਂ ਤਨਖ਼ਾਹ ਮਿਲੇਗੀ ਹੀ... ਬਸ ਇਸੇ ਆਸ ਤੇ ਪੜ੍ਹਾਈ ਜਾਂਦੇ ਨੇ...। ਉਂਝ ਦੁਨੀਆਂ ਦੇ ਹਰ ਸਮਾਜ ਦੇ ਹਰ ਵਰਗ ਵਿੱਚ ਕਿਰਤ ਦੀ ਲੁੱਟ ਆਮ ਸਾਧਾਰਨ ਵਰਤਾਰਾ ਹੀ ਹੋ ਗਿਆ ਹੋਇਆ। ਫ਼ਰਕ ਸਿਰਫ਼ ਐਨਾ ਸੀ ਕਿ ਅੱਗੇ ਅਨਪੜ੍ਹ ਜਾਂ ਘੱਟ ਪੜ੍ਹੇ ਲਿਖੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਸਨ ਪਰ ਹੁਣ ਤਾਂ ਪੜ੍ਹੀ ਲਿਖੀ ਜਮਾਤ ਵੀ ਅੰਨ੍ਹੀ ਲੁੱਟ ਦਾ ਸ਼ਿਕਾਰ ਹੋ ਰਹੀ ਸੀ। ਵਿਦਿਆਰਥੀਆਂ ਨੂੰ ਮਾਰਕਸਵਾਦ ਪੜ੍ਹਾਉਂਦੀ ਪੜ੍ਹਾਉਂਦੀ ਜਸਬੀਰ ਕਿੱਥੋਂ ਦੀ ਕਿੱਥੇ ਪਹੁੰਚ ਜਾਂਦੀ।

ਅੱਠਾਂ ਵਿੱਚੋਂ ਜਸਵੀਰ ਦੇ ਛੇ ਪੀਰੀਅਡ ਲੱਗੇ ਹੋਏ ਸਨ। ਸੇਠੀ ਸਰ ਨੇ ਆਪਣੀ ਐਮ. ਏ. ਦੀ ਕਲਾਸ ਵੀ ਉਸ ਨੂੰ ਹੀ ਪੜ੍ਹਾਉਣ ਲਈ ਦੇ ਦਿੱਤੀ ਸੀ। ਉਂਝ ਭਾਵੇਂ ਉਹ ਸੇਠੀ ਸਰ ਦੀ ਹੀ ਸਟੂਡੈਂਟ ਸੀ, ਸਰ ਉਸ ਲਈ ਗੁਰੂ ਸਮਾਨ ਸਨ... ਪਰ ਉਸ ਨਾਲ ਅਜਿਹਾ ਸਲੂਕ ਹੋਵੇਗਾ... ਇਸ ਦਾ ਤਾਂ ਉਸ ਨੇ

ਕਿਆਸ ਵੀ ਨਹੀਂ ਕੀਤਾ ਸੀ।

ਜਸਬੀਰ ਸਬਰ ਦਾ ਘੁੱਟ ਭਰ ਕੇ ਰਹਿ ਗਈ... ਚਲੋ, ਕੋਈ ਨਾ... ਨੌਕਰੀ ਕੀ ਤੇ ਨਖ਼ਰਾ ਕੀ... ਅੱਜ ਕੱਲ ਨੌਕਰੀ ਕਿੱਥੇ ਮਿਲਦੀ ਐ।

ਵੈਸੇ ਵੀ ਪ੍ਰਾਈਵੇਟ ਕਾਲਜਾਂ ਦੀਆਂ ਪ੍ਰਬੰਧਕੀ ਕਮੇਟੀਆਂ ਵੀ ਆਰਥਿਕ ਤੌਰ ਤੇ ਟੁੱਟੀਆਂ ਪਈਆਂ ਸਨ। ਜਦੋਂ ਦੀ ਸਰਕਾਰ ਨੇ ਐਸ ਸੀ ਬੱਚਿਆਂ ਨੂੰ ਮੁਫ਼ਤ ਸਿੱਖਿਆ ਵਾਲੀ ਪਾਲਿਸੀ ਲਾਗੂ ਕੀਤੀ ਹੈ ਉਦੋਂ ਤੋਂ ਹੀ ਕਾਲਜਾਂ ਵਾਲੇ ਐੱਸ ਸੀ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇ ਰਹੇ ਹਨ। ਅਖੇ ਸਰਕਾਰ ਕਾਲਜਾਂ ਨੂੰ ਆਪਣੇ ਵੱਲੋਂ ਇਨ੍ਹਾਂ ਦੀ ਫੀਸ ਦੇਵੇਗੀ ਹੁਣ ਸਰਕਾਰ ਤੇ ਸਰਕਾਰ ਹੀ ਐ ਨਾ...। ਉਂਝ ਪੈਸੇ ਵੀ ਬੱਚੇ ਦੇ ਖਾਤੇ ਵਿੱਚ ਆਉਣਗੇ ਤੇ ਉਹ ਇਹ ਪੈਸੇ ਕਾਲਜ ਦੀ ਫ਼ੀਸ ਵਜੋਂ ਦੇਵੇਗਾ। ਬਹੁਤੇ ਬੱਚੇ ਬੇਈਮਾਨ ਹੋ ਜਾਂਦੇ ਨੇ ਤੇ ਫ਼ੀਸ ਖਾ-ਪੀ ਜਾਂਦੇ ਨੇ। ਤਾਂ ਹੀ ਤਾਂ ਪ੍ਰਾਈਵੇਟ ਕਾਲਜਾਂ ਦਾ ਕਚੂੰਬਰ ਨਿਕਲਿਆ ਹੋਇਆ।

ਇਸ ਸਭ ਕਾਸੇ ਦੇ ਬਾਵਜੂਦ ਵੀ ਜਸਬੀਰ ਨੂੰ ਲੱਗਦਾ ਕਿ ਪੜ੍ਹਾਉਣਾ ਹੀ ਉਸ ਦਾ ਪੈਸ਼ਨ ਹੈ, ਉਹ ਵਿਦਿਆਰਥੀਆਂ ਨੂੰ ਸਿਲੇਬਸ ਕਰਵਾਉਣ ਦੇ ਨਾਲ ਨਾਲ ਹੋਰ ਜਾਣਕਾਰੀ ਭਰਪੂਰ ਗੱਲਾਂ ਵੀ ਦੱਸਦੀ ਰਹਿੰਦੀ।

ਕੁਝ ਹੀ ਦਿਨਾਂ ਵਿਚ ਉਹ ਬੱਚਿਆਂ ਦੀ ਪਸੰਦੀਦਾ ਅਧਿਆਪਕ ਬਣ ਗਈ ਸੀ। ਐਮ.ਏ. ਵਾਲੇ ਵਿਦਿਆਰਥੀ ਤਾਂ ਉਸ ਤੋਂ ਉਮਰ ਵਿੱਚ ਦੋ ਕੁ ਸਾਲ ਹੀ ਛੋਟੇ ਸਨ, ਉਹ ਤਾਂ ਜਸਵੀਰ ਨੂੰ ਦੋਸਤਾਂ ਵਾਂਗ ਹੀ ਲੱਗਦੇ। ਭਾਵੇਂ ਐਨੀਆਂ ਕਲਾਸਾਂ ਪੜ੍ਹਾਉਂਦਿਆਂ ਉਹ ਥੱਕ ਜਾਂਦੀ ਪਰ ਉਸ ਨੂੰ ਆਪਣੇ ਆਪ ਤੇ ਤਸੱਲੀ ਵੀ ਰਹਿੰਦੀ ਸੀ।

ਲੈਕਚਰ ਤਿਆਰ ਕਰਨ ਅਤੇ ਵਿਦਿਆਰਥੀਆਂ ਨੂੰ ਨੋਟਸ ਤਿਆਰ ਕਰਵਾਉਣ ਵਿਚ ਉਹ ਇੰਨੀ ਮਸਰੂਫ਼ ਹੋ ਗਈ ਸੀ ਕਿ ਕਈ ਮਹੀਨੇ ਉਸ ਨੂੰ ਪੀ.ਐੱਚ. ਡੀ. ਕਰਨ ਦਾ ਖ਼ਿਆਲ ਹੀ ਨਹੀਂ ਆਇਆ।

ਗਰਮੀ ਦੀਆਂ ਛੁੱਟੀਆਂ ਵਿਚ ਉਸ ਨੂੰ ਵੀ ਬਾਕੀ ਐਡਹਾਕ ਅਧਿਆਪਕਾਂ ਵਾਂਗ ਰਿਲੀਵ ਕਰ ਦਿੱਤਾ ਗਿਆ ਤਾਂ ਇਸ ਵਿਹਲ ਨੇ ਮੁੜ ਉਸ ਅੰਦਰ ਪੀ.ਐੱਚ.ਡੀ ਕਰਨ ਦਾ ਕੀੜਾ ਕੁਰਬਲ-ਕੁਰਬਲ ਕਰਨ ਲਾ ਦਿੱਤਾ।

ਅਕਸਰ ਕਾਲਜਾਂ ਵਿੱਚ ਨੈਸ਼ਨਲ, ਇੰਟਰਨੈਸ਼ਨਲ ਕਾਨਫ਼ਰੰਸਾਂ ਹੁੰਦੀਆਂ ਰਹਿੰਦੀਆਂ ਸਨ। ਯੂ ਜੀ ਸੀ ਦੀਆਂ ਲੋੜਾਂ ਮੁਤਾਬਕ ਏ ਪੀ ਆਈ ਸਕੋਰ ਹਾਸਲ ਕਰਨ ਲਈ ਰਿਸਰਚ ਪੇਪਰ ਲਿਖਣਾ, ਕਾਨਫ਼ਰੰਸਾਂ 'ਚ ਪੜ੍ਹਨਾ ਤੇ ਫਿਰ ਛਪਵਾਉਣਾ ਅਧਿਆਪਨ ਦੀਆਂ ਕਸਬੀ ਲੋੜਾਂ ਸਨ।

ਅੱਜ ਮੀਂਹ ਪੈ ਕੇ ਹਟਿਆ ਸੀ, ਗਰਮੀ ਦੀ ਕੋਫ਼ਤ ਕੁਝ ਘੱਟ ਸੀ, ਰੁਮਕਦੀ ਹਵਾ ਸਰਗੋਸ਼ੀਆਂ ਕਰਦੀ... ਉਸ ਨੂੰ ਛੇੜਦੀ... ਖ਼ਰਮਸਤੀਆਂ ਕਰ ਰਹੀ ਸੀ। ਅਜਿਹੇ ਨਟਖਟ ਮੌਸਮ 'ਚ ਉਸ ਆਪਣੀ ਸਹੇਲੀ ਸੰਗੀਤਾ ਨੂੰ ਫੋਨ ਕੀਤਾ ਤੇ ਦੋਵੇਂ ਜਣੀਆਂ ਸਲਾਹ ਮਸ਼ਵਰਾ ਕਰਕੇ ਪੀਐੱਚ. ਡੀ ਲਈ ਗਾਈਡ ਸਬੰਧੀ ਸੇਠੀ ਸਰ ਨੂੰ ਮਿਲਣ ਕਾਲਜ ਵੱਲ ਤੁਰ ਪਈਆਂ।

ਵਿਦਿਆਰਥੀਆਂ ਦੀ ਚਹਿਲ ਪਹਿਲ ਘੱਟ ਹੋਣ ਕਾਰਨ ਸਭ ਪਾਸੇ ਵੀਰਾਨਗੀ ਜਿਹੀ ਛਾਈ ਸੀ। ਅਮਲਤਾਸ ਦੇ ਪੀਲੇ ਫੁੱਲਾਂ ਦੇ ਗੁੱਛੇ ਹਵਾ ਨਾਲ ਖਹਿ ਕੇ ਆਪਸ ਵਿੱਚ ਗੜਬੜੀਆਂ ਕਰ ਰਹੇ ਲੱਗਦੇ ਸਨ। ਗੁਲਮੋਹਰ ਦੇ ਰੁੱਖ ਵੀ ਕਤਾਰਬੱਧ ਹੋ ਜਿਵੇਂ ਉਨ੍ਹਾਂ ਦਾ ਸਵਾਗਤ ਕਰ ਰਹੇ ਹੋਣ। ਕਿਆਰੀਆਂ ਵਿਚ ਦੁਪਹਿਰ ਖਿੜੀ ਵੀ ਜੋਬਨ ਤੇ ਸੀ। ਕੋਇਲ ਦੀ ਕੂ-ਕੂ ਅਤੇ ਪੰਛੀਆਂ ਦੀਆਂ ਆਵਾਜ਼ਾਂ ਨਾਲ ਉਸ ਦਾ ਮਨ ਵਿਸਮਾਦੀ ਅਵਸਥਾ ਵਿੱਚ ਆ ਗਿਆ। ਏਨਾ ਖ਼ੂਬਸੂਰਤ ਕਾਲਜ... ਉਸ ਪਹਿਲਾਂ ਕਿਉਂ ਨਹੀਂ ਮਹਿਸੂਸ ਕੀਤਾ। ਸ਼ਾਇਦ ਦੁਨੀਆਂ ਦੀ ਭੀੜ ਤੋਂ ਮੁਖ ਮੋੜ ਬੰਦਾ ਜਦੋਂ ਕੁਦਰਤ ਵੱਲ ਨੂੰ ਮੁੜਦਾ ਹੈ ਤਾਂ ਕੁਦਰਤ ਉਸ ਨੂੰ ਘੁੱਟ ਕੇ ਕਲਾਵੇ ਵਿੱਚ ਲੈ ਲੈਂਦੀ ਹੈ। ਕੁਦਰਤ ਬੰਦੇ ਨੂੰ ਪਿਆਰਦੀ ਦੁਲਾਰਦੀ ਤੇ ਰਾਹਤ ਵੀ ਬਖ਼ਸ਼ਦੀ ਹੈ।

ਵਿਸਮਾਦ ਦੀ ਇਸ ਅਵਸਥਾ ਨੂੰ ਆਪਣੇ ਅੰਦਰ ਡੂੰਘੇ ਵਸਾਉਣ ਦੀ ਚਾਹਤ ਲਈ ਜਸਵੀਰ 'ਤੇ ਸੰਗੀਤਾ ਸੇਠੀ ਸਰ ਦੇ ਡਿਪਾਰਟਮੈਂਟ ਵਾਲੇ ਦਫ਼ਤਰ ਵਿੱਚ ਪਹੁੰਚ ਗਈਆਂ ਸਨ। ਸਰ ਖੁਸ਼ ਹੋ ਕੇ ਮਿਲੇ... ਚਾਹ ਲਈ ਚਪੜਾਸੀ ਨੂੰ ਆਵਾਜ਼ ਦਿੱਤੀ ਅਤੇ ਸੋਫ਼ੇ ਤੇ ਉਨ੍ਹਾਂ ਦੇ ਕੋਲ ਹੀ ਆ ਕੇ ਬਹਿ ਗਏ।

ਗੱਲਾਂ ਗੱਲਾਂ ਵਿੱਚ ਹੀ ਜਸਵੀਰ ਨੇ ਪੀਐੱਚ.ਡੀ ਕਰਨ ਦੀ ਖ਼ਾਹਿਸ਼ ਜ਼ਾਹਿਰ ਕੀਤੀ ਤਾਂ ਉਹ ਫ਼ੌਰਨ ਤਿਆਰ ਹੋ ਗਏ। ਲੱਗਦੇ ਹੱਥ ਉਨ੍ਹਾਂ ਨੇ ਇਕ ਦੋ ਵਿਸ਼ੇ ਵੀ ਸੁਝਾਅ ਦਿੱਤੇ ਤੇ ਨਾਲ ਹੀ ਕੁਝ ਕਿਤਾਬਾਂ ਵੀ ਪੜ੍ਹਨ ਲਈ ਕਿਹਾ। ਸੇਠੀ ਸਰ ਦਾ ਧੰਨਵਾਦ ਕਰ ਦੋਵੇਂ ਸਹੇਲੀਆਂ ਖ਼ੁਸ਼ੀ 'ਚ ਖੀਵੀਆਂ ਹੋਈਆਂ ਫ਼ਿਲਮ ਵੇਖਣ ਤੁਰ ਪਈਆਂ। ਜਸਵੀਰ ਉਂਝ ਭਾਵੇਂ ਸੀਰੀਅਸ ਟਾਈਪ ਦੀ ਕੁੜੀ ਸੀ ਪਰ ਜਿਉਣ ਦੀ ਭਰਪੂਰ ਇੱਛਾ ਉਸ ਅੰਦਰ ਅੰਗੜਾਈਆਂ ਲੈਂਦੀ ਰਹਿੰਦੀ ਸੀ।... ਹਾਂ ਪਰ, ਉਸ ਦੀ ਇਹ ਇੱਛਾ ਉਸ ਦੀ ਪੜ੍ਹਾਈ ਜਾਂ ਨੰਬਰਾਂ ਦੇ ਕਦੀ ਆੜੇ ਨਹੀਂ ਆਈ।

ਅੱਥਰੂ ਗੱਲ੍ਹਾਂ ਤੇ ਕਦੋਂ ਦੇ ਸੁੱਕ ਚੁੱਕੇ ਸਨ। ਮਨ ਦੀ ਪੀੜ ਸਾਹਵੇਂ ਤਨ ਦੀ ਪੀੜ ਮਹਿਸੂਸ ਹੀ ਨਹੀਂ ਹੋ ਰਹੀ ਸੀ।... ਉਂਝ ਅੱਜ ਬੜਾ ਬਚਾਅ ਹੋਇਆ, ਡਿੱਗਣ ਨਾਲ ਉਹਦੇ ਗੋਡੇ ਤਾਂ ਛਿੱਲੇ ਹੀ ਗਏ ਅਤੇ ਸੱਟਾਂ ਵੀ ਗੁੱਝੀਆਂ ਲੱਗੀਆਂ... ਪਰ ਫਿਰ ਵੀ... ਜੇ ਕਿਤੇ ਸੜਕ ਵਾਲੇ ਪਾਸੇ ਡਿੱਗਦੀ ਤਾਂ ਨਾ ਜਾਣੀ ਭੀੜ ਭਰੀ ਸੜਕ ਤੋਂ ਕਿਸੇ ਬੱਸ ਜਾਂ ਟਰੱਕ ਨੇ ਮਿੰਟ 'ਚ ਉਸ ਦੀ ਚਟਣੀ ਬਣਾ ਕੇ ਲੰਘ ਜਾਣਾ ਸੀ।

ਉਹ ਜਿਨ੍ਹਾਂ ਬੀਤੇ 'ਚੋਂ ਬਾਹਰ ਨਿਕਲਣਾ ਚਾਹੁੰਦੀ ਸੀ, ਉਨ੍ਹੀਆਂ ਹੀ ਪੁਰਾਣੀਆਂ ਹੋਈਆਂ ਬੀਤੀਆਂ ਉਸ ਦੀਆਂ ਸੋਚਾਂ

ਤੇ ਹਾਵੀ ਹੋ ਰਹੀਆਂ ਸਨ। ਜਸਵੀਰ ਨੇ ਯਾਦ ਕਰਨ ਦੀ ਕੋਸ਼ਿਸ਼ ਕੀਤੀ ਕਿ ਉਹ ਡਿੱਗ ਕਿਵੇਂ ਪਈ। ਬਸ ਘੁਮੇਰ ਜਿਹੀ ਆਈ ਤੇ ਉਹ ਬੇਹੋਸ਼ ਜਿਹੀ ਹੋਣ ਲੱਗੀ ਸੀ। ਸਾਈਕਲ ਵਾਲੇ ਨੂੰ ਬਚਾਉਂਦੀ ਬਚਾਉਂਦੀ ਉਸ ਦੀ ਸਕੂਟੀ ਡੋਲ ਗਈ ਤੇ ਬੱਸ... ਭਾਣਾ ਵਾਪਰ ਗਿਆ...।

ਗੱਲ ਇਉਂ ਹੋਈ ਕਿ ਕਾਲਜ ਵਿਚ ਪੰਜਾਬੀ ਵਿਸ਼ੇ ਦੀ ਪੋਸਟ ਲਈ ਇੰਟਰਵਿਊ ਦੌਰਾਨ ਸੇਠੀ ਸਰ ਨੇ ਉਸ ਨੂੰ ਬੇਲੋੜੇ ਸਵਾਲਾਂ ਵਿੱਚ ਉਲਝਾਉਣ ਦੀ ਕੋਸ਼ਿਸ਼ ਕੀਤੀ। ਰੋਣਹਾਕੀ ਹੋਈ ਨੇ ਬੂਹੇ 'ਚੋਂ ਨਿਕਲਦਿਆਂ... ਜੋ ਸੁਣਿਆ ਉਸ ਨਾਲ ਜਸਵੀਰ ਦੀ ਚੇਤਨਾ ਹੀ ਸੁੰਨ ਹੁੰਦੀ ਜਾਪੀ... ਸੇਠੀ ਸਰ ਪ੍ਰਬੰਧਕੀ ਕਮੇਟੀ ਨੂੰ ਦੱਸ ਰਹੇ ਸਨ ਕਿ ਇਹ ਤਾਂ ਕਲਾਸ 'ਚ ਪੜ੍ਹਾਉਂਦੀ ਪੜ੍ਹਾਉਂਦੀ ਬੇਹੋਸ਼ ਹੋ ਜਾਂਦੀ ਹੈ।

ਹਨ੍ਹੇਰ ਸਾਈਂ ਦਾ, ਜਸਵੀਰ ਨੇ ਸੁਪਨੇ 'ਚ ਵੀ ਨਹੀਂ ਸੋਚਿਆ ਸੀ ਕਿ ਸੇਠੀ ਸਰ ਉਸ ਨਾਲ ਅਜਿਹਾ ਦਗ਼ਾ ਕਮਾਉਣਗੇ। ਭਲਾ ਆਪਣੇ ਵਿਦਿਆਰਥੀਆਂ ਦੀਆਂ ਬੇੜੀਆਂ 'ਚ ਵੀ ਕੋਈ ਵੱਟੇ ਪਾਉਂਦਾ ਹੈ?

ਉਹ ਤਾਂ ਗਾਈਡ ਵਜੋਂ ਵੀ ਸਰ ਨੂੰ ਗੁਰੂ ਮੰਨਦੀ ਸੀ, ਔਖੀ ਸੌਖੀ ਉਨ੍ਹਾਂ ਦੀਆਂ ਕਲਾਸਾਂ ਪੜ੍ਹਾਉਣ ਨੂੰ ਵੀ ਬੋਝ ਨਹੀਂ ਸਮਝਦੀ ਸੀ, ਸਗੋਂ ਗੁਰੂ ਲਈ ਕੁਝ ਕਰਨ ਦਾ ਜਜ਼ਬਾ ਲਈ ਉਹ ਉਹਨਾਂ ਦੁਆਰਾ ਕਹੇ ਸਾਰੇ ਕੰਮ ਕਰਦੀ ਚਲੀ ਜਾਂਦੀ ਸੀ।

ਓਧਰ ਸੇਠੀ ਸਰ ਸੰਗੀਤਾ ਦਾ ਬੜਾ ਧਿਆਨ ਰੱਖਦੇ ਸਨ। ਦਰਅਸਲ ਪੰਗਾ ਉਦੋਂ ਪਿਆ ਜਦੋਂ ਯੂਨੀਵਰਸਿਟੀ ਦੀ ਕਾਨਫਰੰਸ ਵਿੱਚ ਸਰ ਨੇ ਉਸ ਨੂੰ ਆਪਣੀ ਕਾਰ ਵਿੱਚ ਨਾਲ ਚੱਲਣ ਲਈ ਕਿਹਾ ਸੰਗੀਤਾ ਤਾਂ ਰਾਜ਼ੀ ਹੋ ਗਈ..., ਪਰ ਜਸਵੀਰ ਨੇ ਆਨੇ ਬਹਾਨੇ ਮਨ੍ਹਾ ਕਰ ਦਿੱਤਾ ਕਿ ਉਹ ਆਪਣੀ ਸਕੂਟੀ ਤੇ ਆ ਜਾਵੇਗੀ।

ਉਸ ਦਿਨ ਸੇਠੀ ਸਰ ਦੇ ਗੁੱਸੇ ਨੇ ਉਸ ਦਾ ਤ੍ਰਾਹ ਹੀ ਕੱਢ ਦਿੱਤਾ ਸੀ। ਬੁਰਾ ਭਲਾ ਕਹਿੰਦਿਆਂ ਉਹ ਸੰਗੀਤਾ ਨੂੰ ਕਾਰ 'ਚ ਬਿਠਾ ਕੇ ਨਾਲ ਲੈ ਤੁਰੇ ਸਨ ਇਸੇ ਤਣਾਅ ਦੀ ਵਜ੍ਹਾ ਨਾਲ ਉਸ ਦਾ ਬੀ ਪੀ ਘੱਟ ਗਿਆ ਅਤੇ ਉਹ ਬੇਹੋਸ਼ ਹੋ ਗਈ ਸੀ।

ਬਸ, ਇੱਥੋਂ ਹੀ ਸ਼ੁਰੂ ਹੋਇਆ ਉਸ ਦੀਆਂ ਤਕਲੀਫ਼ਾਂ ਦਾ ਸਿਲਸਿਲਾ...। ਸੇਠੀ ਸਰ ਆਨੀ ਬਹਾਨੀ ਡਿਪਾਰਟਮੈਂਟ ਦੇ ਦੂਜੇ ਟੀਚਰਾਂ ਸਾਹਮਣੇ ਉਸ ਦੀ ਖੜੀ ਖੜੋਤੀ ਦੀ ਬੇਇੱਜ਼ਤੀ ਕਰ ਦਿੰਦੇ। ਬੜੀ ਮਿਹਨਤ ਨਾਲ ਲਿਖੇ ਰਿਸਚਰਚ ਪੇਪਰ ਨੂੰ ਭਵਾਂ ਕੇ ਮਾਰਦੇ... ਅਖੇ ਤੂੰ ਨਲਾਇਕ ਹੈ, ਤੈਨੂੰ ਕੁਝ ਨਹੀਂ ਆਉਂਦਾ...।

ਐਨਾ ਕੁਝ ਬਰਦਾਸ਼ਤ ਕਰਨਾ ਕਿਹੜਾ ਸੌਖਾ ਸੀ ਜਸਵੀਰ ਦਾ ਰੰਗ ਪੀਲਾ ਭੂਕ ਹੋ ਗਿਆ ਸੀ। ਹੁਣ ਕਦੀ ਕਦੀ ਉਹ ਬੈਠੇ ਬੈਠੇ ਹੀ ਬੇਹੋਸ਼ ਹੋ ਜਾਂਦੀ। ਡੈਡੀ ਮੰਮੀ ਅੱਡ ਫ਼ਿਕਰਮੰਦ ਸਨ। ਜਸਵੀਰ ਨੂੰ ਪਤਾ ਸੀ ਕਿ ਜੇ ਉਸ ਨੇ ਘਰਦਿਆਂ ਨੂੰ ਕੁਝ ਦੱਸਿਆ ਤਾਂ ਉਸ ਨੂੰ ਨੌਕਰੀ ਛੱਡਣੀ ਪੈਣੀ ਸੀ। ਡੈਡੀ ਤਾਂ ਕਦੋਂ ਦੇ ਰਿਸ਼ਤੇ ਲੱਭਦੇ ਫਿਰਦੇ ਸਨ।

ਕਿਸੇ ਚਮਤਕਾਰ ਦੀ ਆਸ ਵਿੱਚ ਜਸਵੀਰ ਕੱਲੀ ਕਾਰੀ ਇਹ ਸਭ ਸਹੀ ਜਾ ਰਹੀ ਸੀ। ਪਰ ਸਹਿਣ ਦੀ ਵੀ ਇੱਕ ਸੀਮਾ ਹੁੰਦੀ, ਉਸ ਦਿਨ ਤਾਂ ਹੱਦ ਹੀ ਹੋ ਗਈ, ਇੰਟਰਵਿਊ ਤੋਂ ਦੋ ਤਿੰਨ ਦਿਨ ਪਹਿਲਾਂ ਦੀ ਗੱਲ ਹੈ, ਸਰ ਨੇ ਉਸ ਨੂੰ ਘੁੰਮਾ ਕੇ ਲਿਆਉਣ ਲਈ ਕਿਹਾ... ''ਜਸਬੀਰ, ਚੱਲ ਸ਼ਿਮਲੇ ਚਲਦੇ ਹਾਂ, ਨਾਲੇ ਮੈਂ ਤੈਨੂੰ ਇੰਟਰਵਿਊ ਦੀ ਤਿਆਰੀ ਵੀ ਕਰਵਾ ਦਿਆਂਗਾ।''

ਜਸਵੀਰ ਤਾਂ ਸੁੰਨ ਹੀ ਹੋ ਗਈ ਜਿਵੇਂ... ''ਸਰ, ਮੇਰੇ ਡੈਡੀ ਮੈਨੂੰ ਇਕੱਲਿਆਂ ਕਿਤੇ ਵੀ ਜਾਣ ਨਹੀਂ ਦਿੰਦੇ, ਤੁਸੀਂ ਕਹਿੰਦੇ ਹੋ ਤਾਂ ਮੈਂ ਡੈਡੀ ਨੂੰ ਨਾਲ ਲੈ ਜਾਂਦੀ ਹਾਂ...?''

ਬੜਾ ਗੁੱਸਾ ਆਇਆ ਸੀ ਸੇਠੀ ਸਰ ਨੂੰ ਪਰ ਉਨ੍ਹਾਂ ਨੇ ਫਿਰ ਪਿਆਰ ਨਾਲ ਸ਼ਬਦਾਂ ਨੂੰ ਚਾਸ਼ਨੀ ਵਿੱਚ ਪਾਉਂਦਿਆਂ ਕਿਹਾ, ''ਤੂੰ ਆਪਣੀ ਸਹੇਲੀ ਸੰਗੀਤਾ ਨੂੰ ਨਾਲ ਲੈ ਲੈ... ਉਹ ਤਾਂ ਮੇਰੇ ਨਾਲ ਕਾਨਫ਼ਰੰਸ ਤੇ ਵੀ ਗਈ ਸੀ...।''

ਜਦੋਂ ਜਸਵੀਰ ਨੇ ਸੰਗੀਤਾ ਨੂੰ ਸਾਰੀ ਗੱਲ ਦੱਸੀ ਤਾਂ ਉਹ ਹੱਸ ਪਈ... ''ਬੁੱਢਾ ਸਨਕੀ ਹੋ ਗਿਆ... ਉਸ ਦਿਨ ਵੀ ਸਾਰੇ ਰਾਹ ਕਦੀ ਹੱਥ ਤੇ ਹੱਥ ਰੱਖ ਦੇਵੇ,, ਕਦੀ ਪੱਟ ਤੇ... ਪਰ ਕੀ ਕਰਾਂ ਹੁਣ ਸਭ ਬਰਦਾਸ਼ਤ ਕਰਨਾ ਹੀ ਪੈਣਾ ਹੈ... ਨੌਕਰੀ ਕਰਨੀ ਹੈ ਤਾਂ ਹੈੱਡ ਦਾ ਧਿਆਨ ਰੱਖਣਾ ਵੀ ਮਜਬੂਰੀ ਹੈ... ਨਹੀਂ ਤਾਂ ਉਸ ਘੜੰਮ ਨੇ ਪੀਐੱਚ, ਡੀ. ਵਾਲਾ ਸੁਪਨਾ ਕਦੇ ਪੂਰਾ ਨਹੀਂ ਹੋਣ ਦੇਣਾ।''

''ਇੱਥੋਂ ਤਕ ਤਾਂ ਠੀਕ ਹੈ, ਮੈਂ ਬਰਦਾਸ਼ਤ ਵੀ ਕੀਤਾ ਕਿ ਬੁੱਢਾ ਠਰਕੀ ਹੈ, ਪਰ ਡਿਅਰ, ਥਾਂ ਥਾਂ ਤੇ ਅਜਿਹੇ ਬਿਮਾਰ ਸਨਕੀ ਬੰਦੇ ਫਿਰਦੇ ਪਏ ਨੇ... ਬਸ ਤੁਸੀਂ ਜ਼ਰਾ ਜਿਹੇ ਅਵੇਸਲੇ ਹੋਏ ਤਾਂ ਇਹ ਮਗਰਮੱਛ ਤੁਹਾਨੂੰ ਨਿਗਲ ਲੈਣਗੇ।'' ਸੰਗੀਤਾ ਨੂੰ ਐਨੀ ਗੰਭੀਰਤਾ ਨਾਲ ਗੱਲ ਕਰਦਿਆਂ ਉਸਨੇ ਪਹਿਲੀ ਵਾਰ ਵੇਖਿਆ ਸੀ। ਉਹ ਸ਼ੈਤਾਨ ਦੀ ਟੂਟੀ ਹਰ ਗੱਲ ਹਵਾ ਵਿੱਚ ਉਡਾ ਰਹੀ ਹੁੰਦੀ ਸੀ।

''ਫਿਰ ਕੀ ਹੋਇਆ, ਜਾਇਆ ਸ਼ਿਮਲੇ, ਉਸ ਕਿਹੜਾ ਤੇਰੀਆਂ ਲੂਲੜੀਆਂ ਲਾਹ ਲੈਣੀਆਂ... ਠਰਕ ਭੋਰਨਾ... ਹਰਾਮਜ਼ਾਦੇ ਨੇ...।''

''ਨਹੀਂ, ਅੜੀਏ ਮੈਥੋਂ ਇਹ ਸਭ ਨਹੀਂ ਹੋਣਾ, ਘਰਦਿਆਂ ਦੇ ਵਿਸ਼ਵਾਸ ਨੂੰ ਮੈਂ ਤੋੜ ਨਹੀਂ ਸਕਦੀ...।'' ਜਸਵੀਰ ਪਰੇਸ਼ਾਨ ਸੀ, ਬਹੁਤ ਹੀ ਪਰੇਸ਼ਾਨ...।

''ਤੂੰ ਮੈਨੂੰ ਸ਼ਿਮਲੇ ਘੁੰਮਾ ਕੇ ਨਹੀਂ ਲਿਆਈ ਨਾ, ਹੁਣ ਵੇਖੀਂ ਤੂੰ ਮੇਰੀ ਮਰਜ਼ੀ ਬਿਨਾਂ ਕਿਵੇਂ ਨੌਕਰੀ ਕਰਦੀ ਹੈਂ... ਅੱਜ ਹੀ ਵੇਖ ਲਵੀਂ...।'' ਇੰਟਰਵਿਊ ਤੋਂ ਪਹਿਲਾਂ ਸੇਠੀ ਪੂਰੇ ਗੁੱਸੇ ਵਿੱਚ ਸੀ।

ਜਸਵੀਰ ਨੇ ਤਵੱਕੋ ਵੀ ਨਹੀਂ ਕੀਤੀ ਸੀ ਕਿ ਸੇਠੀ

ਇੰਞ ਕਰੇਗਾ। ਆਪਣੀ ਹੀ ਸਟੂਡੈਂਟ ਨਾਲ ਠੱਗੀ ਲਾਉਣਾ ਕਾਹਦਾ ਗੁਰੂਪੁਣਾ ਹੈ। 'ਬੰਦਾ ਕਿੰਨਾ ਕਮੀਨਾ ਹੈ ਨਾ... ਆਪਣੀ ਧੀ ਦੇ ਹਾਣ ਦੀ ਕੁੜੀ ਨੂੰ ਵੀ ਨਹੀਂ ਬਖ਼ਸ਼ਦਾ, ਭਲਾ ਇਹੋ ਜਿਹੀਆਂ ਗੱਲਾਂ ਕਰਦਿਆਂ ਉਸ ਨੂੰ ਇਹ ਖ਼ਿਆਲ ਨਹੀਂ ਆਉਂਦਾ ਕਿ ਉਸ ਦੀ ਵੀ ਜੁਆਨ ਧੀ ਹੈ... ਮੇਰੇ ਤੋਂ ਸਾਲ ਦੋ ਸਾਲ ਵੱਡੀ ਹੀ ਹੋਵੇਗੀ। ਬਾਲ ਬੱਚੇਦਾਰ, ਬੁਢਾਊ... ਸਾਲਾ ਕੁੱਤਾ, ਹਰਾਮਜ਼ਾਦਾ... ਕੀੜੇ ਪੈਣ ਇਹਨੂੰ... ਜੀਅ ਕਰਦਾ ਚਾਕੂ ਫੜਾਂ ਤੇ ਇਹਦਾ ਉਹ ਅੰਗ ਹੀ ਕੱਟ ਦੇਵਾਂ... ਗੰਦਾ ਕਿਥੇ ਥਾਂ ਦਾ...।'

ਗੁੱਸੇ ਵਿੱਚ ਘੁੰਮਾਈ ਬਾਂਹ ਵਿਚਲੇ ਦਰਦ ਨੇ ਉਸ ਨੂੰ ਮੁੜ ਡੂੰਘੀ ਪੀੜ ਦਾ ਅਹਿਸਾਸ ਕਰਵਾ ਦਿੱਤਾ। ਅੱਖਾਂ ਵਿੱਚੋਂ ਨੀਂਦ ਕਦੋਂ ਦੀ ਉੱਡ ਪੁੱਡ ਗਈ ਸੀ। ਮਨ ਭੂਤਕਾਲ ਦੀ ਦਲਦਲ ਵਿੱਚ ਫਸਿਆ ਬਾਹਰ ਨਿਕਲਣ ਲਈ ਹੱਥ ਪੈਰ ਮਾਰ ਰਿਹਾ ਸੀ।

ਉਂਞ ਵੇਖਿਆ ਜਾਵੇ ਤਾਂ ਜੰਮਦੀ ਕੁੜੀ ਲਈ ਦਲਦਲ ਤਿਆਰ ਹੀ ਰਹਿੰਦੀ ਐ। ਜੇਕਰ ਕੋਈ ਹੱਥ ਮਦਦ ਲਈ ਅੱਗੇ ਵਧਦਾ ਤਾਂ ਉਹਦੇ ਬਦਲੇ ਵਿਚ ਪ੍ਰਾਪਤੀ ਦੀ ਇੱਛਾ ਵੀ ਰੱਖਦਾ। ਇਹੀ ਜ਼ਮੀਨੀ ਹਕੀਕਤ ਏ, ਇਹੀ ਸਮਾਜਿਕ ਵਰਤਾਰਾ...। ਸਮਾਜਿਕ ਤਾਣਾ ਬਾਣਾ ਸੱਭਿਆਚਾਰੀਕਰਨ ਤਹਿਤ ਭਾਵੇਂ ਕਿੰਨਾ ਵੀ ਸੱਭਿਆਚਾਰ ਸਿਖਾਉਣ ਲਈ ਨਿਯਮ ਕਾਨੂੰਨ ਬਣਾਉਂਦਾ ਰਹਿੰਦਾ, ਫਿਰ ਵੀ ਮਨੁੱਖ ਅੰਦਰਲਾ ਜਾਨਵਰਪੁਣਾ, ਸਮਾਜ ਵਿਚਲੇ ਟੈਬੂ ਉਸਦੀ ਕਾਮ ਇੱਛਾ ਨੂੰ ਕਾਬੂ ਕਰਨ ਵਿੱਚ ਕਾਮਯਾਬ ਨਹੀਂ ਹੁੰਦੇ।

ਨੌਜਵਾਨਾਂ ਬਾਰੇ ਤਾਂ ਕਿਹਾ ਜਾ ਸਕਦਾ ਹੈ ਕਿ ਵਸਤਾਂ ਵਰਤਾਰਿਆਂ ਦਾ ਆਧੁਨਿਕੀਕਰਨ, ਮੀਡੀਆ, ਗਰਜ਼ਾਂ ਦੇ ਰਿਸ਼ਤੇ, ਬੇਲੋੜੀਆਂ ਵਧੀਆਂ ਖਾਹਿਸ਼ਾਂ ਪਿੱਛੇ ਬੰਦੇ ਦੀ ਦੌੜ, ਪ੍ਰਾਪਤੀ ਦੀ ਚਾਹਨਾ, ਕਾਮੁਕ ਵੈੱਬਸਾਈਟਸ 'ਚ ਪੱਛਮੀ ਸਮਾਜਾਂ ਵਾਲਾ ਖੁੱਲ੍ਹਾਪਣ ਤੇ ਦੂਜੇ ਪਾਸੇ ਸਾਡੀ ਪੂਰਬੀ ਸਭਿਅਤਾ ਤਹਿਤ ਰੋਕਾਂ, ਮਨਾਹੀਆਂ, ਕਾਮੁਕਤਾ, ਦਵੰਦ ਹੀ ਦਵੰਦ... ਨੌਜੁਆਨਾਂ ਲਈ ਭੰਬਲਭੂਸੇ... ਕਈ ਕੁਝ ਹੈ ਜੋ ਉਹਨਾਂ ਦੇ ਮਾਨਸਿਕ ਸੰਤੁਲਨ ਨੂੰ ਹਿਲਾ ਕੇ ਰੱਖ ਦਿੰਦਾ ਹੈ। ਭਾਵਨਾਵਾਂ ਵਿਚਲੇ ਜ਼ਲਜਲੇ ਕਦੋਂ ਸੁਨਾਮੀ ਦਾ ਰੂਪ ਲੈ ਲੈਣ, ਕੁਝ ਵੀ ਕਹਿਣਾ ਮੁਸ਼ਕਲ ਹੈ...।

ਪਰ ਇਹ ਬੁਢਾਊ... ਇਸ ਦੀ ਕੀ ਮਜਬੂਰੀ ਐ? ਅਧਿਆਪਕ ਯਾਨੀ ਗੁਰੂ, ਯਾਨੇ ਆਚਾਰੀਆ ਚੰਗੇ ਮਿਸਾਲੀ ਆਚਰਣ ਵਾਲਾ... ਪਰ ਸੇਠੀ ਤਾਂ ਬਾਹਲਾ ਗੰਦਾ ਆ... ਇਹੋ ਜਿਹੇ ਅਧਿਆਪਕਾਂ ਹੀ ਸਾਡੇ ਵਰਗੀਆਂ ਦਾ ਜੀਣਾ ਮੁਹਾਲ ਕੀਤਾ ਹੋਇਆ।

ਕਵਰਡ ਪੋਸਟ ਤੇ ਤਾਂ ਕੀ ਹੁਣ ਤਾਂ ਪੀਐਚ. ਡੀ. ਦੇ ਵੀ ਲਾਲੇ ਪੈ ਜਾਣੇ ਸਨ। ਹੁਣ ਤਕ ਤਾਂ ਮੱਕਾਰ ਪਰਦੇ ਓਹਲੇ ਸੀ ਤੇ ਹੁਣ ਤਾਂ ਸੱਪ ਹੋਰ ਜ਼ਹਿਰੀ ਹੋ ਗਿਆ ਹੋਣਾ। ਜਸਵੀਰ ਕੁਰੇ ਭੁੱਲ ਜਾ ਹੁਣ ਪੀਐਚ. ਡੀ. ਪੂਐਚ. ਡੀ...।

ਬੱਸ ਹੁਣ ਤਾਂ ਤੇਰਾ ਰਾਮ ਨਾਮ ਸੱਤ ਹੋਣਾ ਹੀ ਰਹਿ ਗਿਆ। ਕੈਰੀਅਰ ਖ਼ਤਮ... ਸੋਚਦਿਆਂ ਸੋਚਦਿਆਂ ਜਸਵੀਰ ਦਾ ਹੌਕਾ ਨਿਕਲ ਗਿਆ ਅਤੇ ਨਾਲ ਹੀ ਅੱਥਰੂਆਂ ਨੇ ਤਾਂ ਜਿਵੇਂ ਝੜੀ ਹੀ ਲਾ ਲਈ।

'ਹਾਏ ਮਾਂ! ਇਹ ਧੀਆਂ ਦੇ ਲੇਖਾਂ 'ਚ ਰੱਬ ਕੀ ਲਿਖ ਕੇ ਭੇਜਦਾ... ਅਨਪੜ੍ਹ ਹੋਏ ਅੱਧ ਪੜ੍ਹੀ ਜਾਂ ਪੜ੍ਹੀ ਲਿਖੀ ਘਰ ਦੇ ਅੰਦਰ ਹੋਵੇ ਤਾਂ ਚੂਹੇ ਕੁਤਰਦੇ ਤੇ ਘਰ ਤੋਂ ਬਾਹਰ ਨਿਕਲੇ ਤਾਂ ਕਾਂ... ਸ਼ਿਕਾਰ ਦੀ ਤਾਕ ਵਿਚ ਹੀ ਰਹਿੰਦੇ ਹਨ।'

'ਵੇ ਰੱਬਾ! ਇੱਕ ਵਾਰ ਤੂੰ ਵੀ ਜ਼ਰੂਰ ਕੁੜੀ ਦੀ ਜੂਨੇ ਜੰਮ ਕੇ ਵੇਖ... ਫਿਰ ਸ਼ਾਇਦ ਤੂੰ... ਦੁਨੀਆਂ ਬਣਾਉਣੀ ਹੀ ਬੰਦ ਕਰ ਦੇਵੇਂਗਾ... ਜਾਂ ਫਿਰ ਬੰਦੇ... ਤੇ ਜਾਂ ਫਿਰ ਕੋਈ ਹੋਰ ਤਰਕੀਬ ਦੁਨੀਆਂ ਅਗਾਂਹ ਤੋਰਨ ਲਈ... ਤੈਨੂੰ ਨਵੀਂ ਘਾੜਤ ਘੜਨੀ ਪਵੇ...। ਚੱਲ ਤੂੰ ਵੀ ਕੀ ਯਾਦ ਕਰੇਂਗਾ, ਕਿਸੇ ਜਸਵੀਰ ਨਾਲ ਵਾਹ ਪਿਆ ਸੀ... ਜਾ ਤੈਨੂੰ ਮੁਆਫ਼ ਕੀਤਾ... ਆਪਣੀ ਲੜਾਈ ਮੈਂ ਆਪੇ ਹੀ ਲੜ ਲਵਾਂਗੀ। ਹੁਣ ਤਾਂ ਗੱਲ ਆਰ ਜਾਂ ਪਾਰ... ਐਸੀ ਕੀ ਤੈਸੀ ਸੇਠੀ ਦੀ... ਬਸ ਥੋੜ੍ਹਾ ਠੀਕ ਹੋ ਜਾਵਾਂ।' ਇਹੋ ਤਸੱਲੀ ਭਰੀ ਸੋਚ ਜਸਬੀਰ ਨੂੰ ਨੀਂਦ ਦੀ ਗੋਦ ਵੱਲ ਲੈ ਤੁਰੀ ਸੀ।

ਹਫ਼ਤਾ ਕੁ ਆਰਾਮ ਕਰਕੇ ਜਸਬੀਰ ਅੱਜ ਕਾਲਜ ਗਈ ਸੀ। ਸਾਰੇ ਕੁਲੀਗਜ਼ ਨੇ ਉਸ ਦਾ ਹਾਲ ਚਾਲ ਪੁੱਛਿਆ ਅਤੇ ਨਾਲ ਹੀ ਇੰਟਰਵਿਊ ਬਾਰੇ ਵੀ ਗੱਲਾਂ ਚੱਲ ਪਈਆਂ। ਜਸਵੀਰ ਨੇ ਝਿਜਕਦਿਆਂ ਝਿਜਕਦਿਆਂ ਸਾਰੀਆਂ ਹੋਈਆਂ ਬੀਤੀਆਂ ਆਪਣੀਆਂ ਹਮ ਉਮਰ ਸਹੇਲੀਆਂ ਨੂੰ ਦੱਸੀਆਂ ਤਾਂ ਉਨ੍ਹਾਂ ਦਾ ਵੀ ਇਹੋ ਸੁਝਾਅ ਸੀ ਕਿ ਜਸਵੀਰ ਕੋਈ ਪੰਗਾ ਲੈਣ ਤੋਂ ਪਹਿਲਾਂ ਸੌ ਵਾਰ ਸੋਚੀਂ...ਸੇਠੀ ਦੀ ਪਹੁੰਚ ਬਹੁਤ ਉੱਪਰ ਤੱਕ ਹੈ ਕਾਲਜ ਦੀ ਮੈਨੇਜਮੈਂਟ ਵਿਚ ਉਸ ਦੀ ਪੂਰੀ ਚੱਲਦੀ ਹੈ ਤੇ ਨਾਲੇ ਪਤਾ ਨਹੀਂ ਆਪਣਾ ਅਗਲਾ ਪ੍ਰਿੰਸੀਪਲ ਵੀ ਇਹ ਹੀ ਹੋਵੇ...।

ਜਸਵੀਰ ਵੀ ਸੋਚਣ ਲਈ ਮਜ਼ਬੂਰ ਹੋ ਗਈ ਸੀ, 'ਇਹ ਕਿਹੋ ਜਿਹਾ ਡਰ ਹੈ ਜੋ ਉਹਨਾਂ ਪੜ੍ਹੀਆਂ ਲਿਖੀਆਂ ਕੁੜੀਆਂ ਨੂੰ ਚੰਬੜਿਆ ਬੈਠਾ ਹੈ ਉਂਞ ਨਾਰੀ ਸ਼ਕਤੀ, ਨਾਰੀ ਸ਼ਕਤੀ, ਨਾਰੀ ਆਹ, ਨਾਰੀ ਓਹ...। ਲਾਹਨਤ ਹੈ ਐਹੋ ਜਿਹੇ ਜੀਣ ਤੇ... ਜਦੋਂ ਤੱਕ ਅਸੀਂ ਦੂਜਿਆਂ ਤੋਂ ਆਸ ਰੱਖਾਂਗੇ, ਉਦੋਂ ਤਕ ਸਾਡਾ ਕੁਝ ਨਹੀਂ ਬਣਨਾ...'ਸਵੈ' ਦੇ ਘੇਰੇ ਵਿੱਚ ਫਸਿਆ ਹਰ ਮਨੁੱਖ ਆਪਣੀ ਲੜਾਈ ਆਪ ਹੀ ਲੜ ਰਿਹਾ ਹੈ... ਕਾਸ਼ ਕਿਤੇ ਸਾਰੇ ਇਕਜੁੱਟ ਹੋ ਸੇਠੀ ਵਰਗੇ ਕੁੱਤਿਆਂ ਨੂੰ ਸਬਕ ਸਿਖਾ ਸਕੀਏ ਕੀ ਮੁੜ ਇਹ ਭੌਂਕਣਾ ਤਾਂ ਕੀ ਮੂਤਣਾ ਵੀ ਭੁੱਲ ਜਾਣ...' ਆਪਣੀ ਸੋਚੀ ਗੱਲ ਤੇ ਉਹ ਆਪ ਹੀ ਮੁਸਕਰਾ ਪਈ।

ਵੇਖੀ ਜਾਊ ਜੋ ਹੋਊ...। ਜਸਵੀਰ ਇਉਂ ਦਰਸਾ ਰਹੀ ਸੀ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ। ਉਂਞ ਉਹ ਪੂਰੀ ਚੌਕੰਨੀ ਸੀ ਕਿ ਸੇਠੀ ਜ਼ਰੂਰ ਹੁਣ ਕੋਈ ਬਦਮਾਸ਼ੀ ਕਰੂਗਾ।

ਓਹੀ ਗੱਲ ਹੋਈ ਜਿਸ ਦਾ ਜਸਵੀਰ ਨੂੰ ਖ਼ਦਸ਼ਾ ਸੀ। ਸੇਠੀ ਸਾਈਨੋਪਸਿਸ ਤੇ ਹਸਤਾਖ਼ਰ ਕਰਨ ਤੋਂ ਆਨਾਕਾਨੀ ਕਰਨ ਲੱਗਾ। ਹੁਣ ਉਸ ਨੂੰ ਜਸਵੀਰ ਦੇ ਹਰ ਕੰਮ ਵਿੱਚ ਗ਼ਲਤੀਆਂ ਹੀ ਨਜ਼ਰ ਆਉਂਦੀਆਂ...। ਸਾਲ ਹੋ ਗਿਆ ਸੀ ਅਜੇ ਸੇਠੀ ਨੇ ਇਨਰੋਲਮੈਂਟ ਵੀ ਹੋਣ ਨਹੀਂ ਸੀ ਦਿੱਤੀ। ਸਮਾਂ ਦੌੜਦਾ ਜਾ ਰਿਹਾ ਸੀ...।

ਆਖ਼ਰ ਕੁਝ ਤਾਂ ਕਰਨਾ ਹੀ ਪੈਣਾ ਸੀ, ਜਾਂ ਤਾਂ ਸੇਠੀ ਨੂੰ ਸ਼ਿਮਲੇ ਦੀ ਸੈਰ ਕਰਵਾਓ, ਸ਼ਾਪਿੰਗ ਕਰਵਾਓ, ਕਾਰ 'ਚ ਨਾਲ ਘੁੰਮਾਓ ਜਾਂ ਫਿਰ ਪੀ ਐੱਚ.ਡੀ ਨੂੰ ਭੁੱਲ ਜਾਓ। ਸੱਪ ਦੇ ਮੂੰਹ ਕੋਹੜ ਕਿਰਲੀ ਵਾਲੀ ਹਾਲਤ ਤੱਕ ਅੱਪੜ ਗਈ ਸੀ, ਉਹ...।

ਇਕ ਦਿਨ ਉਸ ਹਿੰਮਤ ਕਰਕੇ ਸੇਠੀ ਨੂੰ ਕਹਿ ਹੀ ਦਿੱਤਾ, ''ਸਰ ਜੇ ਤੁਹਾਨੂੰ ਲੱਗਦਾ ਹੈ ਕਿ ਮੈਂ ਨਲਾਇਕ ਹਾਂ ਤਾਂ ਮੈਂ ਹੋਰ ਕੋਈ ਗਾਈਡ ਲੱਭ ਲੈਂਦੀ ਹਾਂ।''

''ਮੈਂ ਵੇਖਦਾਂ ਤੈਨੂੰ ਕੌਣ ਰਿਸਰਚ ਕਰਵਾਉਂਦਾ... ਤੂੰ ਵੀ ਇੱਥੇ ਤੇ ਮੈਂ ਵੀ...'' ਬੜੀ ਤਲਖ਼ੀ ਨਾਲ ਬੋਲਿਆ ਸੀ ਸੇਠੀ।

ਕੁਝ ਦਿਨਾਂ ਦੀ ਜੱਦੋ-ਜਹਿਦ ਤੋਂ ਬਾਅਦ ਆਖਰ ਜਸਵੀਰ ਦੀ ਮਿਹਨਤ ਨੂੰ ਫ਼ਲ ਪਿਆ ਅਤੇ ਉਹ ਚਾਈਂ ਚਾਈਂ ਸੇਠੀ ਨੂੰ ਗਾਈਡ ਬਾਰੇ ਦੱਸਣ ਗਈ...। ਅਜੇ ਇੱਕ ਰਾਤ ਹੀ ਲੰਘੀ ਸੀ ਕੀ ਉਸ ਨੂੰ ਗਾਈਡ ਸਰ ਦਾ ਫੋਨ ਆ ਗਿਆ, 'ਸੇਠੀ ਨੂੰ ਤੂੰ ਮੇਰਾ ਨਾਮ ਦੱਸ ਦਿੱਤਾ... ਉਹ ਤੇਰੀਆਂ ਬਹੁਤ ਬੁਰਾਈਆਂ ਕਰ ਰਿਹਾ ਸੀ... ਕਿਹੜੀ ਗੱਲ ਜਿਹੜੀ ਉਸ ਨੇ ਤੇਰੇ ਬਾਰੇ ਨਹੀਂ ਕਹੀ... ਮੈਂ ਕਿਸੇ ਪੰਗੇ ਵਿਚ ਨਹੀਂ ਪੈਣਾ, ਰਾਜੇ! ਤੁਸੀਂ ਕੋਈ ਹੋਰ ਗਾਈਡ ਲੱਭ ਲਓ...।'

ਜਸਵੀਰ ਤੇ ਮਾਨੋ ਅਸਮਾਨ ਤਾਰਿਆਂ ਸਮੇਤ ਆ ਡਿੱਗਿਆ ਹੋਵੇ, ਜਿਵੇਂ ਸੱਤਾਂ ਘੜਿਆਂ ਦਾ ਪਾਣੀ ਉਹਦੇ ਸਿਰ ਆਣ ਪਿਆ ਹੋਵੇ... ਕਰੇ ਤਾਂ ਕੀ ਕਰੇ ਉਹ... ਘਰਦਿਆਂ ਨੂੰ ਦੱਸਦੀ ਤਾਂ ਉਹਨਾਂ ਘਰ ਬਿਠਾ ਲੈਣਾ ਸੀ। ਉਸ ਤੋਂ ਗਲਤੀ ਇਹ ਹੋਈ ਸੀ ਕਿ ਉਸਨੇ ਬਿਨਾਂ ਨਵੇਂ ਗਾਈਡ ਤੋਂ ਸਾਈਨ ਕਰਵਾਏ ਸੇਠੀ ਨੂੰ ਦੱਸ ਦਿੱਤਾ, ਤੇ ਉਸ ਕੰਜਰ ਨੇ ਸਰ ਨੂੰ ਹੀ ਮੁਕਰਾ ਦਿੱਤਾ।

ਇਕ ਇਕ ਕਰਕੇ ਉਸ ਲਈ ਸਾਰੇ ਰਾਹ ਬੰਦ ਹੋ ਰਹੇ ਸਨ। ਹੁਣ ਕਿਸ਼ਤੀ ਰੱਬ ਆਸਰੇ ਹੀ ਛੱਡ ਦੇਵੇ ਜਾਂ ਫਿਰ ਉੱਖਲੀ ਵਿੱਚ ਸਿਰ ਦਿੱਤਾ ਤਾਂ ਮੌਹਲਿਆਂ ਦਾ ਕੀ ਡਰ...। ਹਾਲਤ ਇਹ ਹੋ ਗਈ ਸੀ ਕਿ ਉਹ ਚੁੱਪ ਚਾਪ ਆਪਣੀਆਂ ਕਲਾਸਾਂ ਲੈਂਦੀ ਤੇ ਕੋਸ਼ਿਸ਼ ਕਰਦੀ ਕਿ ਸੇਠੀ ਉਸਦੇ ਮੱਥੇ ਹੀ ਨਾ ਲੱਗੇ। ਵਾਹ ਲੱਗਦਿਆਂ ਉਹ ਉਸ ਦੇ ਸਾਹਮਣੇ ਹੋਣ ਤੋਂ ਕਤਰਾਉਂਦੀ ਰਹਿੰਦੀ।

ਤੇ ਹਾਂ ਸੱਚ, ਉਸ ਕਵਰਡ ਪੋਸਟ ਤੇ ਸੇਠੀ ਨੇ ਸੰਗੀਤਾ ਲਈ ਪੂਰਾ ਜ਼ੋਰ ਲਾਇਆ ਤੇ ਆਖ਼ਰ ਮੈਨੇਜਮੈਂਟ ਨੂੰ ਮਨਾ ਲਿਆ। ਲੱਡੂ ਖਵਾਉਣ ਆਈ ਸੰਗੀਤਾ ਨੇ ਇਕ ਵਾਰ ਫਿਰ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਉਹ ਆਪਣਾ ਕੈਰੀਅਰ ਖ਼ਰਾਬ ਨਾ ਕਰੇ। ਸੇਠੀ ਤੋਂ ਮੁਆਫ਼ੀ ਮੰਗ ਲਵੇ, ਨਾਲੇ ਉਹ ਵੀ ਸੇਠੀ ਨੂੰ ਮਨਾਉਣ ਦੀ ਕੋਸ਼ਿਸ਼ ਕਰੇਗੀ।

ਜਸਵੀਰ ਪਤਾ ਨਹੀਂ ਕਿਸ ਮਿੱਟੀ ਦੀ ਬਣੀ ਸੀ, ਉਹ ਆਪਣੀ ਹੀ ਧੁੰਨ ਵਿਚ ਮਗਨ... ਉਸ ਨੇ ਫਿਰ ਕੋਸ਼ਿਸ਼ ਕੀਤੀ ਅਤੇ ਇਸ ਵਾਰ ਗਾਈਡ ਮੈਡਮ ਤੋਂ ਅਰਜ਼ੀ ਤੇ ਪਹਿਲਾਂ ਹੀ ਸਾਈਨ ਕਰਵਾ ਲਏ ਕਿ ਉਹ ਜਸਵੀਰ ਨੂੰ ਖੋਜਾਰਥੀ ਵਜੋਂ ਕੰਮ ਕਰਵਾਉਣ ਲਈ ਤਿਆਰ ਹੈ। ਇਹ ਮੈਡਮ ਵੀ ਚੰਗੇ ਰਸੂਖ਼ ਵਾਲੀ ਸੀ। ਜਸਵੀਰ ਨੂੰ ਉਮੀਦ ਸੀ ਕਿ ਸੇਠੀ ਇੱਥੇ ਪੰਗਾ ਨਹੀਂ ਪਾਊਗਾ...। ਜਸਵੀਰ ਦਾ ਅੰਦਾਜ਼ਾ ਠੀਕ ਨਿਕਲਿਆ, ਸੇਠੀ ਨੇ ਚੁੱਪਚਾਪ ਦਸਤਖ਼ਤ ਕਰ ਦਿੱਤੇ ਉਂਝ ਭਾਵੇਂ ਉਹ ਵਿਹੁ ਘੋਲ ਰਿਹਾ ਸੀ। ਜਸਵੀਰ ਦੀ ਇੱਕ ਚਿੰਤਾ ਤਾਂ ਖ਼ਤਮ ਹੋ ਗਈ ਪਰ ਦੂਜੇ ਪਾਸੇ ਹੁਣ ਤਿੰਨ ਸਾਲ ਹੋ ਗਏ ਸਨ ਕਾਲਜ ਵਿੱਚ ਕੰਮ ਕਰਦਿਆਂ, ਹਰ ਸਾਲ ਉਸ ਨੂੰ ਛੁੱਟੀਆਂ ਵਿਚ ਰਿਲੀਵ ਕਰ ਦਿੱਤਾ ਜਾਂਦਾ।

ਨਵੇਂ ਸੈਸ਼ਨ ਵਿੱਚ ਫਿਰ ਪੋਸਟਾਂ ਐਡਵਰਟਾਈਜ਼ ਹੋਈਆਂ... ਹੁਣ ਤਾਂ ਕੁਝ ਕਰਨਾ ਹੀ ਪੈਣਾ। ਬੜੀ ਹਿੰਮਤ ਕਰ ਕੇ ਉਸ ਨੇ ਮੈਨੇਜਮੈਂਟ ਵਿੱਚ ਸ਼ਾਮਿਲ ਮੈਡਮ ਨੂੰ ਮਿਲਣ ਦਾ ਸਮਾਂ ਲੈ ਲਿਆ। ਮਿਸਿਜ ਦੱਤਾ ਨੇ ਉਸ ਨੂੰ ਭਰੋਸਾ ਦਿਵਾਇਆ ਕਿ ਉਹ ਫ਼ਿਕਰ ਨਾ ਕਰੇ ਸਗੋਂ ਆਪਣੀ ਸਾਰੀ ਵਿਥਿਆ ਕਮੇਟੀ ਮੈਂਬਰਾਂ ਅੱਗੇ ਰੱਖੇ...।

ਨੇਕ ਰੂਹ ਮਿਸਿਜ ਦੱਤਾ ਦੇ ਯਤਨਾਂ ਸਦਕਾ ਕਾਲਜ ਵਿਚ 'ਸੈਕਸੂਯਲ ਅਬਿਊਜ਼' ਸੰਬੰਧੀ ਸੈੱਲ ਬਣ ਗਿਆ ਪਰ ਅਜੇ ਵੀ ਕੁੜੀਆਂ ਸੇਠੀ ਬਾਰੇ ਮੂੰਹ ਖੋਲਣ ਤੋਂ ਡਰਦੀਆਂ ਸਨ। ਮਤਾ ਸੇਠੀ ਉਹਨਾਂ ਦਾ ਕੈਰੀਅਰ ਹੀ ਖ਼ਰਾਬ ਕਰ ਦੇਵੇ।

ਜਸਬੀਰ ਹੁਣ ਕੁਝ ਹੌਂਸਲੇ ਵਿੱਚ ਸੀ। ਆਤਮ ਵਿਸ਼ਵਾਸ ਨਾਲ ਭਰੀ ਅੱਜ ਉਹ ਇੰਟਰਵਿਊ ਲਈ ਪੂਰੀ ਤਿਆਰੀ ਕਰਕੇ ਆਈ ਸੀ। ਵਿਸ਼ਾ ਮਾਹਰਾਂ ਦੇ ਸਵਾਲਾਂ ਦੇ ਜਵਾਬ ਉਸ ਬੜੇ ਹੀ ਵਧੀਆ ਢੰਗ ਨਾਲ ਦਿੱਤੇ। ਮਿਸਿਜ ਦੱਤਾ ਨੇ ਉਸ ਨੂੰ ਇੰਟਰਵਿਊ ਦੀ ਪ੍ਰੋਸੈਸ ਖ਼ਤਮ ਹੋਣ ਤੱਕ ਰੁਕਣ ਲਈ ਕਿਹਾ ਸੀ।

ਵਿਸ਼ਾ ਮਾਹਰ ਜਾ ਚੁੱਕੇ ਸਨ ਜਦੋਂ ਉਸ ਨੂੰ ਦੁਬਾਰਾ ਕਮੇਟੀ ਰੂਮ ਵਿੱਚ ਬੁਲਾਇਆ ਗਿਆ। ਮਿਸਿਜ ਦੱਤਾ ਦੇ ਪੁੱਛਣ ਤੇ ਉਸ ਨੇ ਬੜੇ ਹੀ ਆਤਮ ਵਿਸ਼ਵਾਸ ਨਾਲ ਕਹਿਣਾ ਸ਼ੁਰੂ ਕੀਤਾ, ''ਚੇਅਰਮੈਨ ਸਰ, ਤੁਸੀਂ ਸੇਠੀ ਸਰ ਨੂੰ ਵੀ ਬੁਲਾ ਲਓ, ਮੈਂ ਉਹਨਾਂ ਦੇ ਮੂੰਹ ਤੇ ਹੀ ਤੁਹਾਨੂੰ ਸਭ ਕੁਝ ਦੱਸਣਾ ਚਾਹੁੰਦੀ ਹਾਂ। ਭਾਵੇਂ ਉਹ ਮੇਰੇ ਮੁੱਖੀ ਨੇ ਤੇ ਮੈਨੂੰ ਉਹਨਾਂ ਨੇ ਪੜ੍ਹਾਇਆ ਵੀ ਹੈ... ਇਸ ਨਾਤੇ ਮੈਂ ਉਹਨਾਂ ਦਾ ਸਤਿਕਾਰ ਕਰਦੀ ਹਾਂ... ਪਰ... ਜੋ ਕੁਝ ਉਹਨਾਂ ਨੇ ਮੇਰੇ ਨਾਲ ਕੀਤਾ ਹੈ... ਕੋਈ ਕਿਸੇ ਦੁਸ਼ਮਣ ਨਾਲ ਵੀ ਨਹੀਂ ਕਰਦਾ।''

ਜਸਵੀਰ ਅਤੇ ਮਿਸਿਜ਼ ਦੱਤਾ ਦੀ ਆਪਸੀ ਸਾਂਝ ਭਿਆਲੀ ਦੀ ਕਨਸੋਅ, ਸੇਠੀ ਦੇ ਕੰਨੀਂ ਵੀ ਪੈ ਗਈ ਸੀ। ਇਸੇ

ਲਈ ਜਦੋਂ ਉਸ ਨੂੰ ਚੇਅਰਮੈਨ ਦਾ ਬੁਲਾਵਾ ਗਿਆ ਤਾਂ ਉਸ ਨੇ ਤਬੀਅਤ ਖ਼ਰਾਬ ਹੋਣ ਦਾ ਬਹਾਨਾ ਬਣਾ ਦਿੱਤਾ ਸੀ।

ਮਿਸਿਜ਼ ਦੱਤਾ ਦੀ ਹੱਲਾਸ਼ੇਰੀ ਕਾਰਨ ਜਸਵੀਰ ਨੇ ਬਿਨਾਂ ਕਿਸੇ ਡਰ-ਭੌਅ ਦੇ ਸਾਰੀ ਹੋਈ ਬੀਤੀ ਮੈਨੇਜਮੈਂਟ ਦੇ ਮੂਹਰੇ ਕਹਿ ਸੁਣਾਈ। ਸੁਣਾਉਂਦੀ ਸੁਣਾਉਂਦੀ ਉਹ ਇੰਨੀ ਭਾਵੁਕ ਹੋ ਗਈ ਕਿ ਉਸ ਦੀਆਂ ਅੱਖਾਂ ਤਿਪ-ਤਿਪ ਹੰਝੂ ਵਰਸਾਉਣ ਲੱਗੀਆਂ।

ਸ਼ੱਕ ਦੀ ਕੋਈ ਗੁੰਜਾਇਸ਼ ਹੀ ਨਹੀਂ ਸੀ... ਜਸਬੀਰ ਦੀਆਂ ਗੱਲਾਂ ਅਤੇ ਉਸ ਦਾ ਆਤਮ ਵਿਸ਼ਵਾਸ... ਉਸ ਦੀ ਸਚਾਈ ਦੇ ਗਵਾਹ ਸਨ।

ਇਕ ਦੋ ਜਾਣਿਆਂ ਨੇ ਜਦੋਂ ਦੱਬੇ ਲਫ਼ਜ਼ਾਂ ਵਿੱਚ ਸੇਠੀ ਦਾ ਪੱਖ ਪੂਰਨਾ ਚਾਹਿਆ ਤਾਂ ਚੇਅਰਮੈਨ ਸਰ ਅਤੇ ਮਿਸਿਜ਼ ਦੱਤਾ ਨੇ ਉਹਨਾਂ ਦੀ ਖੂਬ ਖੁੰਬ ਠੱਪੀ।

ਹਨ੍ਹੇਰਾ ਹੋ ਚਲਿਆ ਸੀ... ਜਸਬੀਰ ਕਮੇਟੀ ਰੂਮ ਦੇ ਬਾਹਰ ਬਣੇ ਵੇਟਿੰਗ ਰੂਮ ਵਿੱਚ ਆਪਣੀ ਹੋਣੀ ਦੀ ਉਡੀਕ ਕਰ ਰਹੀ ਸੀ। ਸੇਠੀ ਨੂੰ ਸ਼ਾਇਦ ਆਪਣਾ ਪਾਲਾ ਮਾਰ ਰਿਹਾ ਸੀ, ਉਹ ਕੈਂਪਸ ਵਿੱਚ ਨਜ਼ਰ ਨਹੀਂ ਸੀ ਆ ਰਿਹਾ। ਇਸੇ ਲਈ ਹੀ ਸ਼ਾਇਦ ਵਿਭਾਗ ਦੀਆਂ ਹੋਰ ਮੈਡਮਾਂ ਵੀ ਡਰਦੀਆਂ ਡਰਦੀਆਂ ਫੈਸਲੇ ਦੀ ਉਡੀਕ ਵਿੱਚ ਉਸ ਦਾ ਸਾਥ ਦੇ ਰਹੀਆਂ ਸਨ।

ਇਕ ਵਾਰ ਫਿਰ ਤੋਂ ਜਸਵੀਰ ਨੂੰ ਅੰਦਰ ਬੁਲਾਇਆ ਗਿਆ। ਚੇਅਰਮੈਨ ਸਰ ਨੇ ਉਸ ਦੇ ਹੌਂਸਲੇ ਦੀ ਤਾਰੀਫ਼ ਕੀਤੀ ਅਤੇ ਉਸ ਦੇ ਹੱਕ ਵਿੱਚ ਫੈਸਲਾ ਸੁਣਾਉਂਦਿਆਂ ਕਿਹਾ,''ਸ਼ਾਬਾਸ਼ ਜਸਵੀਰ ਬੇਟਾ ਤੂੰ ਸੱਚਮੁਚ ਬਹੁਤ ਬਹਾਦਰ ਕੁੜੀ ਹੈ, ਤੇਰੀ ਹਿੰਮਤ ਕਾਰਨ ਹੀ ਸੇਠੀ ਦੀ ਸਚਾਈ ਸਾਹਮਣੇ ਆਈ ਹੈ। ਉਂਝ ਪਹਿਲਾਂ ਵੀ ਮੈਨੂੰ ਉਸ ਬਾਰੇ ਸ਼ਿਕਾਇਤਾਂ ਮਿਲਦੀਆਂ ਰਹੀਆਂ... ਪਰ ਕਿਸੇ ਨੇ ਖੁੱਲ੍ਹ ਕੇ ਗੱਲ ਹੀ ਨਹੀਂ ਕੀਤੀ। ਚਲੋ ਖੈਰ, ਤੁਹਾਨੂੰ ਮੁਬਾਰਕਾਂ, ਇਸ ਕਵਰਡ ਪੋਸਟ ਲਈ ਤੁਹਾਨੂੰ ਚੁਣ ਲਿਆ ਗਿਆ ਹੈ।''

''ਬਹੁਤ ਬਹੁਤ ਸ਼ੁਕਰੀਆ ਸਰ, ਤੁਹਾਡਾ ਇਹ ਅਹਿਸਾਨ ਮੈਨੂੰ ਹਮੇਸ਼ਾਂ ਯਾਦ ਰਹੇਗਾ। ਮੈਂ ਕਦੇ ਤੁਹਾਨੂੰ ਸ਼ਿਕਾਇਤ ਦਾ ਮੌਕਾ ਨਹੀਂ ਦੇਵਾਂਗੀ।'' ਕਹਿੰਦਿਆਂ ਜਸਬੀਰ ਦੇ ਹੱਥ ਆਪ ਮੁਹਾਰੇ ਜੁੜ ਗਏ।

ਦੂਸਰੇ ਦਿਨ ਸਾਰੇ ਪਾਸੇ ਜਸਵੀਰ ਦੇ ਹੌਂਸਲੇ ਅਤੇ ਅਨਿਆਂ ਖ਼ਿਲਾਫ਼ ਅਵਾਜ਼ ਬੁਲੰਦ ਕਰਨ ਲਈ ਤਾਰੀਫ਼ਾਂ ਹੋ ਰਹੀਆਂ ਸਨ। ਸੇਠੀ ਦੀਆਂ ਸਤਾਈਆਂ ਮੈਡਮਾਂ ਅੱਜ ਜਸਵੀਰ ਨੂੰ ਵਧਾਈਆਂ ਦੇ ਰਹੀਆਂ ਸਨ।

ਪਰ ਕਮਬਖ਼ਤ ਸੇਠੀ ਕਿਧਰੇ ਨਜ਼ਰ ਨਹੀਂ ਸੀ ਆ ਰਿਹਾ...।

**98151-72073**

## .ਗ਼ਜ਼ਲ / ਸ਼ੰਮੀ ਜਲੰਧਰੀ



ਅੱਖਾਂ ਦੀ ਮਹਿਰਾਬ ਦੇ ਅੰਦਰ
ਲੰਘਿਆ ਕੋਈ ਖ਼ਾਬ ਦੇ ਅੰਦਰ

ਖ਼ਾਬ 'ਚ ਖੁਸ਼ਬੂ ਲੱਭਦਾ ਮਰਿਆ,
ਭੌਰਾ ਇੱਕ ਗੁਲਾਬ ਦੇ ਅੰਦਰ

ਸ਼ਾਇਰ ਵੀ ਮਰਿਆ ਪਰ ਉਸ ਦੇ,
ਜਿਉਂਦੇ ਹਰਫ਼ ਕਿਤਾਬ ਦੇ ਅੰਦਰ

ਹਰਫ਼ ਸਰੋਦ 'ਚ ਐਸੇ ਨੱਚੇ,
ਨੱਚੇ ਖ਼ੂਬ ਰਬਾਬ ਦੇ ਅੰਦਰ

ਇਸ਼ਕ 'ਚ ਨੱਚਦੀ ਵਗਦੀ ਰਾਵੀ,
ਡੁੱਬ ਗਈ ਪਾਰ ਝਨਾਬ ਦੇ ਅੰਦਰ।

ਸੂਰਜ ਨੇ ਵੀ ਡੁੱਬ ਕੇ ਆਪਣੀ,
ਲੋਅ ਛੱਡੀ ਮਹਿਤਾਬ ਦੇ ਅੰਦਰ

ਰਾਤ ਦਾ ਹੋਇਆ ਮੁੱਖ ਮਹਿਤਾਬੀ,
ਤਾਰੇ ਲਿਸ਼ਕੇ ਢਾਬ ਦੇ ਅੰਦਰ

ਢਾਬ ਦੇ ਪਾਣੀ ਉੱਗਿਆ ਸੰਦਲ,
ਪਹਿਲੇ ਪਹਿਰ ਸ਼ਬਾਬ ਦੇ ਅੰਦਰ

ਅੱਖ ਮੇਰੀ ਵੀ ਹੋਈ ਸੰਦਲੀ,
ਸਰਘੀ ਵੇਲੇ ਖ਼ਾਬ ਦੇ ਅੰਦਰ

## ਕਵਿਤਾਵਾਂ / ਗੁਰਵਿੰਦਰ ਸਿੰਘ ਚਾਕ



ਵੇਖਾਂ ਹਟਕੋਰੇ ਭਰਦੀਆਂ
ਤੇ ਪੋਹਾਂ ਦੇ ਵਿੱਚ ਠਰਦੀਆਂ
ਸਿਰੋਂ ਪੈਰੋਂ ਜੋ ਨੰਗੀਆਂ
ਨਾ ਵਾਲ਼ਾਂ ਦੇ ਵਿੱਚ ਕੰਘੀਆਂ
ਹਿੱਕੜੀ 'ਚ ਲੱਖਾਂ ਦਰਦ ਨੇ
ਏਸੇ ਲਈ ਚਿਹਰੇ ਜ਼ਰਦ ਨੇ
ਇਹ ਝੁੱਗੀਆਂ ਦੀ ਬਾਤ ਹੈ
ਜਿੱਥੇ ਹਮੇਸ਼ਾ ਰਾਤ ਹੈ
ਆਓ ਹਨੇਰੀ ਰਾਤ ਵਿੱਚ
ਦੀਵੇ ਜਗਾਈਏ ਦੋਸਤੋ
ਸੂਰਜ ਚੜ੍ਹਾਈਏ ਦੋਸਤੋ

ਪੁੰਨਿਆਂ 'ਚ, ਮੱਸਿਆ ਬਦਲੀਏ
ਹਟ ਚੰਨ ਅੱਗਿਉਂ ਬਦਲ਼ੀਏ
ਚੰਨੇ ਦੀ ਡੋਡੀ ਖਿੜਨ ਦੇ
ਖੂਹ ਚਾਨਣੀ ਦਾ ਗਿੜਨ ਦੇ
ਚਿਰ ਤੋਂ ਤਿਹਾਏ ਲੋਕ ਨੇ
ਛੰਨਾਂ ਦੇ ਜਾਏ ਲੋਕ ਨੇ
ਜਿੱਥੇ ਹੈ ਝੁਰਮਟ ਬੋਲਦਾ
ਨਾ ਨੂਰ ਹੈ ਪਰ ਤੋਲਦਾ
ਆਓ ਪਰਿੰਦਾ ਨੂਰ ਦਾ
ਅੰਬਰੀਂ ਉਡਾਈਏ ਦੋਸਤੋ
ਨ੍ਹੇਰਾ ਭਜਾਈਏ ਦੋਸਤੋ

ਸੋਚਾਂ ਵੀ ਨਜ਼ਰਬੰਦ ਨੇ
ਧਰਮਾਂ ਦੇ ਪਾਏ ਫੰਧ ਨੇ
ਪੈਂਖੜ ਹੈ ਪੈਰੀਂ ਅਕਲ ਦੇ
ਪੈਰਾਂ 'ਚ ਪੱਗਾਂ ਮਸਲਦੇ
ਲੰਘਣ ਸ਼ਾਹਾਂ ਦੇ ਕਾਫ਼ਲੇ
ਉੱਠ ਜਾਗ ਕੌਮੇਂ ਗ਼ਾਫ਼ਲੇ

'ਪੁੰਨੂੰ' ਅਸਾਡੀ ਕਿਰਤ ਦਾ
ਅਗ਼ਵਾ ਕੀਤਾ ਜਾ ਰਿਹਾ
'ਹੋਤਾਂ' ਤੋਂ, ਆਓ ਆਪਣਾ
ਪੁੰਨੂੰ ਛੁਡਾਈਏ ਦੋਸਤੋ
ਸੱਸੀ ਬਚਾਈਏ ਦੋਸਤੋ

ਇਹ ਰੂੜੀਆਂ ਹੈ ਫੋਲਦਾ
ਖੌਰ੍ਹੇ ਹੈ ਜ਼ਿੰਦਗੀ ਟੋਲਦਾ
ਬਚਪਨ ਅਸਾਡੇ ਹਿੰਦ ਦਾ
ਗੁਲਸ਼ਨ ਅਸਾਡੇ ਹਿੰਦ ਦਾ
ਬਰਬਾਦ ਕੀਤਾ ਜਾ ਰਿਹਾ
ਬੁੱਲ੍ਹਾਂ ਨੂੰ ਸੀਤਾ ਜਾ ਰਿਹਾ
ਕਿ ਪਾਵਣ ਨਾ ਬੋਲੀ ਹੱਕ ਦੀ
ਅਸੀਂ ਕੈਦ ਵਿੱਚ ਹਾਂ ਸ਼ੱਕ ਦੀ
ਦੱਸੋ ਕਿਵੇਂ ਫਿਰ ਵਤਨੀਉਂ
ਖ਼ੁਸ਼ੀਆਂ ਮਨਾਈਏ ਦੋਸਤੋ ?
ਤੇ ਸੋਹਿਲੇ ਗਾਈਏ ਦੋਸਤੋ ?

...

ਖਵਰੈ ਇਹ ਕਿਉਂ ਨਖੱਤੀਆਂ
ਵਾਵਾਂ ਵਗੇਂਦੀਆਂ ਤੱਤੀਆਂ
ਸੜਦੇ ਸੀ ਮੂੰਹ ਕੂਲ਼ੇ ਜਹੇ
ਸਭ ਲੋਕ ਸਨ ਵੇਂਹਦੇ ਰਹੇ
ਸੜੀਆਂ ਜਦੋਂ ਫੁੱਲ ਪੱਤੀਆਂ

ਬਲ਼ਦਾ ਸਿਵਾ ਹਰ ਪਹਿਰ ਹੈ
ਇਹ ਕਿਸ ਤਰ੍ਹਾਂ ਦਾ ਸ਼ਹਿਰ ਹੈ
ਪੌਣਾਂ 'ਚ ਘੁਲਿਆ ਜ਼ਹਿਰ ਹੈ
ਅੰਬਰਾਂ ਤੇ ਛਾਈ ਗਹਿਰ ਹੈ
ਛਾਈਆਂ ਨੇ ਕਿਉਂ ਬਦਲੋਟੀਆਂ
ਲੋਕਾਂ ਦੀ ਰੱਤ 'ਚ ਰੱਤੀਆਂ

ਬੁੱਝੀਏ ਕਿਵੇਂ ਬੁਝਾਰਤਾਂ
ਹਰ ਜ਼ਹਿਨ ਦੇ ਵਿੱਚ ਸ਼ਰਾਰਤਾਂ
ਨਾ ਦਿਲਾਂ ਦੇ ਵਿੱਚ ਹਰਾਰਤਾਂ
ਬਣ ਗਏ ਬਦਨ ਇਮਾਰਤਾਂ
ਹੋ ਗਏ ਮੁਰੱਬੇ ਦਿਲਾਂ ਦੇ
ਕਿਉਂ ਨਿੱਕੀਆਂ ਨਿੱਕੀਆਂ ਖੱਤੀਆਂ

ਰੱਬ ਕਰਕੇ ਹੋਵਣ ਰੰਡੀਆਂ
ਪਿੱਟਣ ਖਿਲਾਰ ਕੇ ਫੰਡੀਆਂ
ਇਹ ਭੈੜੀਆਂ ਮੁਸ਼ਟੰਡੀਆਂ
ਪਾਈਆਂ ਜਿਨ੍ਹਾਂ ਨੇ ਵੰਡੀਆਂ
ਪਿੱਟਣ ਦੁਹੱਥੜ ਮਾਰ ਕੇ
ਇਹ ਸੂਹਕੀਆਂ, ਇਹ ਵੱਤੀਆਂ

...

ਵਗ ਰਹੀ ਹੈ 'ਵਾ ਨਖੱਤੀ ਦੇਰ ਤੋਂ
ਜਗ ਰਹੀ ਹੈ ਮੋਮਬੱਤੀ ਦੇਰ ਤੋਂ

ਜ਼ਿੰਦਗੀ ਵੱਤੀ-ਕੁਪੱਤੀ, ਦੇਰ ਤੋਂ
ਹੋ ਰਹੀ ਹੈ ਔਖੀ-ਤੱਤੀ ਦੇਰ ਤੋਂ

ਦੇਰ ਤੋਂ ਗੱਲਾਂ ਕਰੇਂਦੀਏ ਗੋਰੀਏ
ਤੂੰ ਕੋਈ ਪੂਣੀ ਨਾ ਕੱਤੀ ਦੇਰ ਤੋਂ

ਵਸਲ ਦੀ ਬਾਰਿਸ਼ ਦੀ ਕਰਦੀ ਹੈ ਉਡੀਕ
ਔੜ ਮਾਰੀ ਦਿਲ ਦੀ ਖੱਤੀ ਦੇਰ ਤੋਂ

ਦਿਲ ਦੀ ਦਰਗਾਹੇ ਕਿਸੇ ਦੀ ਯਾਦ ਦੀ
ਧੁਖ ਰਹੀ ਹੈ ਅਗਰਬੱਤੀ ਦੇਰ ਤੋਂ

ਇੱਕ ਜਨਮ ਦੀ ਗੱਲ ਨਈਂ ਵੇ ਬਾਬਲਾ
'ਚਾਕ' ਦੇ ਹਾਂ ਰੰਗ ਰੱਤੀ ਦੇਰ ਤੋਂ ।

## ਦੋ ਕਵਿਤਾਵਾਂ / ਗ.ਸ. ਨਕਸ਼ਦੀਪ ਪੰਜਕੋਹਾ



### ਬਾਂਝ ਭਾਰਤ ਮਾਤਾ

ਜਦੋਂ ਕਿਸੇ ਦੀ ਧੀ ਭੈਣ
ਮੁਸ਼ਟੰਡਿਆਂ ਦੇ ਹੱਥੋਂ ਕੋਹੀ ਜਾਏ
ਆਪਣੀ ਧੀ ਭੈਣ ਵੱਲ ਤੱਕਣਾ
ਤੇ ਪੁੱਛਣਾ ਕਿਵੇਂ ਸਹੇਗਾ ਇਹ ਦਿਲ?
ਸਾਡਾ ਸਫ਼ਰ ਜੰਗਲ ਤੋਂ ਚੱਲ ਕੇ
ਕਿਤੇ ਮੁੜ ਜੰਗਲ ਤਾਂ ਨਹੀਂ ਪਰਤ ਆਇਆ?
ਮਨ ਦੇ ਪਰਦੇ ਚੁੱਕ ਕੇ ਤੇ ਉਸ ਨੂੰ
ਅਲਫ ਨੰਗਾ ਕਰਕੇ ਪੁੱਛਣਾ
'ਸਭਿਅਤਾ ਦੀ ਮਿੱਠੀ ਢੇਰੀ
ਸਾਡੇ ਸਾਹਮਣੇ ਕਿਵੇਂ ਖੁਰ ਗਈ ?'
ਹਮਲਾਵਰ ਸਾਹਮਣੇ ਕਾਂ ਤੇ ਗਟਾਰਾਂ
ਤੇ ਹੋਰ ਉਨ੍ਹਾਂ ਵਰਗੇ ਬੜੇ
ਸਿਰਫ਼ ਰੌਲਾ ਪਾ ਕੇ ਨਹੀਂ ਸਾਰਦੇ
ਉਹ ਜਾਨ ਲਾ ਕੇ ਆਪਣੇ ਭਵਿੱਖ ਨੂੰ
ਸਾਂਭਣ ਵਿੱਚ ਡਟਦੇ ਹਨ !
ਤੇ ਇਨਸਾਨ ਤਮਾਸ਼ਬੀਨ ਬਣ ਕੇ
ਅਜਿਹੀਆਂ ਅਣਹੋਣੀਆਂ ਤੱਕ ਕੇ
ਕਿਵੇਂ ਹਨ ਲੈਂਦੇ ਸਾਰ?
ਤਿਰਸ਼ੂਲ, ਕਿਰਪਾਨਾਂ ਤੇ ਬੰਦੂਖਾਂ ਵਿਖਾਉਣ ਵਾਲੇ
ਕੀ ਮੋਮ ਦੇ ਬਣ ਕੇ ਰਹਿ ਗਏ ?
ਰਾਜਨੀਤੀਵਾਨਾਂ ਦੀ ਚਾਲ ਉੱਤੇ
ਇੱਕ ਦੂਜੇ ਨੂੰ ਮਾਰਨ 'ਤੇ ਉੱਤਰ ਆਉਂਦੇ ਹੋ !
ਧੀਆਂ ਨੰਗੀਆਂ ਕੀਤੀਆਂ ਗਈਆਂ ਸ਼ਰੇਆਮ,
ਹੁਣ ਅਣਖ ਤੇ ਇਨਸਾਨੀਅਤ ਨੂੰ
ਕਿਹੜਾ ਅਸਮਾਨ ਖਾ ਗਿਆ ?
ਇਸ ਦੇਸ ਵਿੱਚ ਦੇਵੀਆਂ ਦੀ ਜੈ ਜੈ ਹੈ
ਪਰ ਔਰਤ ਇੱਕ ਖਿਡੌਣੇ ਵਰਗੀ ਕਿਉਂ ਹੈ ?


ਮੁਖੀ ਚੁੱਪ ਹੈ, ਦਰਬਾਰੀ ਚੁੱਪ ਹਨ
ਬੇਵਸ ਚੁੱਪ ਹਨ ਤੇ ਹੋਰ ਬਾਕੀ
ਕਾਵਾਂ ਰੌਲੀ ਪਾਕੇ ਬੈਠਣ ਵਾਲੇ ਹੀ ਹਨ !
ਕਿਉਂਕਿ ਕ੍ਰਿਸ਼ਨ ਗਾਇਬ ਹੈ
ਅਜੀਤ ਸਿੰਘ ਗਾਇਬ ਹੈ
ਭਗਤ ਸਿੰਘ ਤੇ ਰਾਜ ਗੁਰੂ ਗਾਇਬ ਹਨ
ਗਾਇਬ ਹਨ ਵਾਦੀਆਂ ਨੂੰ ਸਰ ਕਰਨ ਵਾਲੇ ਸਰਦਾਰ!
ਭਾਰਤ ਮਾਂ ਇੰਝ ਭਲਾਂ ਕੀ ਬਾਂਝ ਹੋ ਗਈ ?

### ਲੇਖਕ ਦੀ ਮੌਤ

ਮੈਨੂੰ ਨਹੀਂ ਪਤਾ ਲਿਖਣ ਵੱਲ
ਕਦੋਂ ਮੁੜ ਗਿਆ ਸੀ ਮੈਂ
ਜਦੋਂ ਪਰ ਮੁੜਿਆ ਸੀ ਉਦੋਂ
ਮੇਰੇ ਅੰਦਰ ਸੂਰਜ ਚਮਕਦੇ ਸੀ,
ਬਾਜ ਦੀਆਂ ਅੱਖਾਂ ਜਿੰਨੀ ਪਕੜ ਸੀ!
ਮੇਰੀਆਂ ਇਨ੍ਹਾਂ ਅੱਖਾਂ ਵਿੱਚ !
ਜਦੋਂ ਲਿਖਣ ਦੇ ਰਸਤੇ ਤੇ ਚੱਲਿਆ,
ਕੰਡਿਆਂ ਦੇ ਰਾਹ ਆਏ, ਝੱਖੜ ਆਏ
ਪਰ ਅੱਖਾਂ ਸ਼ੀਸ਼ਾ ਬਣ ਚਮਕਦੀਆ ਰਹੀਆਂ !
ਤੇ ਫਿਰ ਕਿਸੇ ਨੇ ਹੱਥ ਆ ਮਿਲਾਇਆ
ਬੜਾ ਨਿੱਘ ਸੀ ਹੱਥ ਵਿੱਚ, ਪਰ ਅੱਖਾਂ ਵਿੱਚ,
ਲੂੰਬੜ ਦੀ ਦਗ ਰਹੀ ਸੀ ਤੱਕਣੀ !
ਉਸ ਲੂੰਬੜ ਦੀ ਤੱਕਣੀ ਨੂੰ ਵੇਖ ਕੇ ਇੱਕ ਪਲ
ਮਨ ਜਰਾ ਤ੍ਰਭਕਿਆ ਸਰਕੜੇ ਵਾਂਗ
ਹਵਾ ਦੇ ਇੱਕ ਬੁੱਲੇ ਆਉਣ ਵਾਂਗ !
ਪਰ ਠੰਡੇ ਝੱਖੜ ਵਿੱਚ ਉਹ ਨਿੱਘ
ਚੰਗਾ ਲੱਗਿਆ ਤੇ ਮੈਂ ਅੱਗੇ ਵਧਿਆ !
ਲੂੰਬੜ ਦੀ ਤੱਕਣੀ ਵਰਗੀਆਂ ਅੱਖਾਂ ਬੋਲੀਆਂ
"ਤੇਰਾ ਸਹਾਰਾ ਬਣਾਗੀਆਂ ਅਸੀਂ,
ਤੂੰ ਇਹ ਅੱਖਾਂ ਸਾਡੇ ਕੋਲ ਗਿਰਵੀ ਧਰਦੇ!
ਆਪਣੀ ਕਲਮ ਦੀ ਡੋਰ ਸਾਡੇ ਹੱਥ ਦੇ ਦੇ !
ਇਸ ਨਿੱਘ ਨੂੰ ਮਾਣਦਾ ਰਹੀਂ ਹਰ ਰੁੱਤੇ !
ਪਤੰਗ ਵਾਂਗ ਉੜੇਗਾ ਨਾਂ ਤੇਰਾ
ਫੇਰ ਇਨਾਮਾਂ ਦੇ ਹਾਰ ਤੇਰੇ ਗਲ ਵਿੱਚ
ਮੁਸਕਰਾਕੇ ਤੈਨੂੰ ਸ਼ਾਂਤ ਕਰ ਦੇਣਗੇ !
ਇਹ ਸਭ ਕੰਡੇ ਸਾਫ ਹੋਣਗੇ ਪਰ ਤੂੰ
ਚਾਨਣ ਵੱਲ ਪਿੱਠ ਕਰਕੇ ਅੰਦਰਲੇ ਸੂਰਜ ਬੁਝਾ ਦੇ !"
ਮੈਂ ਸੋਚਿਆ ਕਿੰਨਾ ਕੁਝ ਹੱਲ ਹੋ ਰਿਹੈ
ਆਪਣਾ ਨਾਂ ਚਮਕਣ ਦੀ ਆਸ
ਛੁਪ ਰਹੇ ਸੂਰਜ ਦੀ ਲਾਲੀ ਵਰਗੀ ਲੱਗੀ !
ਮੈਂ ਲੂੰਬੜ ਦੀਆਂ ਅੱਖਾਂ ਨੂੰ ਸਿਜਦਾ ਕੀਤਾ
ਤੇ ਮੇਰੇ ਰਾਹ ਮਲਮਲ ਦੇ ਹੋ ਗਏ !
ਹਨੇਰੇ ਮੇਰੇ ਨਾਲ ਅੱਖ ਮਿਲਾਕੇ ਹੱਸਣ ਲੱਗੇ
ਤੇ ਮੇਰੇ ਅੰਦਰਲਾ ਲੇਖਕ ਮਰ ਗਿਆ
ਮੈਂ ਇੱਕ ਬੁਲਬਲਾ ਬਣ ਉੱਡਣ ਲੱਗਾ !

## ਸ਼ਬਦ ਚਿੱਤਰ — ਅਮਿਤੋਜ: ਭਰਿਆ ਭਰਿਆ ਖ਼ਾਲੀ ਤਰਕਸ਼ / ਡਾ. ਲਖਵਿੰਦਰ ਜੌਹਲ

–ਅਮਿਤੋਜ ਸਾਡੇ ਤੋਂ ਪਹਿਲੀ ਪੀੜ੍ਹੀ ਦਾ ਸ਼ਾਇਰ ਸੀ, ਜਿਸ ਦੀਆਂ ਕਵਿਤਾਵਾਂ ਪੜ੍ਹ-ਪੜ੍ਹ ਸੁਣ-ਸੁਣ ਅਸੀਂ ਕਵਿਤਾ ਨਾਲ ਜੁੜਨ ਲਈ ਪਹਿਲੇ ਕਦਮ ਪੁੱਟੇ। 'ਨਾਗਮਣੀ' ਦੇ ਪਹਿਲੇ ਸਫ਼ੇ ਉੱਤੇ ਛਪੀ ਉਸ ਦੀ ਕਵਿਤਾ 'ਬੁੱਢਾ ਬੌਲਦ' ਸੱਤਰਵਿਆਂ ਦੀਆਂ ਉਨ੍ਹਾਂ ਕਵਿਤਾਵਾਂ ਵਿੱਚੋਂ ਹੈ, ਜਿਨ੍ਹਾਂ ਨੂੰ ਮੈਂ ਕਦੇ ਨਹੀਂ ਭੁੱਲਦਾ।



–ਅਮਿਤੋਜ ਸਾਡੇ ਤੋਂ ਪਹਿਲੀ ਪੀੜ੍ਹੀ ਦਾ ਮੀਡੀਆ-ਕਰਮੀ ਸੀ, ਜਿਸ ਦੀ ਸੰਚਾਲਨਾ ਨੂੰ ਦੇਖ ਦੇਖ ਅਸੀਂ ਟੀ.ਵੀ. ਦੇ ਪਰਦੇ ਉੱਤੇ ਆਪਣੇ ਆਪ ਨੂੰ ਵੇਖਣ ਦੇ ਸੁਪਨੇ ਲੈਣੇ ਸ਼ੁਰੂ ਕੀਤੇ।

–'ਕੱਚ ਦੀਆਂ ਮੁੰਦਰਾਂ' ਦੂਰਦਰਸ਼ਨ ਉੱਤੇ ਮੇਰੇ ਪਹੁੰਚਣ ਤੋਂ ਪਹਿਲਾਂ ਦਾ ਚੱਲਦਾ ਰੰਗਾਰੰਗ ਪ੍ਰੋਗਰਾਮ ਸੀ, ਜਿਸ ਨੂੰ ਵੇਖ-ਵੇਖ ਕੇ ਉਸ ਤਰ੍ਹਾਂ ਦਾ ਪ੍ਰੋਗਰਾਮ ਕਰਨ ਦੀ ਚਾਹਤ, ਮੇਰੇ ਮਨ ਵਿਚ ਉੱਸਲਵੱਟੇ ਲੈਣ ਲੱਗੀ।

–ਆਪਣੇ ਮੀਡੀਆ-ਇਸ਼ਟ ਹਰਜੀਤ ਸਿੰਘ ਦੀ ਦੇਖ-ਰੇਖ ਹੇਠ ਤਿਆਰ ਹੁੰਦੇ, ਇਸੇ ਪ੍ਰੋਗਰਾਮ (ਕੱਚ ਦੀਆਂ ਮੁੰਦਰਾਂ) ਦੀ ਪ੍ਰੋਡਕਸ਼ਨ ਨੂੰ ਨੇੜਿਓਂ ਵੇਖਦਿਆਂ ਮੈਨੂੰ ਅਮਿਤੋਜ ਨੂੰ ਵੀ ਨੇੜਿਓਂ ਵੇਖਣ ਦਾ ਮੌਕਾ ਮਿਲਿਆ ਤਾਂ ਉਹ ਦੂਰੀਆਂ ਮਿਟਣੀਆਂ ਸ਼ੁਰੂ ਹੋ ਗਈਆਂ, ਜਿਹੜੀਆਂ ਚੰਡੀਗੜ੍ਹ ਅਤੇ ਜਲੰਧਰ ਵਿਚਕਾਰ ਸਨ।

–ਕੁਝ ਸਾਲ ਪਿੱਛੇ ਚਲੇ ਜਾਈਏ!

ਉਹ ਕਦੇ ਕ੍ਰਿਸ਼ਨ ਕੁਮਾਰ ਸੀ, ਕ੍ਰਿਸ਼ਨ ਸਰੀਨ ਸੀ, ਕ੍ਰਿਸ਼ਨ ਕੰਵਲ ਸੀ, ਕ੍ਰਿਸ਼ਨ ਸ਼ਮੀਮ ਸੀ ਤੇ ਫੇਰ ਅਮਿਤੋਜ। ਸੁਰਜੀਤ ਪਾਤਰ ਦੀ ਸਲਾਹ ਨਾਲ ਅਮਿਤੋਜ ਬਣ ਕੇ ਹੀ, ਉਹ ਕਵਿਤਾ ਵਿਚ ਅਤੇ ਯੂਨੀਵਰਸਿਟੀ ਵਿਚ ਆਇਆ ਸੀ।

ਅਮਿਤੋਜ ਅਤੇ ਲੋਕ ਨਾਥ ਦੀ ਜੋੜੀ ਉਦੋਂ ਡਾਕਟਰ ਵਿਸ਼ਵਾਨਾਥ ਤਿਵਾੜੀ ਦੀ ਹਮਸਾਈ ਸੀ। ਜਦੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਕੈਂਪਸ ਵਿਚ ਨਵੀਂ ਪੰਜਾਬੀ ਕਵਿਤਾ ਅਤੇ ਨਵੀਂ ਪੰਜਾਬੀ ਆਲੋਚਨਾ ਦਾ ਬੋਲਬਾਲਾ ਸੀ। ਇਕ ਤੋਂ ਬਾਅਦ ਇਕ ਸੈਮੀਨਾਰ-ਇਕ ਤੋਂ ਬਾਅਦ ਇਕ ਕਾਨਫਰੰਸ, ਇਕ ਤੋਂ ਬਾਅਦ ਇਕ ਕਵੀ ਦਰਬਾਰ ਇਕ ਤਾਂਤਾ ਲੱਗਿਆ ਰਹਿੰਦਾ ਸੀ। ਲਗਭਗ ਸਾਰੇ ਵਿਭਾਗਾਂ ਵਿਚ। ਇਕ ਪਾਸੇ ਡਾ. ਅਤਰ ਸਿੰਘ, ਡਾ. ਕੇਸਰ ਸਿੰਘ ਕੇਸਰ, ਅਤੇ ਡਾ. ਰਘਬੀਰ ਸਿੰਘ 'ਸਿਰਜਣਾ' ਵਰਗੇ ਵਿਦਵਾਨ, ਦੂਜੇ ਪਾਸੇ ਡਾ. ਦਰਸ਼ਨ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ ਵਰਗੇ ਥੰਮ੍ਹ ਅਤੇ ਤੀਸਰੇ ਪਾਸੇ ਡਾਕਟਰ ਵਿਸ਼ਵਾਨਾਥ ਤਿਵਾੜੀ ਦੀਆਂ ਸਰਗਰਮੀਆਂ ਅਤੇ ਉਸਦੇ ਸੱਜੇ ਖੱਬੇ ਅਮਿਤੋਜ ਅਤੇ ਲੋਕ ਨਾਥ। ਬੜੇ ਦਿਲਕਸ਼ ਸਮੀਕਰਨ ਸਨ।

ਡਾਕਟਰ ਰਘਬੀਰ ਸਿੰਘ 'ਸਿਰਜਣਾ' ਮੇਰੇ ਬੀ.ਏ. ਦੇ ਅਧਿਆਪਕ ਸਨ। ਉਹ ਜੰਡਿਆਲਾ ਕਾਲਜ ਛੱਡ ਕੇ ਯੂਨੀਵਰਸਿਟੀ ਦੇ ਕੋਸ਼ਕਾਰੀ ਵਿਭਾਗ ਵਿਚ ਚਲੇ ਗਏ ਅਤੇ ਇਧਰ ਮੈਂ ਐਮ.ਏ. ਪੰਜਾਬੀ ਕਰਨ ਉਪਰੰਤ ਪੀਐਚ.ਡੀ. ਕਰਨ ਬਾਰੇ ਸੋਚਣ ਲੱਗਾ ਤਾਂ ਡਾਕਟਰ ਰਘਬੀਰ ਸਿੰਘ ਨੂੰ ਚੰਡੀਗੜ੍ਹ ਜਾ ਮਿਲਿਆ। ਉਹ ਤੁਰੰਤ ਮੈਨੂੰ ਡਾਕਟਰ ਅਤਰ ਸਿੰਘ ਦੀ ਸ਼ਰਨ ਵਿੱਚ ਲੈ ਗਏ। ਡਾਕਟਰ ਅਤਰ ਸਿੰਘ ਬਾਬਾ ਫ਼ਰੀਦ ਚੇਅਰ ਦੇ ਮੁਖੀ ਸਨ ਅਤੇ ਯੂਨੀਵਰਸਿਟੀ ਦੀਆਂ ਸਰਗਰਮੀਆਂ ਵਿੱਚ ਉਨ੍ਹਾਂ ਦਾ ਚੰਗਾ ਬੋਲਬਾਲਾ ਸੀ। ਪਰ ਡਾਕਟਰ ਤਿਵਾੜੀ ਨਾਲ ਉਨ੍ਹਾਂ ਦੀ ਸਾਹਿਤਕ-ਰਾਜਨੀਤਕ ਕਸ਼ਮਕਸ਼ ਬੇਹੱਦ ਜ਼ੋਰਾਂ ਉੱਤੇ ਸੀ। ਮੈਂ ਸੂਫ਼ੀ ਕਵੀ ਸ਼ਾਹ ਹੁਸੈਨ ਦੇ ਕਾਵਿ-ਸਿਧਾਂਤ ਉੱਤੇ ਸੋਧ-ਪ੍ਰਬੰਧ ਲਿਖਣ ਲਈ ਡਾਕਟਰ ਅਤਰ ਸਿੰਘ ਨਾਲ ਇਨਰੋਲਮੈਂਟ ਕਰਵਾ ਲਈ। ਜਦੋਂ ਮੈਂ ਚੰਡੀਗੜ੍ਹ ਜਾਂਦਾ ਅਮਿਤੋਜ ਨੂੰ ਮਿਲਣ ਦੀ ਇੱਛਾ ਹੁੰਦੀ। ਇਹ ਗੱਲ ਅੱਸੀਵਿਆਂ ਦੇ ਸ਼ੁਰੂ ਦੀ ਹੈ। ਅਮਿਤੋਜ ਦੇ ਬੇਬਾਕ ਇਸ਼ਕ ਦੀ ਚਰਚਾ ਜ਼ੋਰਾਂ 'ਤੇ ਸੀ। ਉਹ ਸ਼ਾਮ ਦੀਆਂ ਮਹਿਫਲਾਂ ਦਾ ਸ਼ਾਹ ਸਵਾਰ ਬਣ ਚੁੱਕਿਆ ਸੀ। ਇਨਾਂ ਦਿਨਾਂ ਵਿਚ ਮੈਂ ਉਸ ਨੂੰ ਚਾਹੁੰਦਿਆਂ ਹੋਇਆਂ ਵੀ ਬਹੁਤਾ ਨਾ ਮਿਲ ਸਕਿਆ। ਵਿਭਾਗ ਦੀ ਰਾਜਨੀਤੀ ਮੈਨੂੰ ਉਸ ਤੋਂ ਦੂਰ ਰਹਿਣ ਦੀ ਹੀ ਸਲਾਹ ਦੇ ਰਹੀ ਸੀ। ਮੈਨੂੰ ਇਸ ਤਰਾਂ ਚੰਗਾ ਨਾ ਲਗਦਾ ਪਰ...

ਇਕ ਦਿਨ ਵਿਭਾਗ ਦੀਆਂ ਪੌੜੀਆਂ ਉਤਰਦਾ ਮਿਲਿਆ,ਪਰ ਰੁਕਿਆ ਨਾ। ਇਹ ਪਹਿਲੀ ਵਾਰ ਹੋਇਆ ਸੀ ...ਤੇ ਫੇਰ ਉਸਦੀ ਉਦਾਸੀ ਮਹਿਫਲਾਂ ਦੀ ਖਬਰ ਬਣਨ ਲੱਗੀ । ਤੇ ਉਹ ਟੁੱਟੇ ਤਾਰੇ ਵਾਂਗ ਭਟਕਦਾ ਯੂਨੀਵਰਸਿਟੀ ਦੀਆਂ ਸੜਕਾਂ ਉੱਤੇ ਲਰਜਣ ਲੱਗਾ।

ਮੈਂ ਚੰਡੀਗੜ੍ਹ ਦੀ ਇਨਰੋਲਮੈਂਟ ਛੱਡ ਕੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਐਮ.ਫਿਲ ਕਰਨ ਲੱਗ ਪਿਆ... ਤੇ ਫਿਰ 1985 ਵਿੱਚ ਜਦੋਂ ਮੈਂ ਦੂਰਦਰਸ਼ਨ ਦੀ ਨੌਕਰੀ ਕਰ ਲਈ ਤਾਂ ਅਮਿਤੋਜ ਨਾਲ ਮੁਲਾਕਾਤ ਹਰ ਹਫ਼ਤੇ ਹੋਣ ਲੱਗੀ। ਉਹਦੇ ਕੋਲ ਸ਼ਬਦਾਂ ਦਾ ਅਜਿਹਾ ਭੰਡਾਰ ਸੀ, ਜਿਸ ਨੂੰ ਨਿਵੇਕਲੇ ਅੰਦਾਜ਼ ਵਿਚ ਉਚਾਰ ਕੇ, ਉਹ ਸੁਣਨ-ਦੇਖਣ ਵਾਲੇ ਨੂੰ ਕੀਲ ਲੈਂਦਾ ਸੀ। ਉਹਦੇ ਚਿਹਰੇ ਕੋਲ ਅਜਿਹੇ ਪ੍ਰਭਾਵ ਸਨ ਕਿ ਕੈਮਰਾ

ਵੀ ਦੰਗ ਰਹਿ ਜਾਂਦਾ ਸੀ। ਉਹ ਜਦੋਂ ਪਰਦੇ ਉੱਤੇ ਰੂਪਮਾਨ ਹੁੰਦਾ ਤਾਂ ਉਸ ਦਾ ਕੋਈ ਜੁਆਬ ਨਹੀਂ ਸੀ। ਉਹਦੀਆਂ ਅੱਖਾਂ ਦਰਸ਼ਕ ਦੀਆਂ ਅੱਖਾਂ ਨਾਲ ਇਸ ਤਰ੍ਹਾਂ ਇਕਸੁਰ ਅਤੇ ਇਕ-ਲੈਅ ਹੋ ਜਾਂਦੀਆਂ ਸਨ ਕਿ ਉਨ੍ਹਾਂ ਦੀ ਝਪਕਣਾ ਵਿੱਚ ਕੋਈ ਅੰਤਰ ਨਹੀਂ ਸੀ ਰਹਿੰਦਾ।

ਅੱਜ ਤੱਕ ਵੀ, ਹਜ਼ਾਰਾਂ ਪ੍ਰੋਗਰਾਮਾਂ ਦਾ ਨਿਰਮਾਣ ਕਰਨ ਉਪਰੰਤ ਵੀ, ਮੈਂ ਇਹ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਉਸ ਵਰਗਾ ਸੰਚਾਲਕ ਜਲੰਧਰ ਦੂਰਦਰਸ਼ਨ ਨੂੰ ਮੁੜ ਕੇ ਕਦੇ ਨਹੀਂ ਮਿਲਿਆ। ਉਹ ਇਕ ਦੰਦ-ਕਥਾ ਹੈ। ਉਹ ਇਕ ਅਤਿ ਹੁਸੀਨ ਸੁਪਨਾ ਸੀ। ਉਹ ਦੋਸਤ ਸੀ ਜਾਂ ਦੁਸ਼ਮਣ ਸੀ, ਪੂਰਾ ਬੇਬਾਕ ਸੀ। ਜਿੰਨਾ ਮਾਣ-ਤਾਣ, ਜਿੰਨੀ ਸ਼ੋਹਰਤ ਅਤੇ ਲੋਕਪ੍ਰਿਯਤਾ ਦੂਰਦਰਸ਼ਨ ਦਾ ਇਕ ਸੰਚਾਲਕ ਹੁੰਦਿਆਂ ਅਮਿਤੋਜ ਦੇ ਹਿੱਸੇ ਆਈ, ਇਸ ਦੀ ਕੋਈ ਹੋਰ ਮਿਸਾਲ ਅੱਜ ਤੱਕ ਵੀ ਨਹੀਂ ਹੈ।

ਫਿਰ ਬਹੁਤ ਜਲਦੀ ਉਹ ਜ਼ਿੰਦਗੀ ਤੋਂ ਨਿਰਾਸ਼ ਰਹਿਣ ਲੱਗਾ... ਸ਼ਰਾਬ ਉਸ ਦੀ ਪੱਕੀ ਸਾਥਣ ਬਣ ਗਈ। ਉਹਦਾ ਜਿਗਰ ਜਵਾਬ ਦੇਣ ਲੱਗਿਆ। ਉਹਨੂੰ ਕਈ ਦਿਨਾਂ ਤੱਕ ਹਸਪਤਾਲ ਰਹਿਣਾ ਪਿਆ। ਦਵਾਈਆਂ ਦੇ ਸਹਾਰੇ ਤੁਰਨਾ, ਉਹਦੀ ਮਜਬੂਰੀ ਬਣ ਗਿਆ। 'ਕੱਚ ਦੀਆਂ ਮੁੰਦਰਾਂ' ਨਵੇਂ ਸੰਚਲਕਾਂ ਨਾਲ ਪਰਦੇ ਉੱਤੇ ਲਿਆਉਣ ਦੀਆਂ ਮਜਬੂਰੀਆਂ ਵਿੱਚ ਫਸਿਆ ਦੂਰਦਰਸ਼ਨ ਨਵੇਂ-ਨਵੇਂ ਤਜਰਬੇ ਕਰਨ ਲੱਗਿਆ। ਪਰ ਅਮਿਤੋਜ ਤੋਂ ਬਿਨਾਂ ਇਹ ਸਭ ਕੁਝ ਸੋਚਣਾ ਬੇਅਰਥ ਲੱਗਦਾ।... ਉਹ ਵੀ ਹੁਣ ਕਈ ਕਈ ਦਿਨ ਦੂਰਦਰਸ਼ਨ ਨਾ ਆਉਂਦਾ... ਦੂਰਦਰਸ਼ਨ ਨੇ ''ਕੱਚ ਦੀਆਂ ਮੁੰਦਰਾਂ'' ਦਾ ਨਾਮ ਬਦਲ ਕੇ ਨਵੇਂ ਰੰਗਾਰੰਗ ਪ੍ਰੋਗਰਾਮ ਸ਼ੁਰੂ ਕੀਤੇ। ਪਰ ਉਹ ਗੱਲ ਬਿਲਕੁਲ ਨਾ ਬਣੀ, ਜੋ ਅਮਿਤੋਜ ਦੀਆਂ ''ਕੱਚ ਦੀਆਂ ਮੁੰਦਰਾਂ'' ਬਣਾਉਂਦੀਆਂ ਸਨ। ਦੂਰਦਰਸ਼ਨ ਬੇਹੱਦ ਪ੍ਰੇਸ਼ਾਨ ਸੀ,ਅਮਿਤੋਜ ਬੇਹੱਦ ਨਿਰਾਸ਼ ਸੀ।

ਇਸ ਨਿਰਾਸ਼ਾ ਦੇ ਆਲਮ ਵਿੱਚ ਉਹ ਦੂਰਦਰਸ਼ਨ ਦੇ ਸਾਹਮਣੇ ਹੀ ਅਜੀਤ ਨਗਰ ਵਿਚ ਬੰਬਈ ਤੋਂ ਆਏ ਪ੍ਰੋਡਿਊਸਰ ਸਤਿੰਦਰ ਦੀਪਕ(ਸਵਰਗੀ) ਦੇ ਕਮਰੇ ਵਿੱਚ ਕਈ ਕਈ ਦਿਨ ਸ਼ਰਾਬ ਪੀਂਦਾ ਰਹਿੰਦਾ... ਜਾਂ ਫੇਰ ਦੇਸ਼ ਭਗਤ ਯਾਦਗਾਰ ਦੇ ਬਾਹਰਵਾਰ ਹਰਮੀਤ ਔਜਲਾ (ਸਵਰਗੀ)ਦੇ ਕਮਰੇ ਵਿੱਚ ਕਈ ਕਈ ਰਾਤਾਂ ਗੁਜ਼ਾਰ ਦਿੰਦਾ... ਇਕ ਦਿਨ ਦੀਪਕ ਦੇ ਕਮਰੇ ਵਿੱਚ ਬੈਠਾ , ਉਹ ਆਪਣੇ ਸਾਹਮਣੇ ਕੁਝ ਗ਼ੁਬਾਰੇ ਫੁਲਾ ਕੇ, ਉਨ੍ਹਾਂ ਬਾਰੇ ਆਪਣੇ-ਆਪ ਨਾਲ ਹੀ ਚਰਚਾ ਕਰ ਰਿਹਾ ਸੀ। ਸਾਰੀ ਮਹਿਫਲ ਪੂਰੀ ਲੋਰ ਵਿੱਚ ਸੀ।ਮੈਂ ਕਮਰੇ ਵਿੱਚ ਪਹੁੰਚਿਆ ਤਾਂ ਕਹਿਣ ਲੱਗਾ ''ਮੈਂ ਇਨ੍ਹਾਂ ਭੁਕਾਨਿਆਂ ਤੋਂ ਪੁਛਦਾਂ ਕਿ ਏਨੇ ਸ਼ੋਖ ਰੰਗਾਂ ਦੇ ਮਾਲਕ ਹੋ ਕੇ ਵੀ, ਇਹ ਏਨੇ ਉਦਾਸ ਕਿਉਂ ਨੇ? ਪਰ ਇਹ ਕੁਝ ਨਹੀਂ ਦੱਸਦੇ....'' ਮੈਨੂੰ ਕਹਿਣ ਲੱਗਾ ?''ਚੱਲ ਤੂੰ ਦੱਸ ਦੇ।'' ਮੈਂ ਮੁਸਕਰਾ ਛੱਡਿਆ... ਮੈਨੂੰ ਉਹਨੇ ਜ਼ੋਰ ਨਾਲ 'ਦਬਕਾ' ਮਾਰਿਆਂ ''ਤੂੰ ਮੈਨੂੰ ਇਹ ਨਹੀਂ ਦੱਸੇਂਗਾ ਤਾਂ ਕੌਣ ਦੱਸੇਗਾ ਮੈਨੂੰ?'' ਮੈਂ ਉਹਦਾ ਇਹ ਰੂਪ ਪਹਿਲਾਂ ਕਦੇ ਨਹੀਂ ਸੀ ਦੇਖਿਆ। ਕਮਰੇ ਵਿੱਚ ਬੈਠੇ ਸਾਰੇ ਸ਼ਰਾਬੀਆਂ ਵਿੱਚ ਇਕ



ਮੈਂ ਹੀ ਸਾਂ, ਜਿਸ ਨੂੰ ਉਹ ਇਸ ਤਰ੍ਹਾਂ ਕਹਿ ਸਕਦਾ ਸੀ। ਪਰ ਮੈਂ ਹੀ ਸਾਂ, ਜਿਸ ਕੋਲ ਇਸ ਦਾ ਕੋਈ ਜੁਆਬ ਨਾ ਉਦੋਂ ਸੀ ਨਾ ਅੱਜ ਹੈ।

ਫਿਰ ਇਕ ਦਿਨ ਮੈਨੂੰ ਮੇਰੇ ਦੋਸਤ ਮਨਜੀਤ ਜੌਹਲ (ਜੋ ਅੱਜਕਲ੍ਹ ਕੈਨੇਡਾ ਵਿੱਚ ਹੈ) ਨੇ ਦੱਸਿਆ ਕਿ ਜਦੋਂ ਉਸ ਨੇ ਆਪਣੀ 'ਜਗ ਬਾਣੀ' ਦੀ ਡਿਊਟੀ ਤੋਂ ਬਾਅਦ ਰਾਤ ਨੂੰ ਆ ਕੇ ਹਰਮੀਤ ਔਜਲਾ ਵਾਲੇ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਤਾਂ ਅਮਿਤੋਜ ਪਹਿਲਾਂ ਹੀ ਅੰਦਰ ਬੈਠਾ ਮਦਹੋਸ਼ ਸ਼ਰਾਬੀ ਮੁਦਰਾ 'ਚ ਕੁਝ ਬੁੜਬੁੜਾ ਰਿਹਾ ਸੀ। -ਮਨਜੀਤ ਨੂੰ ਕਹਿਣ ਲੱਗਿਆ, 'ਤੂੰ ਬਹੁਤ ਸਮੇਂ ਸਿਰ ਪਹੁੰਚ ਗਿਐਂ, ਲੜਾਈ ਹੋਣ ਹੀ ਵਾਲੀ ਸੀ।' ਮਨਜੀਤ ਨੇ ਪੁੱਛਿਆ ਕਿਹਦੇ ਨਾਲ? ਕਹਿਣ ਲੱਗਾ, 'ਇਹਦੇ ਨਾਲ, ਜਿਹੜਾ ਤੇਰੇ ਸਾਹਮਣੇ ਬੈਠਾ ਹੈ,'' ..ਪਰ ਕਮਰੇ ਵਿਚ ਹੋਰ ਕੋਈ ਵੀ ਨਹੀਂ ਸੀ। 'ਇਹ ਹੋਰ ਕੋਈ' ਅਮਿਤੋਜ ਨੂੰ ਕਿਉਂ ਦਿੱਸਦਾ ਸੀ? ਇਸ ਦਾ ਜੁਆਬ ਮਨਜੀਤ ਜੌਹਲ ਕੋਲ ਨਾ ਉਦੋਂ ਸੀ, ਨਾ ਅੱਜ ਹੈ।

ਫਿਰ 1988 ਦੇ ਮਾਰਚ ਮਹੀਨੇ ਦੀ ਇਕ ਦੁਪਹਿਰ! ਡੀ.ਏ.ਵੀ. ਕਾਲਜ ਨਕੋਦਰ ਵਿੱਚ ਕਵੀ ਦਰਬਾਰ ਸੀ। ਮੇਰਾ ਦੂਰਦਰਸ਼ਨ ਦਾ ਸਹਿਕਰਮੀ ਸਵਿਤੋਜ (ਸਵਰਗੀ) ਅਤੇ ਮੈਂ ਆਪਣੀ ਕਵਿਤਾ ਪੜ੍ਹਨ ਦੀ ਉਡੀਕ ਵਿੱਚ ਬੈਠੇ ਸਾਂ ਕਿ ਪਰਮਜੀਤ ਦੇਹਲ ਨੇ ਆ ਕੇ ਮੇਰਾ ਮੋਢਾ ਥਪ-ਥਪਾਇਆ। ਕਹਿਣ ਲੱਗਾ, ਬਾਹਰ ਆਓ ਜ਼ਰਾ! ਤੁਹਾਨੂੰ ਪਾਸ਼ ਬੁਲਾ ਰਿਹਾ ਹੈ। ਮੈਂ ਕਿਹਾ : ਉਹ ਕਦੋਂ ਆਇਆ, ਕਿੱਥੇ ਐ!'' ਅਸੀਂ ਉੱਠ ਕੇ ਬਾਹਰ ਆਏ ਤਾਂ ਪਾਸ਼ ਆਪਣੇ ਪੁਰਾਣੇ ਦੋਸਤਾਂ, ਜਿਨ੍ਹਾਂ ਵਿੱਚ ਜਸਵੰਤ ਖਟਕੜ ਵੀ ਸ਼ਾਮਿਲ ਸੀ, ਨਾਲ ਲਾਅਨ ਵਿੱਚ ਬੈਠਾ ਸੀ। ਸਾਨੂੰ ਉੱਠ ਕੇ ਮਿਲਿਆ ਤੇ ਫਿਰ ਅਸੀਂ ਵੀ ਉੱਥੇ ਬੈਠ ਗਏ। ਅੰਦਰੋਂ ਕਵਿਤਾ ਪੜ੍ਹਨ ਦੀ ਵਾਰੀ ਦਾ ਸੱਦਾ ਆਇਆ ਤਾਂ ਅਸੀਂ ਪਾਸ਼ ਨੂੰ, ਉਸ ਦੇ ਨਾ ਚਾਹੁੰਦੇ ਹੋਏ ਵੀ, ਮਲੋ-ਮੱਲੀ ਅੰਦਰ ਲੈ ਗਏ।

ਪਾਸ਼ ਨੇ ਉਸ ਕਵੀ ਦਰਬਾਰ ਵਿੱਚ ਆਪਣੀ 'ਸਭ ਤੋਂ ਖ਼ਤਰਨਾਕ' ਸਿਰਲੇਖ ਵਾਲੀ ਕਵਿਤਾ ਪਹਿਲੀ ਵਾਰ ਪੜ੍ਹੀ। ਸਾਰਾ ਕਵੀ ਦਰਬਾਰ ਅਸ਼-ਅਸ਼ ਕਰ ਉੱਠਿਆ। ਫਿਰ

ਨਕੋਦਰ ਦੇ ਬਾਹਰਵਾਰ ਹੋਟਲ 'ਸਰੂਰ' ਵਿੱਚ ਸਾਰੇ ਗਏ। ਦੇਰ ਤੱਕ ਮਹਿਫ਼ਲ ਜੰਮੀ। ਤੁਰਨ ਲੱਗੇ ਤਾਂ ਪਾਸ਼ ਨੇ ਮੈਨੂੰ ਤੇ ਸਵਿਤੋਜ ਨੂੰ ਕਿਹਾ, ਆਪਾਂ 'ਅਖਾੜੇ' ਅਮਿਤੋਜ ਦੇ ਪਿੰਡ ਜਾਣੈ... ਅੱਜ ਉਸ ਦਾ ਵਿਆਹ ਹੈ। ਅਸੀਂ ਕਿਹਾ ਸਾਨੂੰ ਤਾਂ ਉਸ ਨੇ ਬੁਲਾਇਆ ਈ ਨਹੀਂ, ਅਸੀਂ ਕਿਉਂ ਜਾਈਏ? ਕਹਿਣ ਲੱਗਾ, ਬੁਲਾਇਆ ਤਾਂ ਮੈਨੂੰ ਵੀ ਨਹੀਂ... ਪਰ ਆਪਾਂ ਚੱਲਣੈਂ। ਅਸੀਂ ਉਸ ਨਾਲ ਸਹਿਮਤ ਨਾ ਹੋਏ। ਅਸੀਂ ਬੱਸੇ ਚੜ੍ਹ ਕੇ ਜਲੰਧਰ ਆ ਗਏ ਤੇ ਉਹ ਅਮਿਤੋਜ ਦੇ ਪਿੰਡ ਜਾਣ ਲਈ ਸਾਥੋਂ ਵਿਛੜ ਗਿਆ।

ਕੀ ਸੱਚਮੁੱਚ ਉਸੇ ਦਿਨ ਅਮਿਤੋਜ ਦਾ ਵਿਆਹ ਸੀ? ਅਤੇ ਬਿਨਾਂ ਬੁਲਾਏ ਤੋਂ ਵੀ ਪਾਸ਼ ਨੇ ਉਸ ਦੇ ਵਿਆਹ ਉੱਤੇ ਕਿਉਂ ਜਾਣਾ ਸੀ? ਇਸ ਦਾ ਜੁਆਬ ਕਾਫੀ ਦਿਨਾਂ ਬਾਅਦ ਮੈਨੂੰ ਪਾਸ਼ ਨੇ ਇਹ ਦਿਤਾ ਕਿ ਉਹ ਅਮਿਤੋਜ ਨੂੰ ਕੁਝ ਕਹਿਣਾ ਚਾਹੁੰਦਾ ਸੀ, ਪਰ ਜਦੋਂ ਅਸੀਂ ਉਸਦਾ ਸਾਥ ਨਾ ਦਿੱਤਾ ਤਾਂ ਉਸਨੇ ਆਪਣਾ ਇਰਾਦਾ ਬਦਲ ਲਿਆ...

ਫਿਰ ਇਕ ਦਿਨ ਅਮਿਤੋਜ ਮੈਨੂੰ ਦੂਰਦਰਸ਼ਨ ਮਿਲਿਆ। ਇਕ ਨਵੇਂ ਰੰਗਾਰੰਗ ਪ੍ਰੋਗਰਾਮ ਦੀ ਰੂਪਰੇਖਾ ਲੈ ਕੇ। ਇਸ ਪ੍ਰੋਗਰਾਮ ਦਾ ਸਿਰਲੇਖ ਉਹ ''ਕਾਲਿਆਂ ਬਾਗ਼ਾਂ ਦੀ ਮਹਿੰਦੀ'' ਰੱਖਣਾ ਚਾਹੰਦਾ ਸੀ। ਮੈਂ ਚਾਹੁੰਦਿਆਂ ਹੋਇਆਂ ਵੀ ਦੂਰਦਰਸ਼ਨ ਉੱਤੇ ਉਸ ਦੇ ਸੁਪਨਿਆਂ ਦਾ ਇਹ ਨਵਾਂ ਪ੍ਰੋਗਰਾਮ ਸ਼ੁਰੂ ਨਾ ਕਰਵਾ ਸਕਿਆ। ਉਹ ਕਾਫ਼ੀ ਪ੍ਰੇਸ਼ਾਨ ਸੀ।

...ਇਕ ਦਿਨ ਡਾਕ ਰਾਹੀਂ ਉਸ ਦੀ ਇਕ ਚਿੱਠੀ ਮਿਲੀ। ਜਿਹੜੀ ਉਸ ਨੇ ਚੰਡੀਗੜ੍ਹ ਤੋਂ ਮੈਨੂੰ ਪੋਸਟ ਕੀਤੀ ਸੀ। ਉਸ ਵਿੱਚ ਲਿਖਿਆ ਹੋਇਆ ਸੀ, ਮੈਂ ਤੇਰੇ ਲਈ ਕੁਝ ਸਕਰਪਿਟਸ ਲਿਖ ਰਿਹਾ ਹਾਂ। ਬਲਕਾਰ ਨੂੰ ਵੀ ਦੱਸ ਦੇਈਂ, ਉਸ ਦਾ ਕੰਮ ਵੀ ਜਲਦੀ ਕਰ ਦੇਵਾਂਗਾ। ਉਹ ਸਕਰਪਿਟਸ ਕੀ ਸਨ? ਬਲਕਾਰ ਦਾ ਕੀ ਕੰਮ ਸੀ? ਇਸ ਦਾ ਮੈਨੂੰ ਅੱਜ ਤੱਕ ਪਤਾ ਨਹੀਂ ਲੱਗਿਆ।

...ਫਿਰ ਉਸ ਦੇ ਬਹੁਤ ਬਿਮਾਰ ਰਹਿਣ ਦੀਆਂ ਖ਼ਬਰਾਂ ਆਉਣ ਲੱਗੀਆਂ। ਉਸ ਦੀਆਂ ਅੱਖਾਂ ਦੀ ਰੌਸ਼ਨੀ ਜਾ ਰਹੀ ਸੀ। ਉਸ ਦਾ ਤੁਰਨਾ ਫਿਰਨਾ ਜਾਂ ਕਿਸੇ ਨੂੰ ਮਿਲਣਾ-ਜੁਲਣਾ ਲਗਭਗ ਬੰਦ ਸੀ। ਇਕ ਬੇਬਾਕ ਆਵਾਜ਼ ਹੌਲੀ-ਹੌਲੀ ਖਾਮੋਸ਼ ਹੋ ਰਹੀ ਸੀ। ਇਨ੍ਹਾਂ ਦਿਨਾਂ ਵਿੱਚ ਹੀ ਦੂਰਦਰਸ਼ਨ ਦੇ ਇਕ ਨਿਰਮਾਤਾ ਨੇ, ਉਸ ਉੱਪਰ ਇਕ ਅਜਿਹਾ ਪ੍ਰੋਗਰਾਮ ਬਣਾਇਆ ਜਿਹੜਾ ਇਕ ਬੁਲੰਦ ਸ਼ਖ਼ਸੀਅਤ ਦੀ ਬੇਬਸੀ ਨੂੰ ਬਿਆਨ ਕਰਦਾ ਸੀ... ਤੇ ਫਿਰ ਉਹ ਬੁਲੰਦ ਸ਼ਖ਼ਸੀਅਤ ਸਾਡੀਆਂ ਅੱਖਾਂ ਤੋਂ ਓਝਲ ਹੋ ਗਈ।

ਇਸ ਖ਼ੂਬਸੂਰਤ ਪਰੀ ਕਥਾ ਦਾ ਆਗਾਜ਼ ਭੁਲੱਥ ਲਾਗਲੇ ਪਿੰਡ ਅਖਾੜਾ ਵਿੱਚ 3 ਜੂਨ, 1947 ਨੂੰ ਹੋਇਆ ਸੀ। ਆਪਣੇ ਭਰਾ ਅਸ਼ੋਕ ਨੂੰ ਖੇਤੀਬਾੜੀ ਦਾ ਸਾਰਾ ਕੰਮ ਸੰਭਾਲ ਕੇ ਉਹ ਭਟਕਣਾ ਦੇ ਰਾਹੀਂ ਤੁਰ ਪਿਆ ਸੀ, ਫੇਰ ਉਹ ਉਮਰ ਭਰ ਭਟਕਦਾ ਹੀ ਰਿਹਾ। ਇਸੇ ਭਟਕਣ ਨੇ ਹੀ ਉਸ ਨੂੰ ਅੰਤ ਨੂੰ ਅਨੰਤ ਸਫ਼ਰ ਉੱਤੇ ਤੋਰ ਦਿੱਤਾ। ਉਸ ਦੇ ਜਾਣ ਤੋਂ ਕੁਝ ਸਾਲਾਂ ਬਾਅਦ ਹੀ ਉਸ ਦੀ ਪਤਨੀ ਅੰਮ੍ਰਿਤਾ ਵੀ ਚਲੀ ਗਈ। ਉਸ ਦੀ ਧੀ ਲੋਰੀ (ਸੁਖਮਨੀ) ਅਤੇ ਪੁੱਤਰ ਆਗੋਸ਼ ਉਸ ਦੇ ਵਾਰਿਸ ਹਨ...

ਸੁਖਮਨੀ ਨੇ ਕੁਝ ਸਮਾਂ ਦੂਰਦਰਸ਼ਨ 'ਤੇ ਐਂਕਰਿੰਗ ਕੀਤੀ ਪਰ ਪਰਿਵਾਰਕ ਮਜਬੂਰੀਆਂ ਕਾਰਨ ਉਹ ਇਸ ਨੂੰ ਜਾਰੀ ਨਾ ਰੱਖ ਸਕੀ।

ਹੁਣ ਜਦੋਂ ਮੈਂ ਉਸ ਦੀ ਸ਼ਖ਼ਸੀਅਤ, ਉਸ ਦੀ ਕਲਾਕਾਰੀ, ਉਸ ਦੀ ਬੇਬਾਕੀ ਅਤੇ ਉਸ ਦੀ ਕਵਿਤਾ ਨੂੰ ਨਿਹਾਰਦਾ ਹਾਂ ਤਾਂ ਮੇਰੇ ਸਾਹਮਣੇ ਪਈ ਹੈ, ਉਸ ਦੀ 'ਖਾਲੀ ਤਰਕਸ਼'। ਇਹ ਕਿਤਾਬ ਉਦੋਂ ਸੁਰਜੀਤ ਪਾਤਰ ਦੀ ਹਿੰਮਤ ਨਾਲ ਛਪੀ ਸੀ ਜਦੋਂ ਉਹ ਬਿਮਾਰ ਸੀ। ਸੁਰਜੀਤ ਪਾਤਰ ਦਾ ਕਹਿਣਾ ਹੈ ਕਿ ਇਸ ਕਿਤਾਬ ਦਾ ਛਪਣਾ ਇਸ ਕਰਕੇ ਵੀ ਜ਼ਰੂਰੀ ਸੀ ਕਿ ਅਮਿਤੋਜ ਦੀ ਕਵਿਤਾ ਤੋਂ ਬਿਨਾਂ ਨਵੀਂ ਪੰਜਾਬੀ ਕਵਿਤਾ ਦਾ ਇਤਿਹਾਸ ਅਧੂਰਾ ਹੈ। ਇਸ ਕਿਤਾਬ ਵਿੱਚ 'ਬੁੱਢਾ ਬੌਲਦ' ਪੜ੍ਹਦਾ ਪੜ੍ਹਦਾ ਮੈਂ ਫਿਰ ਪਿੱਛੇ ਪਰਤ ਜਾਂਦਾ ਹਾਂ ਅਤੇ ਉਸ ਦੀ ਕਵਿਤਾ ''ਮੇਰਾ ਹੁਣ ਕੀ ਕਰੋਗੇ'' ਉੱਤੇ ਠਹਿਰ ਜਾਂਦਾ ਹਾਂ। ਇਹ ਉਹੀ ਕਵਿਤਾ ਹੈ ਜਿਹੜੀ 'ਜਗ ਬਾਣੀ' ਵਾਲਾ ਮਨਜੀਤ ਜੌਹਲ ਆਪਣੇ ਕਾਲਜ ਦੇ ਦਿਨਾਂ ਵਿਚ ਕਵਿਤਾ ਮੁਕਾਬਲਿਆਂ ਵਿੱਚ ਸੁਣਾ ਕੇ ਇਨਾਮ ਜਿੱਤ ਲੈਂਦਾ ਸੀ। ਉਦੋਂ ਇਹ ਕਵਿਤਾ ਬੇਹੱਦ ਬੁਲੰਦ ਕਵਿਤਾ ਲੱਗਦੀ ਸੀ। ਜਦੋਂ ਇਹ ਕਵਿਤਾ ਅਮਿਤੋਜ ਆਪ ਸੁਣਾਉਂਦਾ ਤਾਂ ਪੂਰੇ ਜਲੌਅ ਵਿੱਚ ਹੁੰਦਾ ਸੀ।....ਪਰ ਹੁਣ ਇਹ ਕਵਿਤਾ ਵੀ ਬੇਬੱਸ ਨਜ਼ਰ ਆਉਂਦੀ ਹੈ। ਉਦੋਂ ਇਸ ਕਵਿਤਾ ਦੀਆਂ ਇਨ੍ਹਾਂ ਸਤਰਾਂ ਉੱਤੇ ਧਿਆਨ ਨਹੀਂ ਸੀ ਜਾਂਦਾ, ਪਰ ਹੁਣ ਮੈਂ ਇਨ੍ਹਾਂ ਸਤਰਾਂ ਉੱਤੇ ਠਹਿਰ ਗਿਆ ਹਾਂ :-

''ਆਪਣੇ ਸਾਥੀਆਂ ਵਾਂਗ
ਬਹੁਤ ਦੇਰ
ਮੈਂ ਵੀ ਇਹੀ ਸੋਚਦਾ ਰਿਹਾ
ਕਿ ਮੇਰੀ ਤਲੀ 'ਤੇ ਮੇਰਾ ਸਿਰ ਹੈ
ਜਦ ਇਹ ਪਤਾ ਲੱਗਾ
ਕਿ ਮੇਰੀ ਤਲੀ 'ਤੇ ਮੇਰਾ ਸਿਰ ਨਹੀਂ
ਮੇਰੀ ਕਬਰ ਹੈ
ਤੇ ਮੈਂ ਆਪਣੀ
ਪੂਰੀ ਆਵਾਜ਼ ਵਿਚ ਕੂਕਿਆ
...ਮੇਰਾ ਹੁਣ ਕੀ ਕਰੋਗੇ?
ਮੈਂ ਤਾਂ ਆਪਣੀਆਂ
ਖਿਲਰੀਆਂ ਹੋਈਆਂ ਬਾਹਾਂ ਵਿੱਚ
ਇਕ ਸਬੂਤਾ ਪਾਗਲਪਨ ਹਾਂ
... ... ... ... ... ... ... ...

ਬਹੁਤ ਦੇਰ ਮੈਂ ਵੀ
ਆਪਣੇ ਸਾਥੀਆਂ ਵਾਂਗ
ਇਹ ਹੀ ਸੋਚਦਾ ਰਿਹਾ
ਕਿ ਮੇਰੇ ਪਾਸ ਤਾਂ ਕਵਿਤਾ ਦਾ ਹਥਿਆਰ ਹੈ
ਪਰ ਜਦ ਇਹ ਪਤਾ ਲੱਗਾ
ਕਿ ਕਵਿਤਾ ਨਾਲ ਸਿਰਫ਼
ਖ਼ੁਦਕੁਸ਼ੀ ਕੀਤੀ ਜਾ ਸਕਦੀ ਹੈ
ਤਾਂ ਮੈਂ ਆਪਣੀ ਪੂਰੀ
ਆਵਾਜ਼ ਵਿੱਚ ਕੂਕਿਆ
ਮੇਰਾ ਹੁਣ ਕੀ ਕਰੋਗੇ
ਮੈਂ ਤਾਂ ਆਪਣੀ ਖਿੱਲਰੀਆਂ ਹੋਈਆਂ
ਬਾਹਾਂ ਦੇ ਵਿੱਚ
ਇਕ ਸਬੂਤਾ ਪਾਗਲਪਨ ਹਾਂ''

ਆਪਣੇ ਦੋਸਤਾਂ, ਆਪਣੇ ਦੁਸ਼ਮਣਾਂ, ਆਪਣੇ ਪਾਠਕਾਂ, ਆਪਣੇ ਸਰੋਤਿਆਂ ਅਤੇ ਆਪਣੇ ਦਰਸ਼ਕਾਂ ਨਾਲ ਸ਼ਬਦ-ਬਾਣਾਂ ਨਾਲ ਭਰਪੂਰ ਅਤੇ ਰੌਚਿਕ ਲੀਲ੍ਹਾ ਰਚਾਉਣ ਵਾਲੇ ਅਮਿਤੋਜਾਂ ਦਾ ਆਪਣਾ 'ਤਰਕਸ਼' ਆਖ਼ਰਕਾਰ 'ਖ਼ਾਲੀ' ਹੀ ਕਿਉਂ ਰਹਿੰਦਾ ਹੈ? ਇਸ ਦਾ ਜੁਆਬ ਮੇਰੇ ਕੋਲ ਨਹੀਂ ਹੈ।

ਅਮਿਤੋਜ ਵਰਗੀਆਂ ਸ਼ਖ਼ਸੀਅਤਾਂ ਸਾਡੇ ਸਮਾਜ ਦਾ ਹਾਸਿਲ ਹੁੰਦੀਆਂ ਹਨ, ਜਿਹੜੀਆਂ ਆਪਣੇ ਐਬਾਂ ਅਤੇ ਗੁਣਾਂ ਵਿਚਕਾਰ ਤਾਲਮੇਲ ਬਿਠਾਉਣ ਦਾ ਯਤਨ ਕਰਦਿਆਂ ਹੀ, ਵੇਲਾ ਵਿਹਾ ਜਾਂਦੀਆਂ ਹਨ। ਇਸ ਵਿੱਚ ਸਮਾਜ-ਸੱਭਿਆਚਾਰ ਦਾ ਕਿੰਨਾ ਕਸੂਰ ਹੁੰਦਾ ਹੈ? ਅਤੇ ਵਿਅਕਤੀ ਕਿੱਥੋਂ ਤੱਕ ਜ਼ਿੰਮੇਵਾਰ ਹੁੰਦਾ ਹੈ? ਇਸ ਦਾ ਜੁਆਬ ਵੀ... ਮੇਰੇ ਕੋਲ ਨਹੀਂ ਹੈ।

...ਪਰ ਉਸ ਨੂੰ ਪਤਾ ਸੀ ਕਿ ਉਸ ਬਾਰੇ ਪੈਦਾ ਹੋਣ ਵਾਲੇ ਬਹੁਤ ਸਾਰੇ ਸਵਾਲਾਂ ਦੇ ਜਵਾਬ ਕਿਸੇ ਕੋਲ ਵੀ ਨਹੀਂ ਹੋਣਗੇ। ਇਸ ਲਈ ਉਸ ਨੇ ਆਖਰੀ ਦਿਨਾਂ ਵਿੱਚ ਇਕ ਹੋਰ ਕਵਿਤਾ ਲਿਖੀ ਸੀ ਜੋ 'ਖਾਲੀ ਤਰਕਸ਼' ਵਿੱਚ ਵੀ ਨਹੀਂ ਸਮਾਈ ਸੀ। ਇਹ ਕਵਿਤਾ ਬਾਅਦ ਵਿੱਚ ਲੱਭੀ। ਜਿਸ ਨੂੰ ਸੁਰਜੀਤ ਪਾਤਰ ਨੇ ਹੀ ਸਾਹਮਣੇ ਲਿਆਂਦਾ। ਇਸ ਕਵਿਤਾ ਤੋਂ ਬਿਨਾਂ ਅਮਿਤੋਜ ਨੂੰ ਜਾਣਨਾ ਅਧੂਰਾ ਹੈ।

ਮੈਂ ਕਿ ਜੋ ਅਮਿਤੋਜ ਨਹੀਂ ਹਾਂ
ਅਮਿਤੋਜ ਦੀਆਂ ਸਾਰੀਆਂ
ਲਿਖੀਆਂ-ਅਣਲਿਖੀਆਂ
ਨਜ਼ਮਾਂ ਦਾ ਉਨਵਾਨ ਹਾਂ
ਮੈਂ ਉਸ ਦੇ ਦੁਸ਼ਮਣਾਂ ਦੇ ਹੱਥੀਂ ਛਲਕਿਆ
ਪਹਿਲੇ ਤੋੜ ਦੀ ਦਾਰੂ ਹਾਂ
ਨੱਕੋ-ਨੱਕ ਭਰਿਆ ਜਾਮ ਹਾਂ

ਉਜ ਤਾਂ ਮੈਂ ਵੀ ਅਮਿਤੋਜ ਵਾਂਗ
ਬਹੁਤ ਕੁਝ ਜਾਣਦਾ ਹਾਂ

ਮਸਲਨ:
ਸੇਜੀਆਂ ਨੂੰ ਕਮਾਨ ਤੇ ਕਮਾਨ ਨੂੰ
ਕਟਾਰ ਬਣਾਉਣੀ ਜਾਣਦਾ ਹਾਂ
ਕਾਲੇ ਬੋਲੇ ਬੱਦਲਾਂ ਸਾਹਵੇਂ ਮੋਰ ਬਣਿਆਂ
ਨਿੱਤਰੇ ਹੋਏ ਕੱਦੂ 'ਚ
ਪਨੀਰੀ ਦੀਆਂ ਪਿੜੀਆਂ ਪਾਉਣੀਆਂ ਜਾਣਦਾ ਹਾਂ
ਸ਼ਲੇਰੂਆਂ ਦੀਆਂ ਨਾਸਾਂ 'ਤੇ ਬੈਠੀ
ਸਣ ਦੀ ਪੀਲੀ ਮਹਿਕ ਉਡਾਉਣੀ ਜਾਣਦਾ ਹਾਂ
ਹੀਰ ਗਾਉਣੀ ਜਾਣਦਾ ਹਾਂ
ਦਾਰੂ ਬਣਾਉਣੀ ਜਾਣਦਾ ਹਾਂ
ਨਹੀਂ ਜਾਣਦਾ ਤਾਂ
ਅਮਿਤੋਜ ਵਾਂਗ
ਮਿੱਟੀ 'ਚੋਂ ਮਹਿਕ ਉਗਾਉਣੀ ਨਹੀਂ ਜਾਣਦਾ
ਮਹਿਕ ਤੋਂ ਨਜ਼ਮ ਬਣਾਉਣੀ ਨਹੀਂ ਜਾਣਦਾ
ਤੇ ਨਜ਼ਮ ਦੀ ਪਰਵਾਜ਼ ਲਾਉਣੀ ਨਹੀਂ ਜਾਣਦਾ
ਨਹੀਂ ਜਾਣਦਾ ਤਾਂ
ਅਮਿਤੋਜ ਵਾਂਗ
ਪੈਰਾਂ ਦੀਆਂ ਬਿਆਈਆਂ ਨੂੰ
ਮੋਰਾਂ ਦੀਆਂ ਧਿਲਾਈਆਂ ਨਾਲ ਸੀਣਾ
ਅਣਸਿਰਜੀਆਂ ਧਰਤੀਆਂ ਕਢਣਾ ਨਹੀਂ ਜਾਣਦਾ
ਨੀਲੇ ਸਮੁੰਦਰਾਂ ਦੀ ਤਹਿ 'ਚ ਵਸਦੀਆਂ
ਵੀਰਾਨ/ਬੇਜਾਨ ਬਸਤੀਆਂ 'ਚ
ਨੱਚਣਾ ਨਹੀਂ ਜਾਣਦਾ

ਨਹੀਂ ਜਾਣਦਾ ਤਾਂ ਉਸ ਵਾਂਗ
ਸਾਰੀ ਰਾਤ ਅੱਖਾਂ 'ਚ
ਲੰਘਾਉਣੀ ਨਹੀਂ ਜਾਣਦਾ
ਆਪਣੇ ਆਪ ਨਾਲ
ਆਪ ਹੀ ਕੋਈ ਬਾਤ ਪਾਉਣੀ
ਨਹੀਂ ਜਾਣਦਾ

ਉਜ ਤਾਂ ਮੇਰੀ ਖੱਬੀ ਗੱਲ੍ਹ 'ਤੇ ਵੀ
ਉਸ ਦੇ ਵਰਗਾ ਹੀ ਇਕ ਤਿਲ ਹੈ
ਪਰ ਉਸ ਦਾ ਤਿਲ ਤਾਂ ਉਸ ਦੇ ਚਿਹਰੇ 'ਤੇ
ਖੁਣਿਆ ਹੈ ਉਸ ਦਾ ਇਕ ਸਿਰਨਾਵਾਂ
ਮੇਰਾ ਤਿਲ ਤਾਂ ਉਸ ਦੇ ਤਿਲ ਦਾ ਹੈ ਪਰਛਾਵਾਂ
ਇਹ ਗੱਲ ਮੈਂ ਕਿੰਜ ਸਮਝਾਵਾਂ
ਕੀਕਣ ਮੈਂ ਅਮਿਤੋਜ ਬਣਾਵਾਂ?

**94171-94812**

## ਕਹਾਣੀ / ਮੈਂ ਕਿਉਂ ਬਣਾਂ ਦਰੋਪਤੀ / ਜੋਗੇ ਭੰਗਲ

ਲੋਕਾਂ ਨੂੰ ਕੁਲਬੀਰ ਦੇ ਆਸਟ੍ਰੇਲੀਆ ਪਹੁੰਚਣ ਤੋਂ ਬਾਅਦ ਹੀ ਪਤਾ ਲੱਗਾ।

ਉੱਥੇ ਪਹੁੰਚਣ ਤੋਂ ਬਾਅਦ ਕਿਸੇ ਏਜੰਟ ਨੇ ਆਪਣਾ ਕਾਰਡ ਦਿੰਦਿਆਂ ਕਿਹਾ ਕਿ ਕੁੜੀਓ ਜੇ ਕਿਸੇ ਤਰ੍ਹਾਂ ਦੀ ਵੀ ਮਦਦ ਦੀ ਲੋੜ ਹੋਵੇ ਤਾਂ ਇਸ ਨੰਬਰ ’ਤੇ ਫ਼ੋਨ ਘੁੰਮਾ ਦੇਣਾ। ਕੁਲਬੀਰ ਨੇ ਵੈਸੇ ਹੀ ਆਪਣੇ ਨਾਲ਼ ਤੁਰੀ ਜਾਂਦੀ ਇੰਡੀਅਨ ਕੁੜੀ ਨਾਲ਼ ਸੁਲਾਹ ਮਾਰੀ ਕਿ ਇਹ ਕੀ ਮਦਦ ਕਰਦੇ ਨੇ।


ਉਹ ਕੁੜੀ ਪਹਿਲਾਂ ਕੁਝ ਗੰਭੀਰ ਹੋਈ। ਸੈਕਸ, ਬਲਿਊ ਫਿਲਮਾਂ, ਪੋਰਨੋਗ੍ਰਾਫ਼ੀ......ਕਿੰਨਾ ਕੁਛ ਉਹਦੀਆਂ ਅੱਖਾਂ ਅੱਗੇ ਘੁੰਮਣ ਲੱਗ ਪਿਆ। ਉਹ ਹੱਸ ਪਈ, “ਸਮਝ ਜਾਏਂਗੀ ਥੋੜ੍ਹੇ ਦਿਨਾਂ ’ਚ।”

‘ਇਸ ਸਭ ਬਾਰੇ ਮੈਂ ਕਿਉਂ ਦੱਸਣਾ, ਆਪੇ ਸਮੇਂ ਨੇ ਸਮਝਾ ਦੇਣਾ। ਇਹ ਤੋਂ ਪੁੱਛੇ ਪਈ ਇਹ ਆਪਣਾ ਮੁਲਕ ਨਈਂ। ਇੱਥੇ ਸਭ ਚਲਦਾ। ਇਸ ਮੁਲਕ ਵਿਚ ਇਹ ਵੀ ਕੰਮ ਈ ਆਂ। ਆਪਣੇ ਵਾਲ਼ੇ ਚੋਰ-ਦਰਵਾਜੇ ਨਈਂ।......ਬੱਸ ਥੋੜ੍ਹਾ ਟਾਈਮ ਠਹਿਰ ਕੇ ਇਹਨੇ ਵੀ ਹੋਰਾਂ ਨੂੰ.......।’ਇੰਝ ਸੋਚਦੀ, ‘ਹੀ-ਹੀ’ ਕਰਦੀ ਉਹ ਤੁਰਦੀ ਬਣੀ।

ਕੁਝ ਕੁ ਤਾਂ ਕੁਲਬੀਰ ਨੂੰ ਵੀ ਉਸ ਕੁੜੀ ਦੇ ਸ਼ਰਾਰਤੀ ਜਿਹੇ ਹਾਸੇ ਤੋਂ ਹੁੜਕ ਗਈ। ਕੁਲਬੀਰ ਨੇ ਥੂਅ ਕਰ, ਕਾਰਡ ਪਾੜ ਕੇ ਡਸਟ-ਬਿਨ ਵਿਚ ਵਗਾਹ ਮਾਰਿਆ। ‘ਮੈਨੂੰ ਜੇ ਕਿਤੇ ਉਦੋਂ ਪਤਾ ਲੱਗ ਜਾਂਦਾ, ਮੈਂ ਸਾਲ਼ੇ ਨੂੰ ਉਸੇ ਵੇਲੇ ਘੁੰਮਾ ਦੇਣਾ ਸੀ।’ ਉਹ ਤਾਂ ਲਾਲ-ਪੀਲੀ ਹੋਈ, ਆਲ਼ੇ-ਦੁਆਲ਼ੇ ਦੇਖਦੀ ਉਹਨੂੰ ਲੱਭਣ ਲੱਗ ਪਈ।........‘ਇਹ ਵੀ ਮੈਨੂੰ ਕੁਛ ਓਹੋ-ਜੇਹੀ ਹੀ .........।’ ਕੁਲਬੀਰ ਨੇ ਲੰਮਾ ਹਉਕਾ ਲੈ ਕੇ ਮੈੜ ਲਿਆ ਜਿਵੇਂ ਆਪਣੇ-ਆਪ ਨੂੰ ਕਾਇਮ ਕੀਤਾ ਹੋਵੇ। ਸੋਚਦੀ-ਸੋਚਦੀ ਉਹ ਆਪਣੇ ਰਾਹ ਪੈ ਗਈ।

ਕੁਲਬੀਰ ਆਪਣੇ ਕਾਲਜ ਪੜ੍ਹਨ ਜਾ ਲੱਗੀ। ਚਾਰ ਕੁ ਮਹੀਨਿਆਂ ’ਚ ਜੇਬ ਦੇ ਪੈਸੇ ਮੁੱਕ ਗਏ। ਪੈਸੇ ਉਹਦੇ ਖ਼ਾਤੇ ’ਚ ਸਨ ਪਰ ਕਢਾ ਨਹੀਂ ਸੀ ਸਕਦੀ। ਉਹ ਕਾਲਜ ਦੀਆਂ ਫੀਸਾਂ, ਰੈਂਟ, ਹੋਰ ਖਰਚਿਆਂ ਵਾਸਤੇ ਸਨ। ਉਹਨੇ ਸੋਚਿਆ ਕਿ ਨਾਲ਼ੇ ਕਿਸੇ ਔਝੀ-ਸੌੜ੍ਹੀ ਵੇਲੇ ਵੀ......। ਅਖੇ ਪਿੱਛਿਉ ਮੰਗਵਾਣ ਦਾ ਤਾਂ ਵਰਕਾ ਪਾੜ ਦਿਉ। ਪਿਉ ਨੇ ਜ਼ਮੀਨ ਰੱਖ ਕੇ ਤਾਂ ਭੇਜਿਆ। ਉਹਨੇ ਤੁਰਨ ਲੱਗੀ ਨੂੰ ਅੱਖਾਂ ਭਰਦਿਆਂ ਕਿਹਾ ਸੀ ਕਿ ਪੁੱਤ ਹੁਣ ਤੂੰ ਹੀ ਇਹ ........। ਕਈ ਵਾਰ ‘ਓਹੀ’ ਸੀਨ ਜਦ ਉਹਦੀਆਂ ਅੱਖਾਂ ਅੱਗੇ ਘੁੰਮਦਾ, ਉਹਨੂੰ ਘੁੰਮਾ ਦਿੰਦਾ।

ਦੋਵਾਂ ਮੁੰਡਿਆਂ ਤੋਂ ਛੋਟੀ ਸੀ ਕੁਲਬੀਰ। ਪਰ ਅਕਲ, ਸਿਹਤ ਪੱਖੋਂ ਉਹਨਾਂ ਤੋਂ ਸਿਰ-ਕੱਢ। ਸਕੂਲ ’ਚ ਨੈਸ਼ਨਲ ਲੈਵਲ ਤੱਕ ਉਹਨੇ ਕਬੱਡੀ ਖੇਡੀ। ਫਿਰ ਪੜ੍ਹਾਈ ’ਚ ਵੀ ਅੱਬਲ। ਦੂਰ-ਦੁਰਾਡੇ ਉਹ ਗਲ ’ਚ ਬੈਗ ਪਾਈ, ਇਕੱਲੀ ਦੇਸ਼-ਦੱਖਣ ਗਾਹ ਆਉਂਦੀ। ਕਦੇ-ਕਦੇ ਮਾਂ ਨੇ ਕੁਲਬੀਰ ਦੇ ਸਾਹਮਣੇ ਉਹਦੇ ਪਿਉ ਨੂੰ ਕਹਿਣਾ ਕਿ ਕਿਉਂ ਇਹਦੀਆਂ ਬਾਗਾਂ ਖੁੱਲ੍ਹੀਆਂ ਛੱਡੀਆਂ ਹੋਈਆਂ। ਕੱਲ੍ਹ ਨੂੰ ਕੋਈ ਉਂਨੀ-ਇੱਕੀ ਹੋ ਗਈ, ਫੇਰ ......।



ਪਤੀ ਉਹਦੀ ਗੱਲ ਨੂੰ ਹੱਸ ਕੇ ਟਾਲ ਛੱਡਦਾ, ਸੋਚਦਾ- ‘ਇਹ ਵੀ ਕਮਲ਼ੀ ਏ। ਪਤਾ ਨਈਂ ਕਿਹੜੇ ਜ਼ਮਾਨੇ ’ਚ ਰਹਿੰਦੀ। ਇਹ ਆਪਣਾ ਸ਼ੇਰ ਪੁੱਤ ਏ। ਕਿਹਦੀ ਮਜ਼ਾਲ ਏ, ਝਾਕ ਵੀ ਜਾਏ। ਅੱਖਾਂ ਕੱਢ ਕੇ ਤਲੀ ’ਤੇ ਧਰ ਦਊ।’ ਨਾਲ਼ੇ ਗਦ-ਗਦ ਹੋਇਆ ਧੀ ਨੂੰ ਘੁੱਟ ਕੇ ਜੱਫ਼ੀ ’ਚ ਲੈ ਲੈਂਦਾ। ਕੁਲਬੀਰ ਵੀ ਬਾਗੋ-ਬਾਗ ਹੋ ਜਾਂਦੀ। ਫਿਰ ਉਹ ਨਖ਼ੱਟੂ ਪੁੱਤਾਂ ਬਾਰੇ ਸੋਚ ਕੇ ਹਉਕਾ ਲੈਂਦਾ, ਜੋ ਨਾ ਚੱਜ ਨਾਲ਼ ਪੜ੍ਹੇ ਅਤੇ ਨਾ ਹੀ ਚੱਜ ਦਾ ਕੰਮ ਕਰਨ ਲੱਗੇ। ਬੱਸ ਜਿਵੇਂ ਵਿਹਲੇ ਮੰਨੀਆਂ ਭੰਨਣ ਨੂੰ ਜੰਮੇ ਹੋਣ। ਇਕ ਨਸ਼ੇ ਵੇਚਦਾ ਫੜਿਆ ਗਿਆ, ਜੇਲ੍ਹ ਵਿਚ ਸੀ। ਦੂਸਰਾ ਉਂਝ ਅਵਾਰਾ ਹੋਈ ਫਿਰਦਾ। ਅਖੇ ਆਹ ਕੁੜੀ ਆ, ਪਲਸ ਟੂ ਕੀਤੀ ਦਾ ਪਤਾ ਵੀ ਨਾ ਚੱਲਿਆ। ਆਪੇ ਆਈਲਿਟਸ ਕਰਨ ਜਾ ਲੱਗੀ। ਤਿੰਨ ਮਹੀਨੇ ਪੜ੍ਹ ਕੇ ਸੱਤ ਬੈਂਡ ਲੈ ਗਈ। ਪਿਉ ਦਾ ਫਿਰ ਧਰਤੀ ਪੈਰ ਕਿਵੇਂ ਲੱਗੇ। ਠਾਹ-ਠਾਹ ਉਹਨੂੰ ਲੋਕਾਂ ਵਲੋਂ ਵਧਾਈਆਂ ਦੇ ਫ਼ੋਨ ਆਏ। ਕੁਝ ਕੁ ਨੇ ਉਹਨੂੰ ਸੁਲਾਹ ਵੀ ਦੇ ਮਾਰੀ- ਬਈ ਰੇਸ਼ਮਾ, ਗੁੱਸਾ ਨਾ ਕਰੀਂ ਗੱਲ ਦਾ। ਉੱਦਾਂ ਤਾਂ ਕੁੜੀ ਤੇਰੀ ਬੜੀ ਚੰਟ ਆ ਪਰ ’ਕੱਲੀ ਨੂੰ ਬਾਹਰ ਭੇਜਣ ਦੀ ਭੁੱਲ ਨਾ ਕਰ ਬੈਠੀਂ। ਹਾਂ, ਜੇ ਕੋਈ ਆਪਣਾ ਖ਼ਾਸ ਈ ਹੋਇਆ ਤਾਂ......। ਇਹਦੇ ’ਚ ਕੋਈ ਸ਼ੱਕ ਨਈਂ, ਕੁੜੀ ਤੇਰੀ ਖ਼ਰਾ ਸੋਨਾ ਆਂ ਪਰ ਜ਼ਮਾਨਾ ਖੋਟਾ ਏ। ਪਰ ਉਹ ਹੱਸ ਕੇ ਟਾਲ਼ ਜਾਂਦਾ। ਮਨ ਹੀ ਮਨ ਸੋਚ ਕੇ ਹੱਸਦਾ, ਅਖੇ ਇਹਨਾਂ ਭੜੂਆਂ ਨੂੰ ਕੀ ਪਤਾ। ਪਤਾ ਨਈਂ ਕਿਹੜੀ ਦੁਨੀਆਂ ’ਚ ਵਸਦੇ। ਕਿਤੇ ਦਸ ਕੋਹ ਦੂਰ ਜਾ ਕੇ ਦੇਖਿਆ ਹੋਵੇ ਤਾਂ ਪਤਾ ਹੋਵੇ। ਇਹ ਮੇਰੀ ਧੀ ਨਈਂ, ਮੇਰਾ ਸ਼ੇਰ ਪੁੱਤ ਏ। ਖੋਟੇ ਸਮੇਂ ਨਾਲ਼ ਸਿੱਝਣਾ ਜਾਣਦੀ ਏ। ਕੋਈ ਖੰਘ ਕੇ ਤਾਂ ਦਿਖਾਏ ਮੋਰ੍ਹੇ।

ਪਿਉ ਰੇਸ਼ਮ ਨੂੰ ਯਾਦ ਆਇਆ, ਕਿਵੇਂ ਇਕ ਵਾਰ ਗਿਆਰਵੀਂ ’ਚ ਪੜ੍ਹਦੀ ਦੇ ਮਗਰ ਦੋ ਕੁ ਮਨਚਲੇ ਕਿਤੇ ਇਹਦਾ ਪਿੱਛਾ ਕਰਨ ਦੀ ਜ਼ੁਅਰਤ ਕਰ ਬੈਠੇ। ਅਜੇ ਦੋ ਦਿਨ ਈ ਗਏ ਸੀ ਮਗਰ। ਬੱਸ, ਲਾ ਲਏ ਮੋਰ੍ਹੇ। ਸ਼ੇਰਨੀਂ ਨੇ ਅਜੇ ਇਕ ਦਹਾੜ ਈ ਮਾਰੀ ਸੀ। ਉਹ ਅੱਗੇ-ਅੱਗੇ, ਇਹ ਪਿੱਛੇ-ਪਿੱਛੇ। ਮੁੜ ਕੇ ਨਈਂ ਉਹ ਲੱਭਿਆਂ ਵੀ ਲੱਭੇ। ਅਖੇ ਨਿਆਣਾ ਆਪਣਾ ਠੀਕ ਹੋਵੇ ਤੇ ਹੋਵੇ ਵੀ ਹੱਡੀਂ-ਪੈਰੀਂ, ਕੋਈ ਨਈਂ ਹੌਸਲਾ ਕਰਦਾ ਸਾਹਮਣੇ ਖੜ੍ਹਨ ਦਾ। ਨਾਲ਼ੇ ਬਾਹਰ ਯੂਰਪ, ’ਮਰੀਕਾ, ’ਤੇਲੀਆ ਤਾਂ ਕੁੜੀਆਂ ਕੱਲੀਆਂ ਅੱਧੀ-ਅੱਧੀ ਰਾਤ ਨੂੰ ਤੁਰੀਆਂ ਫਿਰਦੀਆਂ, ਡਰ-ਡੁੱਕਤ ਈ ਕੋਈ ਨ੍ਹੀਂ।

ਉੱਥੇ ਹਫ਼ਤੇ ’ਚ ਤਿੰਨ ਕੁ ਦਿਨ ਕੰਮ ਜਾਂਦੀ। ਅਖੇ ਕੀ

ਖਾਊ, ਕੀ ਬਚਾਊ। ਜੋ ਮਿਲਿਆ ਮਾੜਾ-ਮੋਟਾ, ਉਹ ਉਂਝ ਬੜੀ ਦੂਰ, ਕਿਸੇ ਪੰਜਾਬੀਆਂ ਦੇ ਫਾਰਮ 'ਚ। ਜਿੱਦਾਂ ਆਪਣਿਆਂ ਨੂੰ ਆਦਤ ਈ ਆ। ਅਗਲੇ ਦੀ ਮਜਬੂਰੀ ਦਾ ਫਾਇਦਾ ਉਠਾਉ। ਪੈਸੇ ਘੱਟ, ਰਗੜਨਾ ਵੱਧ। ਪਿੱਛੇ ਨੂੰ ਭੇਜਣਾ ਤਾਂ ਦੂਰ ਦੀ ਗੱਲ, ਆਪਣਾ ਗੁਜਾਰਾ ਹੋ ਜਏ, ਉਹੀ ਭਲਾ। ਪਿੱਛੇ ਵੀ ਮੁੜ ਨਹੀਂ ਸੀ ਸਕਦੇ। ਅੱਗੇ ਖੂਹ ਪਿੱਛੇ ਖਾਈ।..... ਅਖੇ ਪਾ ਲਉ ਕਬੱਡੀਆਂ ਤੇ ਫੜ ਲਉ ਕਿਹਨੂੰ ਫੜਨਾ। ਇਹ ਤਾਂ ਬੜੀ ਔਖੀ ਕਬੱਡੀ ਏ, ਸੋਚਦਿਆਂ ਉਹਦਾ ਹਉਕਾ ਨਿਕਲ ਗਿਆ।

ਅਚਾਨਕੇ ਉੱਥੇ ਫਾਰਮ 'ਚ ਇਕ ਦਿਨ ਕਬੱਡੀ ਪਾਉਣ ਵਾਲ਼ਾ ਮਿਲ ਪਿਆ। ਉਹਨੇ ਪਛਾਣ ਲਿਆ ਇਹਨੂੰ। ਯਾਦ ਕੁਲਬੀਰ ਨੂੰ ਵੀ ਆ ਗਿਆ- 'ਓ ਫਿਰੋਜਪੁਰੀਆ ! ਲਖਬੀਰ ਉਰਫ਼ ਲੱਖਾ, ਕਬੱਡੀ ਦਾ ਮੰਨਿਆ-ਪ੍ਰਮੰਨਿਆ ਜਾਫ਼ੀ।' ਉਹ ਪੱਕੇ ਜਿਹੇ ਰੰਗ ਦਾ ਮੁੰਡਾ, ਛੇ ਫੁੱਟ ਦੇ ਲਾਗੇ-ਸ਼ਾਗੇ ਉਹਦਾ ਕੱਦ। ਸੋਹਣੇ ਨੈਣ-ਨਕਸ਼ਾਂ ਕਰਕੇ ਸਜੇ ਬੜਾ। ਇਕ-ਦੂਜੇ ਨਾਲ਼ ਦੁੱਖ-ਸੁੱਖ ਸਾਂਝੇ ਕਰਦਿਆਂ-ਕਰਦਿਆਂ ਦੋਸਤੀ ਹੋ ਗਈ। ਨਾਲ਼ੇ ਗੱਲਾਂ-ਗੱਲਾਂ 'ਚ ਫਿਰੋਜਪੁਰੀਏ ਮੁੰਡੇ ਦੇ ਹੱਥ ਉਹਦੀ ਦੁੱਖਦੀ ਨਾੜ ਆ ਗਈ। ਜਿਸ ਕਰਕੇ ਇਕ ਦਿਨ ਉਹਨੇ ਜਕਦਿਆਂ-ਜਕਦਿਆਂ ਉਹਨੂੰ ਆਪਣੇ ਕਮਰੇ ਵਿਚ ਰਹਿਣ ਦੀ ਸੁਲ੍ਹਾ ਮਾਰ ਲਈ। ਪਹਿਲਾਂ ਤਾਂ ਉਹਦੇ ਕੋਲੋਂ ਉਹਦੇ ਵੱਲ ਘੂਰ ਕੇ ਦੇਖਿਆ ਗਿਆ। ਉਹਨੇ ਮੋਰ੍ਹਿਉਂ ਹੱਥ ਜੋੜ ਕੇ ਸਿਰ ਨਿਵਾ ਦਿੱਤਾ।

"ਮੇਰੇ ਮਨ 'ਚ ਐਸੀ ਕੋਈ ਮੈਲ਼ ਨਈਂ ਜੋ ਸ਼ੈਦ ਤੂੰ ਸੋਚਦੀ ਏਂ। ਮੈਂ ਤਾਂ ਤੇਰੇ ਹਾਲਾਤਾਂ ਨੂੰ ਭਾਂਪਦਿਆਂ.......। ਬਾਕੀ ਐਜ਼ ਯੂ ਵਿਸ਼ !"

ਉਹ ਭੰਨ-ਘੜਾਂ ਜਿਹੀਆਂ ਕਰਦੀ, ਆਖਿਰ ਸੋਚ-ਸੂਚ ਕੇ ਮੰਨ ਗਈ। ਜਦ ਉਹ ਲੱਖੇ ਨਾਲ਼ ਉੱਥੇ ਗਈ, ਉਹਦੇ ਤਾਂ ਦੇਖ ਕੇ ਹੋਸ਼ ਉੱਡ ਗਏ। ਚਾਰ ਮੁੰਡੇ ਹੋਰ ਡਾਂਗਾਂ ਵਰਗੇ, ਸਿਰ ਝੁਕਾਈ ਉਹਦੇ ਸਾਹਮਣੇ ਆ ਖਲੋਏ। ਕੁਲਬੀਰ ਨੂੰ ਤਾਂ ਦੇਖ ਕੇ ਤ੍ਰੇਲੀਆਂ ਆਣ। ਕਮਰੇ ਨਾਲ਼ ਇਕ ਛੋਟਾ ਜਿਹਾ ਸਟੋਰ ਤੇ ਇਕ ਰਸੋਈ।

"ਲੈ ਬਈ ਕੁਲਬੀਰ ! ਤੂੰ ਉੱਥੇ ਸਟੋਰ 'ਚ ਪੈ ਜਾਇਆ ਕਰੀਂ। ਅਸੀਂ ਲਗੌੜਾਂ ਨੇ ਆਪੇ ਕਮਰੇ 'ਚ ਸਾਰ ਲੈਣਾ। ਕਿਰਾਇਆ ਵੰਡਵਾਂ ਲਿਆ ਕਰਾਂਗੇ। ਰਸੋਈ ਦਾ ਕੰਮ ਅੱਜ ਤੋਂ ਤੇਰਾ, ਬਾਰ੍ਹਲਾ ਸਾਡਾ। ਇਸ ਕੰਮ ਦੇ ਬਦਲੇ ਤੈਨੂੰ ਹਰੇਕ ਤੋਂ ਪੈਸੇ ਮਿਲ਼ੂਗੇ।" ਫਿਰੋਜਪੁਰੀਏ ਦੀ ਮਾਰੀ ਸੁਲਾਹ ਦਾ ਉਹਨੂੰ ਮੋਰ੍ਹਿਉਂ ਕੋਈ ਜੁਵਾਬ ਨਾ ਮਿਲਿਆ।

ਮਨੋਂ-ਮਨੀਂ ਉਹ ਕਦੀ ਹਾਂ, ਕਦੀ ਨਾਂਹ ਦੇ ਝਮੇਲੇ 'ਚ ਫਸੀ, ਨਾਂਹ-ਨੁਕਰ ਕਰਦਿਆਂ-ਕਰਦਿਆਂ, ਦੋ ਕੁ ਦਿਨਾਂ ਬਾਅਦ ਉਹਦੇ ਮਨ ਨੇ 'ਹਾਂ' 'ਚ ਹਾਮ੍ਹੀ ਭਰ ਦਿੱਤੀ। ਉਂਝ ਉਹ ਡਰੇ ਵੀ ਕਿ ਇਹ ਪੰਜ, ਮੈਂ 'ਕੱਲੀ। ਫਿਰ ਉਹਨੇ ਆਪਣੇ-ਆਪ ਨੂੰ ਖੜ੍ਹਾ ਕੀਤਾ- 'ਕੋਈ ਨੀਂ ਦੇਖੀ ਜਾਊ। ਮੈਂ ਕਿਹੜਾ ਕਿਤੇ ਕੋਈ ਆਟੇ ਦੀ ਚਿੜੀ ਆਂ, ਜਿਹੜਾ ਚੱਕ ਕੇ ਮੂੰਹ 'ਚ ਪਾ ਲਊਗੇ।' ਆਪਣੇ-ਆਪ 'ਚ ਗੁਆਚੀ ਉਹ ਬਾਹਾਂ ਚਾੜ੍ਹਨ ਲੱਗ ਪਈ।

ਬਾਕੀ ਮੁੰਡੇ ਤਾਂ ਪਹਿਲਾਂ-ਪਹਿਲਾਂ ਉਹਦੇ ਸਾਹਮਣੇ ਆਉਂਣੋਂ ਵੀ ਜਕਣ। ਉਂਝ ਸਾਰਿਆਂ ਨੇ ਉਹਦੀ ਰਿਸਪੈਕਟ ਬੜੀ ਕੀਤੀ। ਖ਼ੈਰ ਸੌਦਾ ਕੋਈ ਉਹਨੂੰ ਮਾੜਾ ਨਾ ਲੱਗਾ। ਕੋਈ ਪਰੇਸ਼ਾਨੀ ਵੀ ਨਜ਼ਰ ਨਾ ਆਈ। ਕੁਝ ਦਿਨਾਂ ਬਾਅਦ ਉਹਦਾ ਚਿੱਤ ਵੀ ਲੱਗਣ ਲੱਗ ਪਿਆ। ਉਹਦੇ ਕੋਲ਼ ਚਾਰ ਪੈਸੇ ਜੁੜਨ ਲੱਗੇ। ਪਿੱਛੇ ਉਹਨੂੰ ਬਾਪੂ ਦਾ ਫਿਕਰ। ਉਹਨੂੰ ਪਤਾ ਸੀ, ਕਿੰਨੀਂ ਹਾਲੀਂ ਉਹਨੇ ਉਹਨੂੰ ਇੱਥੇ ਪਹੁੰਚਾਇਆ। ਤਿੰਨਾਂ ਕੁ ਮਹੀਨਿਆਂ ਬਾਅਦ ਉਹਨੇ ਬਾਪੂ ਨੂੰ ਹਜਾਰ ਡਾਲਰ ਪਾ ਕੇ ਨਿਹਾਲ ਕਰ ਦਿੱਤਾ। ਉਹ ਤਾਂ ਜਾਣੀ ਉਡਿਆ ਫਿਰੇ। ਆਂਢ-ਗੁਆਂਢ ਲੱਡੂ ਵੰਡੇ। ਫਿਰ ਸੰਗਰਾਂਦ ਵਾਲੇ ਦਿਨ ਸਾਰੇ ਪਿੰਡ ਲਈ ਲੰਗਰ ਲਾ ਦਿੱਤਾ। ਪਿੰਡ ਵਿਚ ਕੁਲਬੀਰ ਦੀ ਬੱਲੇ-ਬੱਲੇ ਨਾਲ਼ ਉਹਦੀ ਵੀ ਟੌਰ੍ਹ ਬਣ ਗਈ। ਕੁਲਬੀਰ ਨੂੰ ਬਾਪੂ ਦੀ ਇਹ ਹਰਕਤ ਖ਼ਰੀ ਨਾ ਲੱਗੀ। ਅਖੇ ਆਪਣੇ ਜੱਟਾਂ 'ਚ ਇਹੀ ਬੜਾ ਭੈੜ ਆ। ਹੁੱਬਦੇ ਬੜੀ ਛੇਤੀ। ਹੁੱਬ-ਹੁੱਬ ਕੇ ਹੀ ਆਪਣਾ-ਆਪ ਲੁਟਾ ਦਿੰਦੇ।

ਦਿਲੀ ਸਾਂਝ ਤੋਂ ਕੁਝ ਸਮੇਂ ਬਾਅਦ, ਅੱਗ ਕੋਲ਼ ਘਿਉ ਪਿਘਲਣ ਲੱਗਾ। ਆਖਿਰ ਫਿਰੋਜ਼ਪੁਰੀਏ ਨਾਲ਼ ਉਹਦੀ ਸਰੀਰਿਕ ਸਾਂਝ ਬਣਨ ਲੱਗੀ।........ ਗੱਲ ਵਧਦੀ-ਵਧਦੀ ਲੱਖੇ ਤੇ ਕੁਲਬੀਰ ਦੀਆਂ ਕਬੱਡੀਆਂ ਪੈਣ ਤੱਕ ਜਾ ਪਹੁੰਚੀ। ਲਖਬੀਰ ਤੋਂ ਬਿਨਾ, ਬਾਕੀ ਮੁੰਡੇ ਬਾਹਰ ਜ਼ਨਾਨੀਆਂ ਕੋਲ ਖੇਹ ਖਾਂਦੇ। ਘਰਦਿਆਂ ਤੋਂ ਪੈਸੇ ਮੰਗਵਾਉਂਣ ਤੱਕ ਦੀ ਨੌਬਤ ਆਈ ਰਹਿੰਦੀ। ਫਿਰੋਜ਼ਪੁਰੀਏ ਲੱਖੇ ਦੇ ਸਾਰੇ ਯਾਰ। ਉਹਨਾਂ ਦੇ ਘਰਦੇ ਉੱਧਰ ਇੰਡੀਆ ਅਲਗ ਰੋਂਦੇ। ਕਈ ਵਾਰ ਉਹਨਾਂ ਲੱਖੇ ਨੂੰ ਕਹਿਣਾ ਕਿ ਤੂੰ ਸਿਆਣਾ ਆਂ, ਇਹਨਾਂ ਨੂੰ ਸਮਝਾ। ਜਿਸ ਕਰਕੇ ਉਹਨੂੰ ਉਹਨਾਂ ਦੇ ਘਰਦਿਆਂ ਦਾ ਵਾਲ੍ਹਾ ਫਿਕਰ। ਇਹ ਗੱਲ ਉਹਨੂੰ ਅੰਦਰੋ-ਅੰਦਰੀ ਖਾਈ ਜਾਂਦੀ। ਕੋਈ ਹੱਲ ਨਜ਼ਰ ਨਾ ਆਵੇ ਪਰ ਸੋਚ ਦੀ ਸੂਈ ਘੁੰਮ-ਘੁੰਮਾ ਕੇ ਵਾਰ-ਵਾਰ 'ਉੱਥੇ' ਹੀ ਆ ਟਿਕਦੀ।

ਇਕ ਦਿਨ ਫਿਰੋਜਪੁਰੀਏ ਲੱਖੇ ਦੇ ਪੈੱਗ ਲੱਗਾ ਹੋਇਆ। ਕੁਲਬੀਰ ਨਾਲ਼ ਪ੍ਰੇਮ ਪੀਘਾਂ ਝੂਟਦੇ-ਝੂਟਦੇ ਨੇ ਜੋ ਨਹੀਂ ਕਹਿਣਾ ਸੀ, ਉਹ ਕੱਢ ਦਿੱਤਾ ਮੂੰਹੋਂ- "ਵੈਸੇ ਕੀੜੀਏ ਮਾਈਂਡ ਨਾ ਕਰੀਂ। ਅੱਜ ਮੈਂ ਬਹੁਤ ਭੈੜੀ ਪਰ ਜਰੂਰੀ..... ਗੱਲ ਕਹਿਣ ਦੀ ਗੁਸਤਾਖ਼ੀ ਕਰ ਰਿਹਾਂ।" ਕਈ ਵਾਰ ਉਹ ਉਹਨੂੰ ਪਿਆਰ 'ਚ ਕੀੜੀ ਕਹਿ ਦਿੰਦਾ। ਉਹ ਪੈਸੇ ਜੋੜ-ਜੋੜ ਆਪਣੇ ਬਾਪੂ ਨੂੰ ਜੁ ਪਾਉਂਦੀ। "ਮੈਨੂੰ ਇਹਨਾਂ ਆਪਣੇ ਕਮਲ਼ੇ ਯਾਰਾਂ 'ਤੇ ਤਰਸ ਆਉਂਦਾ। ਇਹ ਕੰਜਰ ਦੇ ਸ਼ਰਾਬ, ਕਬਾਬ, ਸ਼ਬਾਬ 'ਚ ਡੁੱਬਕੀਆਂ ਲਾਣ ਡਹੇ। ਮੈਨੂੰ ਡਰ ਏ ਕਿ ਕਿਤੇ ਡੁਬਦੇ-ਡੁਬਦੇ.......। ਬਾਕੀ ਤੂੰ ਖ਼ੁੱਦ ਸਮਝ ਸਕਦੀ। ਉੱਧਰ ਇਹਨਾਂ ਦੇ ਘਰਦੇ ਵਿਚਾਰੇ ਬਿਲਕਦੇ, ਮੈਥੋਂ ਦੇਖੇ ਨਾ ਜਾਂਦੇ। ਪਤਾ ਨਈਂ ਕਿੰਨੀਂ ਹਾਲੀਂ ਉਹਨਾਂ ਜ਼ਮੀਨਾਂ ਰੱਖ ਕੇ........ ਜਾਂ ਕਿਮੇਂ ਕਰਕੇ......। ਆਪਣੇ ਤਾਂ ਜੱਟਾਂ ਦੇ ਤੈਨੂੰ ਪਤਾ ਪਈ ਪਹਿਲਾਂ ਤੋਂ...... ਐਂ ਈ ਕੁਛ, ਮਜਬੂਰੀਆਂ ਵੱਸ...... ।

ਆਪਣੀ ਕੁੜੀ ਮਾਰ ਜਾਤ ਦਾ ਤੈਥੋਂ ਕਿਹੜਾ ਬਾਰ੍ਹਾ ਕੁਛ। ਕਈਆਂ ਦੇ ਇਕ ਮੁੰਡਾ ਪਹਿਲਾਂ ਮਸੀਂ ਕਿਤੇ ਵਿਆਹ ਹੁੰਦਾ, ਬਾਕੀ ਚਾਰ ਵੀ ਉੱਥੇ......। ਇਹ ਸਭ ਕਰਨਾ ਪੈਂਦਾ, ਟੱਬਰ ਦੇ 'ਕੱਠ, ਜ਼ਮੀਨ ਦੀ ਵੰਡ-ਵੰਡਾਈ, ਸਬਰ-ਸੰਤੋਖ ਰੱਖਣ ਖਾਤਿਰ, ਸਾਡੀਆਂ ਮਾਈਆਂ ਨੂੰ ਸਮਝਣਾ ਨਾਲ਼ੇ ਅੱਗੇ ਸਮਝਾਣਾ ਪੈਂਦਾ ਸੀ। ਨਹੀਂ ਤਾਂ ਕਿਹਦਾ ਜੀ ਕਰਦਾ ਇਹ ਅੱਕ ਚੱਬਣ ਨੂੰ।....... ਇੱਥੇ ਪਿਆਰ-ਪਿਊਰ ਕਾਹਦੇ ਨੇ, ਬੇਗਾਨੇ ਮੁਲਕ 'ਚ ਵੀ ਓਹੋ ਜਿਹੀਆਂ ਈ ਮਜਬੂਰੀਆਂ ਪਿੱਛਾ ਨਈਂ ਛੱਡਦੀਆਂ। ਜਿੱਦਾਂ ਰੋਟੀ ਦੀ ਭੁੱਖ ਏ, ਇੱਦੇਂ ਇਹ ਵੀ........। ਕੁਛ ਨਈਂ ਹੋਣ ਲੱਗਾ।........ਇਹਨਾਂ ਮੁੰਡਿਆਂ ਨੂੰ ਆਪਾਂ ਸਾਂਭਣਾ। ਇਹ ਸਾਡੇ ਆਪਣੇ, ਮੇਰੇ ਭਰਾਮਾਂ ਵਰਗੇ।......ਕੀੜੀਏ ! ਜੇ ਮੈਂਥੋਂ ਕੁਝ ਗਲਤ, ਵਾਧੂ ......ਤਾਂ ਮਾਫ਼ ਕਰੀਂ।" ਕੁਲਬੀਰ ਨੇ ਨਾ 'ਹਾਂ-ਹੂੰ' ਕੁਛ ਵੀ ਕਿਹਾ। ਪਰ ਉਹਨੇ ਉਹਦੀ ਚੁੱਪ ਤੋਂ ਡਰਦੇ ਨੇ ਚੁਪਕੇ ਜਿਹੇ ਬਾਹਰ ਨਿਕਲ਼ਣ 'ਚ ਹੀ ਭਲਾਈ ਸਮਝੀ।.......ਕੁਝ ਸਮੇਂ ਬਾਅਦ, ਮੁੜ ਤੋਂ ਹਿੰਮਤ ਜੁਟਾਉਂਦਿਆਂ, ਬੂਹਾ ਖੋਲ੍ਹਣਾ ਚਾਹਿਆ। ਫਿਰ ਉਹਦਾ ਕੰਬਦਾ ਜਿਹਾ ਹੱਥ ਗੱਲ ਨੂੰ ਜਾ ਛੋਹਿਆ- 'ਕਿਤੇ ਤਾੜ ਕਰਦਾ ਥੱਪੜ ਗੱਲ੍ਹ 'ਤੇ ਹੀ ਨਾ ਛਪ ਜਏ।....... ਓ ਮੇਰੇ ਰੱਬਾ ! ਕਿਉਂ ਮੇਰੇ ਮੂੰਹੋਂ ਇਹ ਸਭ.........।' ਮਨ 'ਚ ਆਉਂਦਿਆਂ ਹੀ ਉਹਦੇ ਪੈਰ ਝੂਠੇ ਪਏ ਪਿਛਾਂ ਪਰਤ ਆਏ।

ਤੂਫ਼ਾਨ ਉੱਠਣ ਦੇ ਡਰੋਂ, ਫਿਰੋਜਪੁਰੀਏ ਦੀ ਮੁੜ ਬੂਹੇ ਤੱਕ ਜਾਣ ਦੀ ਜੁਰਅਤ ਨਾ ਪਈ। ਉਹ ਕਿੰਨਾ ਚਿਰ ਸਹਿਮਿਆ ਜਿਹਾ ਘਰ ਦੇ ਲਾਗੇ ਦਬਵੇਂ-ਦਬਵੇਂ ਪੱਬੀਂ ਘੁੰਮਣ-ਘੇਰੀਆਂ 'ਚ ਪਿਆ ਘੁੰਮੀ ਗਿਆ। ਬਿਨਾਂ ਥੱਪੜ ਖਾਧਿਆਂ ਹੀ ਉਹਦੇ ਕੰਨਾਂ 'ਚ ਸਾਂ-ਸਾਂ ਹੁੰਦੀ ਰਹੀ। ਅਖੇ ਪੀਤੀ-ਖਾਧੀ 'ਚ ਕਿਮੇਂ ਮੇਰੇ ਕੋਲ਼ੋਂ.......। ਉਹਨੇ ਪਛਤਾਵੇ 'ਚ ਕਮਲ਼ਾ ਹੁੰਦਿਆਂ ਆਪਣੇ ਮੂੰਹ ਤੇ ਚਪੇੜਾਂ ਮਾਰੀਆਂ। ਉਹਨੂੰ ਲੱਗਾ ਕਿ ਉਹਨੇ ਹੁਣ ਨਈਂ ਰਹਿਣਾ ਇੱਥੇ, ਗਈ ਕੁ ਗਈ।.........ਅਖੇ ਜਾਂ ਹੋਰ ਵੀ ਕੋਈ ਪੰਗਾ ਪਾ ਸਕਦੀ। ਪੁਲੀਸ ਨੂੰ ਵੀ। ਉਹਦੇ ਅੰਦਰ ਤਾਂ ਸੋਚਦਿਆਂ-ਸੋਚਦਿਆਂ ਹੀ ਤੂਫ਼ਾਨ ਆ ਚੜ੍ਹਿਆ। ਉਹ ਕਾਹਲ਼ੀ ਨਾਲ਼ ਕਮਰੇ 'ਚ ਗਿਆ। ਲਾਈਟ ਜਗਾਈ। ਘੂਕ ਸੁੱਤੇ ਪਏ ਸਾਥੀਆਂ ਤੋਂ ਕੰਬਲ਼ ਲਾਹ ਕੇ ਪਰ੍ਹਾਂ ਮਾਰੇ। ਉਹਨਾਂ ਨੂੰ ਹਫ਼ੜਾ-ਦਫ਼ੜੀ 'ਚ ਅੱਖਾਂ ਮਲ਼ਦਿਆਂ, ਡੌਰ-ਭੌਰ ਹੋਇਆਂ ਨੂੰ ਸੁੱਝੇ ਕੁਛ ਨਾ।

"ਕੰਜਰੋ ! ਉੱਲੂਆਂ ਵਾਂਗ ਝਾਕੀ ਨਾ ਜਾਉ। ਸਾਮਾਨ ਬੰਨ੍ਹੋ ਤੇ ਉਡਾਂਤਰ ਹੋਈਏ। ਭੂਚਾਲ਼ ਆਣ ਵਾਲ਼ਾ।"

ਉਹ ਤਾਂ ਇਕ ਦਮ ਹੜਬੜਾ ਕੇ ਉੱਠੇ। ਉਹਨਾਂ ਨੂੰ ਸੁੱਝੇ ਕੁਛ ਨਾ। ਸੁਣ ਕੇ ਸਭ ਦੇ ਚਿਹਰੇ ਪ੍ਰਸ਼ਨ-ਚਿੰਨ੍ਹ ਬਣ ਗਏ। "ਇੱਥੋਂ ਨਿਕਲ਼ ਕੇ ਦੱਸਦਾਂ, ਛੇਤੀ ਕਰੋ, ਮਾਰੇ ਜਾਮਾਂਗੇ।"

"ਸ਼ੇਰਨੀ ਦੀ ਪੂਛ ਨੂੰ ਹੱਥ ਪਾ ਕੇ ਹੁਣ ਕਿੱਥੇ ਜਾਣਾ ? ........ਬੰਦੇ ਦੇ ਪੁੱਤ ਬਣ ਕੇ ਪਏ ਰਹੋ, ਨਹੀਂ ਤਾਂ .......।"

ਲਖਬੀਰ ਨੇ ਪਰ੍ਹਾਂ ਨੂੰ ਮੂੰਹ ਕਰ ਕੇ ਨੀਵੀਂ ਪਾ ਲਈ। "ਸਵੇਰ ਨੂੰ ਕਰਦੀ ਆਂ ਥੁਆਡੇ ਨਾਲ਼ 'ਸਾਬ੍ਹ ਬਰਾਬਰ।" ਉਹ ਬੁੱਲੇ ਵਾਂਗ ਆਈ ਸੀ ਤੇ ਬੁੱਲੇ ਵਾਂਗ ਹੀ ਪਰਤ ਗਈ। ਉਹਨਾਂ ਦੀ ਬਚਦੀ ਰਾਤ ਸਹਿਮਿਆਂ ਹੀ ਲੰਘੀ। ਉੱਠਣ ਤੱਕ, ਤੂਫ਼ਾਨ ਦੀ ਉਡੀਕ 'ਚ ਹੀ ਉਹ ਬੁੜਬੁੜਾਉਂਦੇ ਰਹੇ।

ਸਵੇਰੇ ਪਹਿਲਾਂ ਲਖਬੀਰ ਹੀ ਮਲਕੜੇ ਜਿਹੇ ਉੱਠਿਆ। ਆਲ਼ੇ-ਦੁਆਲ਼ੇ ਚੋਰ-ਨਜ਼ਰ ਘੁੰਮਾਈ। ਵਾਤਾਵਰਣ ਸਾਫ਼ ਲੱਗਿਆ। ਫਿਰ ਡਰਦਿਆਂ-ਡਰਦਿਆਂ ਉਹ ਦੱਬੇ-ਪੈਰੀਂ ਉਹਦੇ ਅੰਦਰ ਗਿਆ। ਖੱਲ-ਖੂੰਜੀਂ, ਥੱਲੇ-ਉੱਤੇ, ਇੱਧਰ-ਉੱਧਰ ਕੁਲਬੀਰ ਕਿਤੇ ਨਹੀਂ ਸੀ ਨਾ ਉਹਦਾ ਸਾਮਾਨ ਸੀ। ਉਹਨੇ ਬਿਸਤਰ ਦੀ ਉੱਭਰੀ ਚਾਦਰ ਝਾੜੀ ਤਾਂ ਤਹਿ ਲੱਗਾ ਪੇਪਰ ਉਹਦੇ ਮੂੰਹ 'ਤੇ ਵੱਜਾ। ਉਹ ਤਾਂ ਡਰਦਾ-ਡਰਦਾ ਮਸਾਂ ਸੰਭਲ਼ਿਆ ਜਿਵੇਂ ਕੋਈ ਉੱਡਣਾ ਸੱਪ ਉਹਦੇ ਮੱਥੇ ਵੱਜਾ ਹੋਵੇ। ਕੰਬਦੇ-ਕੰਬਦੇ ਹੱਥਾਂ ਨਾਲ਼ ਉਹਤੋਂ ਮਸਾਂ ਖੁੱਲ੍ਹਿਆ ਗਿਆ।

'ਮੈਂ ਤੈਨੂੰ ਪਿਆਰ ਕੀਤਾ ਸੀ, ਤੈਂ ਮੇਰੇ ਪਿਆਰ ਦਾ ਸੌਦਾ ਕਰਨਾ ਚਾਹਿਆ !' ਪੜ੍ਹਦਿਆਂ ਹੀ ਉਹ ਪੇਪਰ ਸਣੇ ਬੈੱਡ ਤੇ ਡਿੱਗ ਪਿਆ।

*94659-52938*

**'ਪ੍ਰਤਿਮਾਨ' ਦਾ ਅਗਲਾ ਅੰਕ ਯੁਵਾ ਪੰਜਾਬੀ ਕਵਿਤਾ ਵਿਸ਼ੇਸ਼-ਅੰਕ ਹੋਵੇਗਾ ਜਿਸ ਵਿੱਚ ਨਵੇਂ ਪ੍ਰਤਿਭਾਵਾਨ ਕਵੀਆਂ ਦੀਆਂ ਕਵਿਤਾਵਾਂ, ਸਵੈ-ਕਥਨ, ਮੁਲਾਕਾਤਾਂ ਅਤੇ ਅਲੋਚਨਾਤਮਕ ਲੇਖ ਸ਼ਾਮਿਲ ਹੋਣਗੇ। ਨੌਜਵਾਨ ਲੇਖਕਾਂ ਨੂੰ ਇਸ ਅੰਕ ਲਈ ਕਵਿਤਾਵਾਂ ਭੇਜਣ ਲਈ ਅਪੀਲ ਕੀਤੀ ਜਾਂਦੀ ਹੈ।**

**ਸੰਪਰਕ : 98142-31698**

## ਕਵਿਤਾਵਾਂ / ਰਸ਼ਮੀ ਖੁਰਾਨਾ



### ਪਤਾ ਨਹੀਂ ਕਿਉਂ

ਇਵੇਂ ਕਿਉਂ ਹੁੰਦਾ ਹੈ
ਰਿਸ ਜਾਂਦਾ ਹੈ ਇਹ ਮਨ
ਇਵੇਂ ਹੀ ਬਿਨਾ ਕਿਸੇ ਗੱਲ ਦੇ
ਚਾਹੁੰਦਾ ਹੈ ਫੁੱਟ ਫੁੱਟ ਕੇ ਰੋਣਾ
ਸੁਣ ਕਿੱਸਾ ਕਿਸੇ ਬਿਰਹਣ ਦਾ
ਇੱਕ ਸੈਲਾਬ ਫੈਲਦਾ ਹੈ ਤੇ
ਪਹਿਰਾਂ ਤੱਕ ਰੁਆ ਜਾਂਦਾ ਹੈ
ਪਰ ਪਤਾ ਨਹੀਂ
ਇੰਜ ਕਿਉਂ ਹੁੰਦਾ ਹੈ
ਕਿ ਮੋਮ ਵਰਗਾ ਮੇਰਾ ਮਨ
ਪੱਥਰ ਵਰਗਾ ਹੋ ਕੇ ਸਭ ਸਹਿ
ਜਾਂਦਾ ਹੈ
ਕਸ ਕੇ ਤਾਣੇ ਸ਼ਬਦ ਤੀਰ
ਗਹਿਰੇ ਉੱਤਰ ਜਾਂਦੇ
ਰਿਸ਼ਤਿਆਂ ਦੀ ਸ਼ਤਰੰਜ ਵਿੱਚ
ਦਿੰਦਾ ਹੈ ਸ਼ਹਿ ਖਾਂਦਾ ਹੈ ਮਾਤ
ਨੈਣ ਕਰਦੇ ਨੇ ਬੇਵਫਾਈ
ਭਰ ਆਉਂਦੇ ਨੇ ਕਦੇ
ਪਰ ਵਗਦਾ ਕੁਝ ਵੀ ਨਹੀਂ
ਅਜਿਹਾ ਪਤਾ ਨਹੀਂ ਕਿਉਂ ਹੁੰਦਾ ਹੈ
ਕਿ ਜਦੋਂ ਭਾਲਦੀ ਹਾਂ
ਤਾਂ ਇਹ ਮਨ ਵੀ
ਆਪਣਾ ਜਿਹਾ ਨਹੀਂ ਲੱਗਦਾ.....

### ਧੁੱਪ ਖਿੜੀ

ਫੇਰ ਆਇਆ ਰਿਸ਼ਮ-ਰਥੀ
ਦਸਤਕ ਦਿੱਤੀ
ਦੁਲਾਰਿਆ
ਸਹਿਲਾਇਆ
ਅੰਗੜਾਈ ਲੈ ਕੇ ਚਟਕੀ
ਫਿਰ ਤੋਂ ਉਹ ਧੁੱਪ ਖਿੜੀ

ਚੁੰਮਿਆਂ ਅੰਸ਼ੁਮਾਲੀ ਨੇ ਜੋ
ਸ਼ਰਮਾਈ
ਗਦਰਾਈ
ਖਿੜ ਗਿਆ ਰੋਮ ਰੋਮ
ਖਿੜੀ ਲਾਲ ਲਾਲ
ਪਾਈਆਂ ਗਲ ਬਾਹਾਂ
ਉੱਡ ਚੱਲੇ ਹੋਸ਼ ਹਵਾਸ
ਸੰਭਲੀ ਤਾਂ ਸ਼ਾਮ ਸੀ
ਵੀਰਾਨ

ਪਰਤ ਰਿਹਾ ਸੀ
ਰਥ ਆਦਿਤਯ ਦਾ
ਸਿਮਟ ਗਈ
ਲੁਕ ਗਈ
ਉਹ ਆਪਣੇ ਹੀ ਮੌਨ ਵਿੱਚ
ਫਿਰ ਤੋਂ ਉਹ ਧੁੱਪ ਖਿੜੀ
ਫੇਰ ਆਉਣਾ ਦੇਵ
ਕਲ ਫਿਰ ਮਿਲਾਂਗੀ
ਪਿਆਸ ਲੈ ਕੇ ਮਨ ਪ੍ਰਾਣ ਦੀ
ਕੱਲ ਫਿਰ ਖਿੜਾਗੀ
ਧਰਤੀ ਗੋਲ
ਆਕਾਸ਼ ਘੁੰਮ ਰਿਹਾ ਹੈ

ਕੱਲ ਭਾਸਕਰ
ਇੱਥੇ ਨਹੀਂ ਉੱਥੇ ਉਦੈ ਹੋਵੇਗਾ
ਪਰ ਉਹ ਇੱਥੇ ਰਹੇਗੀ
ਪਿਆਰ-ਗਲਵੱਕੜੀ
ਵਿੱਚ ਜਕੜੀ
ਉਡੀਕ ਵਿੱਚ ਭਿੱਜੀ
ਸੁੱਕੇਗੀ ਲਹਿਰਾਏਗੀ
ਵਾਰ ਵਾਰ ਦੁਹਰਾਏਗੀ
ਇਹ ਦਸਤਕ ਉਹ ਆਹਟ
ਉਹ ਸਪਰਸ਼ ਗਰਮਾਹਟ
ਅੰਗੜਾਈ ਭਰ ਕੇ ਚਟਕੇਗੀ
ਫਿਰ ਤੋਂ ਉਹ ਧੁੱਪ ਖਿੜੀ।

## ਯੁੱਧ / ਗੁਰਜੰਟ ਰਾਜੇਆਣਾ



ਸਾਡੀ!
ਨਗਨਤਾ ਦੀ ਪੀੜ ਤੋਂ
ਕੱਜੇ ਹੋਣ ਤਕ ਦੇ ਫ਼ਖ਼ਰ
ਭੁੱਖੇ-ਤਿਹਾਏ ਭਟਕਦਿਆਂ ਤੋਂ
ਭਰੇ ਪੇਟ ਜਿਉਣ ਦੇ ਹੁਨਰ
ਗੱਲ ਕੀ!
ਅਸੱਭਿਅਤਾ ਤੋਂ ਸੱਭਿਅਤਾ ਤੱਕ
ਸਾਡੇ ਉੱਸਰ ਜਾਣ ਤੋਂ
ਇਨ੍ਹਾਂ ਸ਼ੁੱਧ ਸੰਸਕ੍ਰਿਤੀ ਵਾਲਿਆਂ ਨੂੰ
ਹੋ ਗਿਐ ਡਾਅਢਾ ਭੈਅ
ਅੱਜ ਕੱਲ੍ਹ!
ਢਕਣ ਲਈ
ਆਪਣੀ ਛਿੱਜੀ ਮਰਦਾਵੀਂ ਹਉਂ
ਇਹ ਫਿਰ ਨੇ ਕਾਹਲ਼ੇ
ਕਰਨ ਲਈ ਨਗਨ
ਅਸਾਡਾ ਢਕਿਆ ਜਿਸਮ
ਕਰਨ ਲਈ ਅਸਾਡੀ ਹੋਂਦ ਦਾ
ਬੀਅ-ਨਾਸ
ਪਰ!
ਦੇਵ ਪੁਰਸ਼ ਕਹਾਉਂਦੇ
ਫਿਰਕੂ ਸੱਤਾ ਦੇ ਪੂਜਕ
ਰਹੇ ਨੇ ਭੁੱਲ
ਇਸ ਨਗਨਤਾ ਨੂੰ ਢਕਣ ਲਈ
ਸਾਡੇ ਦੁਆਰਾ ਕੀਤੇ ਸ਼ਿਕਾਰ
ਸ਼ੇਰ, ਬਘਿਆੜ, ਚੀਤਿਆਂ ਦੀਆਂ
ਲੋਥਾਂ ਦਾ ਹਸ਼ਰ
ਇਹ!
ਰਹੇ ਨੇ ਭੁੱਲ
ਕਿ ਰਹਿਬਰ ਨੇ ਸਾਡੇ ਹਥਿਆਰ!
ਸਾਡਾ ਵਿਰਸਾ ਹੈ ਯੁੱਧ!

## ਕਹਾਣੀ / ਅੰਬਰ ਦੀ ਢੋਲਕੀ / ਸੁਰਜੀਤ ਕੌਰ



ਵਿਆਹ ਵਾਲੇ ਘਰ ਅੱਪੜੀ ਤਾਂ ਸਾਹਮਣੇ ਵਿਹੜੇ ਵਿਚ ਰੰਗ-ਬਰੰਗੇ ਸੂਟਾਂ ‘ਚ ਸੱਜੀਆਂ ਔਰਤਾਂ ਜ਼ੋਰਾਂ-ਸ਼ੋਰਾਂ ਨਾਲ ਢੋਲਕੀ ‘ਤੇ ਗੀਤ ਗਾ ਰਹੀਆਂ ਸਨ। ਮਣ-ਮਣ ਮੇਕਅੱਪ ਲਾਈ ਅਧੇੜ ਉਮਰ ਦੀਆਂ ਔਰਤਾਂ ਚਾਮ੍ਹਲ ਕੇ ਗਾਉਂਦੀਆਂ ਹੱਸ-ਹੱਸ ਦੂਹਰੀਆਂ ਹੋਈ ਜਾਣ। “ਭਾਬੋ ਕਹਿੰਦੀ ਏ ਬਲਵੰਤ ਸਿੰਘਾ ਵੇਲਣਾ ਲਿਆ...!” ਪੰਜ ਸੱਤ ਕੁੜੀਆਂ ਲੱਕ ਹਿਲਾ-ਹਿਲਾ ਨੱਚ ਵੀ ਰਹੀਆਂ ਸਨ।

ਢੋਲਕੀ ਦੀ ਥਾਪ ਤੇ ਉੱਤੇ ਵੱਜਦਾ ਚਮਚਾ...ਮੈਂ ਅੰਬਰ ਦੀਆਂ ਯਾਦਾਂ ਵਿਚ ਗੁਆਚ ਗਈ...

ਉੱਚੀ ਲੰਮੀ, ਸੁਰਾਹੀ ਵਰਗੀ ਧੌਣ ਵਾਲੀ ਅੰਬਰ ਜਿਵੇਂ ਮੇਰੇ ਸਾਹਮਣੇ ਬੈਠੀ ਮੰਦ-ਮੰਦ ਮੁਸਕਰਾਉਂਦੀ ਢੋਲਕੀ ਵਜਾ ਰਹੀ ਹੋਵੇ। ਅੰਬਰ ਦਾ ਕਲੀਆਂ ਵਾਲਾ ਲੰਮਾਂ ਕੁੜਤਾ, ਚੂੜੀਦਾਰ ਪਜਾਮੀ ਤੇ ਉੱਤੇ ਲਿਆ ਦੁਪੱਟਾ ਕਿਆ ਫਬਦਾ ਸੀ ਉਸਨੂੰ। ਭਾਰਤੀ ਲਿਬਾਸ ਤੇ ਉੱਤੋਂ ਲੰਮੇ ਵਾਲਾਂ ਦਾ ਜੂੜਾ ਤੇ ਜੂੜੇ ’ਤੇ ਕਦੇ ਕਲੀਆਂ, ਕਦੇ ਗੁਲਾਬ ਦੇ ਮਹਿਕਦੇ ਫੁੱਲ ਲਾਈ ਉਹ ਮੁਰਗ਼ਾਬੀ ਵਾਂਗ ਤੈਰਦੀ ਫਿਰਦੀ। ਕਦੇ ਕਦੇ ਜਦ ਲੋਰ ਵਿਚ ਆ ਕੇ ਨੱਚਦੀ ਤਾਂ ਮੋਰਨੀ ਹੀ ਲੱਗਦੀ। ਉਦੋਂ ਉਹ ਅਜੇ ਮਸਾਂ ਤੀਹਾਂ ਕੁ ਵਰ੍ਹਿਆਂ ਦੀ ਹੀ ਸੀ ਤੇ ਮਾਲਟਨ ਸ਼ਹਿਰ ਦੇ ਇਕ ਪ੍ਰਾਈਮਰੀ ਸਕੂਲ ਵਿਚ ਬਤੌਰ ਦੂਜੇ ਗਰੇਡ ਦੀ ‘ਕਲਾਸ ਟੀਚਰ’ ਵੱਜੋਂ ਪੜ੍ਹਾਉਂਦੀ ਹੁੰਦੀ ਸੀ।

ਮਾਲਟਨ ਸ਼ਹਿਰ ਏਅਰਪੋਰਟ ਦੇ ਨੇੜੇ ਹੋਣ ਕਰਕੇ ਬਹੁਤੇ ਆਵਾਸੀ ਜਹਾਜੋਂ ਇੱਥੇ ਉੱਤਰਦੇ ਅਤੇ ਇੱਥੇ ਹੀ ਵੱਸ ਜਾਂਦੇ। ਇੰਝ ਨਵੇਂ ਇਮੀਗਰਾਂਟਾਂ ਦੀ ਬਹੁਤਾਤ ਹੋਣ ਕਰਕੇ ਇਸ ਸ਼ਹਿਰ ਦਾ ਮਾਹੌਲ ਅਜੇ ਤੱਕ ਕੈਨੇਡਾ ਦੇ ਬਾਕੀ ਸ਼ਹਿਰਾਂ ਵਰਗਾ ਲਿਸ਼ਕਵਾਂ ਨਹੀਂ ਸੀ; ਪੁਰਾਣੇ ਘਰ, ਘਰਾਂ ਦੇ ਮੂਹਰੇ ਖੜੀਆਂ ਪੁਰਾਣੀਆਂ ਗੱਡੀਆਂ ਅਤੇ ਵਿਹੜਿਆਂ ‘ਚ ਉਦਾਸਿਆ ਘਾਹ, ਕੁਲ ਮਿਲਾ ਕੇ ਇੱਥੇ ਰਹਿਣ ਵਾਲਿਆਂ ਦੀ ਜਦੋਜਹਿਦ ਭਰੀ ਜ਼ਿੰਦਗੀ ਦੀ ਜਿਉਂਦੀ ਜਾਗਦੀ ਤਸਵੀਰ ਪੇਸ਼ ਕਰਦਾ ਸੀ। ਅੰਬਰ ਦੀ ਕਲਾਸ ਵਿਚ ਵੀ ਬਹੁਗਿਣਤੀ ਪਰਵਾਸੀ ਬੱਚਿਆਂ ਦੀ ਹੀ ਸੀ। ਸਵੇਰੇ ਉਨ੍ਹਾਂ ਦੀਆਂ ਮਾਂਵਾਂ ਉਨ੍ਹਾਂ ਨੂੰ ਸਕੂਲ ਛੱਡਣ ਆਉਂਦੀਆਂ; ਹਿਜਾਬ, ਬੁਰਕੇ, ਸਾੜੀਆਂ ਅਤੇ ਪੰਜਾਬੀ ਸੂਟਾਂ ਦੀ ਆਵਾਜਾਈ ਲੱਗੀ ਰਹਿੰਦੀ। ਮੇਰੀ ਬੇਟੀ ਪੀਹੂ ਵੀ ਉਸੇ ਸਕੂਲ ਵਿਚ ਪੜ੍ਹਦੀ ਸੀ ਤੇ ਮੈਂ ਸਵੇਰੇ ਸ਼ਾਮ ਉਸਨੂੰ ਸਕੂਲ ਛੱਡਣ ਜਾਂਦੀ ਤੇ ਅਕਸਰ ਵੇਖਦੀ ਕਿ ਜਿਹੜੇ ਬੱਚੇ ਸਕੂਲ ਵੜਦਿਆਂ ਰੋਂਦੇ ਹੁੰਦੇ ਅੰਬਰ ਉਨ੍ਹਾਂ ਨੂੰ ਗਲ਼ ਨਾਲ ਲਾਕੇ ਵਰਾਉਂਦੀ, ਕਦੇ ਚਾਕਲੇਟ ਜਾਂ ‘ਕੈਂਡੀ’ ਦੇ ਕੇ ਚੁੱਪ ਕਰਾ ਲੈਂਦੀ। ਇਹ ਵੇਖ ਮਾਂਵਾਂ ਸੌਖਾ ਸਾਹ ਲੈਂਦੀਆਂ ਤੇ ਹੱਥ ਹਿਲਾਉਂਦੀਆਂ ਘਰਾਂ ਨੂੰ ਮੁੜ ਜਾਂਦੀਆਂ।

ਮਾਂਵਾਂ ਤਾਂ ਜਿਵੇਂ ਬਣੀਆਂ ਹੀ ਇਸੇ ਲਈ ਸਨ; ਦੁਪਹਿਰੇ ਲੰਚ ਬਰੇਕ ਹੁੰਦੀ ਤਾਂ ਉਹੀ ਸੂਟ, ਸਾੜੀਆਂ, ਬੁਰਕੇ ਤੇ ਹਿਜਾਬਾਂ ਵਾਲੀਆਂ ਹੱਥਾਂ ਵਿਚ ਨਿੱਕੇ ਨਿੱਕੇ ਟਿਫ਼ਨ ਲਈ ਫਿਰ ਮੁੜ ਆਉਂਦੀਆਂ। ਬੱਚੇ ਮਿੰਟਾਂ ’ਚ ਲੰਚ ਚਟਮ ਕਰਦੇ ਤੇ ਖੇਡ ਗਰਾਊਂਡ ਵੱਲ ਨੂੰ ਦੌੜ ਜਾਂਦੇ। ਅੰਬਰ ਦਾ ‘ਪੋਰਟੇਬਲ’ ਕਲਾਸ ਰੂਮ ਖੇਡ ਗਰਾਊਂਡ ਦੇ ਇਕ ਪਾਸੇ ਬਾਕੀ ਕਮਰਿਆਂ ਤੋਂ ਥੋੜ੍ਹੀ ਦੂਰ ਇਕ ਕੋਨੇ ਜਿਹੇ ਵਿਚ ਸਥਿਤ ਸੀ। ਘੰਟੇ ਦੀ ਬਰੇਕ ਦਾ ਬਾਕੀ ਸਮਾਂ ਅਸੀਂ ਅੰਬਰ ਨਾਲ ਗੱਲੀਂ ਪੈ ਜਾਂਦੀਆਂ। ਰਜ਼ੀਆ ਨਾਂ ਦੀ ਇਕ ਮਾਂ ਵੀ ਆਉਂਦੀ ਹੁੰਦੀ ਸੀ ਜੋ ਛੱਬੀਆਂ ਸਤਾਈਆਂ ਕੁ ਸਾਲਾਂ ਦੀ ਸੂਹਲ ਸਲੋਨੀ ਖ਼ੂਬਸੂਰਤ ਔਰਤ ਸੀ। ਇਕ ਦਿਨ ਅੰਬਰ ਨੇ ਉਸ ਨੂੰ ਗੱਲਾਂ ਗੱਲਾਂ ’ਚ ਪੁੱਛ ਲਿਆ, “ਰਜ਼ੀਆ ਤੂੰ ਕੈਨੇਡਾ ਕਿਵੇਂ ਆਈ?”

“ਮੇਰਾ ਖਾਵੰਦ ਸੱਤ ਕੁ ਸਾਲ ਪਹਿਲਾਂ ਮੈਨੂੰ ਲਾਹੌਰ ਤੋਂ ਵਿਆਹ ਕੇ ਲਿਆਇਆ ਸੀ ਉਹ ਮੈਨੂੰ ਬਹੁਤ ਪਿਆਰ ਕਰਦਾ ਏ...” ਅਕਸਰ ਇਰਫਾਨ, ਉਸਦੇ ਵੱਡੇ ਪੁੱਤਰ ਨੇ ਉਸਦੀ ਉਂਗਲ ਫੜੀ ਹੁੰਦੀ ਅਤੇ ਨਿੱਕਾ ਉਸਦੀ ਗੋਦ ਵਿਚ ਹੁੰਦਾ। ਇਕ ਦਿਨ ਮੈਂ ਅਤੇ ਅੰਬਰ ਬੈਠੀਆਂ ਗੱਲਾਂ ਕਰ ਰਹੀਆਂ ਸਾਂ ਕਿ ਰਜ਼ੀਆ ਆਪਣੇ ਬੱਚੇ ਇਰਫਾਨ ਨੂੰ ਲੈਣ ਆ ਗਈ। ਉਸ ਦਿਨ ਉਹ ਕੁਝ ਉਦਾਸ ਲੱਗੀ,

“ਰਜ਼ੀਆ ਕੀ ਹੋਇਆ ਅੱਜ? ਤਬੀਅਤ ਨਹੀਂ ਠੀਕ?”

ਰਜ਼ੀਆ ਦੀਆਂ ਅੱਖਾਂ ‘ਚੋਂ ਪਰਲ ਪਰਲ ਹੰਝੂ ਵਹਿਣ ਲੱਗੇ। ਅੰਬਰ ਉਸਨੂੰ ਪੁੱਛਦੀ ਰਹੀ, ਦਿਲਾਸਾ ਦਿੰਦੀ ਰਹੀ ਪਰ ਰਜ਼ੀਆ ਤਾਂ ਜਿਵੇਂ ਪੱਥਰ ਹੀ ਹੋ ਗਈ ਹੋਵੇ। ਛੁੱਟੀ ਹੋਣ ਤੇ ਰਜ਼ੀਆ ਆਪਣੇ ਬੇਟੇ ਨੂੰ ਲੈ ਕੇ ਘਰ ਚਲੀ ਗਈ। ਅੰਬਰ ਉਸ ਦੇ ਜਾਣ ਤੋਂ ਬਾਅਦ ਬਿਲਕੁਲ ਚੁੱਪ ਹੋ ਗਈ। ਫਿਰ ਉਸਨੇ ਲੰਮਾਂ ਸਾਹ ਲਿਆ ਤੇ ਉਸਦੇ ਮੂੰਹੋਂ ਨਿਕਲਿਆ, “ਖੈਰ...” ਤੇ ਉਸਨੇ ਮੁਸਕੁਰਾ ਕੇ ਬਾਕੀ ਔਰਤਾਂ ਅਤੇ ਬੱਚਿਆਂ ਨੂੰ ਵਿਦਾ ਕੀਤਾ।

ਰਜ਼ੀਆ ਮੇਰੀ ਹੀ ਬਿਲਡਿੰਗ ਵਿਚ ਰਹਿੰਦੀ ਸੀ। ਅੰਬਰ ਤੇ ਮੈਂ ਜਦੋਂ ਵੀ ਮਿਲਦੇ ਰਜ਼ੀਆ ਦੀ ਗੱਲ ਕਰਦੇ। ਉਹ ਮੈਨੂੰ ਅਕਸਰ ਪੁੱਛਦੀ ਰਹਿੰਦੀ ਕਿ ਕੀ ਮੈਂ ਰਜ਼ੀਆ ਨੂੰ ਕਦੇ ਵੇਖਿਆ? ਪਰ ਉਸ ਤੋਂ ਬਾਅਦ ਮੈਂ ਤਾਂ ਕੀ ਕਿਸੇ ਨੇ ਵੀ ਕਦੇ ਉਸਨੂੰ ਨਹੀਂ ਵੇਖਿਆ ਸੀ। ਬਾਕੀ ਮਾਂਵਾਂ ਦੇ ਆਉਣ ਦਾ ਸਿਲਸਿਲਾ ਇਵੇਂ ਹੀ ਚੱਲਦਾ ਰਿਹਾ। ਹੌਲੀ ਹੌਲੀ ਹੋਰ ਔਰਤਾਂ

ਜੁੜਦੀਆਂ ਗਈਆਂ। ਔਰਤਾਂ ਆਉਂਦੀਆਂ ਅੰਬਰ ਨੂੰ ਆਪਣੀਆਂ ਦਰਦ ਕਹਾਣੀਆਂ ਸੁਣਾਂਉਂਦੀਆਂ, ਕਦੇ ਰੋਂਦੀਆਂ ਕਦੇ ਹੱਸਦੀਆਂ। ਅਸੀਂ ਤਕਰੀਬਨ ਸਾਰੀਆਂ ਹੀ ਨਵੀਆਂ ਸਾਂ ਕਦੇ ਪੈਸਿਆਂ ਦੀ ਕਮੀ, ਕਦੇ ਕੰਮ ਨਾ ਮਿਲਣ ਦੀ ਚਿੰਤਾ ਅਤੇ ਕਦੇ ਸਹੁਰਿਆਂ ਦਾ ਅੜੀਅਲ ਸੁਭਾਅ ਸਭ ਨੂੰ ਸਤਾਉਂਦੇ ਸਨ। ਕਦੇ ਕਦੇ ਤਾਂ ਕੋਈ ਉਸਨੂੰ ਆਪਣੇ ਘਰ ਵਾਲੇ ਦੀਆਂ ਵਧੀਕੀਆਂ ਦੇ ਕਿੱਸੇ ਵੀ ਸੁਣਾ ਜਾਂਦੀ। ਅੰਬਰ ਬੜੇ ਠਰ੍ਹੰਮੇਂ ਨਾਲ ਸੁਣਦੀ ਰਹਿੰਦੀ। ਕਈ ਵਾਰ ਮੈਨੂੰ ਹੈਰਾਨੀ ਹੁੰਦੀ ਕਿ ਅੰਬਰ ਇੰਨੀਂ ਠਰ੍ਹੰਮੇ ਵਾਲੀ ਕਿਵੇਂ ਹੋ ਸਕਦੀ ਸੀ?

ਅਸੀਂ ਕਈ ਵਾਰ ਅੰਬਰ ਨੂੰ ਉਸਦੇ ਪਿਛੋਕੜ ਬਾਰੇ ਪੁੱਛਦੇ, ਉਹ ਹੱਸ ਕੇ ਟਾਲ ਦਿੰਦੀ। ਇਕ ਦਿਨ ਉਸਨੇ ਬੱਸ ਇੰਨਾਂ ਹੀ ਦੱਸਿਆ ਕਿ ਉਹ ਦਿੱਲੀ ਯੂਨੀਵਰਸਿਟੀ ਤੋਂ ਪੋਸਟ ਗਰੈਜੂਏਟ ਸੀ ਅਤੇ ਇਕ ਪ੍ਰੋਫੈਸਰ ਪਿਤਾ ਦੀ ਧੀ ਵੀ ਸੀ। ਵਿਆਹ ਤਾਂ ਉਸਨੇ ਆਪਣੀ ਮਰਜ਼ੀ ਨਾਲ ਕਿਸੇ ਪੀਐਚ. ਡੀ. ਡਾਕਟਰ ਨਾਲ ਕਰਵਾਇਆ ਸੀ ਪਰ ਉਹ ਵਿਆਹ ਬਹੁਤ ਦੇਰ ਚੱਲ ਨਾ ਸਕਿਆ। ਜਦੋਂ ਅਸੀਂ ਉਸਨੂੰ ਕਾਰਣ ਪੁੱਛਦੀਆਂ ਤਾਂ ਉਹ ਹੱਸ ਛੱਡਦੀ ਜਾਂ ਗੱਲ ਨੂੰ ਗੋਲ ਮੋਲ ਕਰ ਦਿੰਦੀ, "ਉਸ ਰਿਸ਼ਤੇ ਵਿਚ ਮੇਰਾ ਸਾਹ ਘੁੱਟਦਾ ਸੀ ...ਮੈਂ ਉਦਾਸ ਰਹਿਣ ਲੱਗੀ ਸੀ... ਉਸ ਮੈਰਿਜ ਆਫ ਕਨਵੀਨੀਅੰਸ' ਤੋਂ ਤੰਗ ਆ ਗਈ ਸਾਂ... ਉਸ ਰਿਸ਼ਤੇ ਦਾ ਬੋਝ ਸਾਰੀ ਉਮਰ ਨਹੀਂ ਢੋਅ ਸਕਦੀ ਸੀ ਸੋ ਮੈਂ ਘਰ ਛੱਡ ਦਿੱਤਾ। ਵਿਚ ਵਿਚਾਲੇ ਲਟਕਦੇ ਰਹਿਣ ਨਾਲੋਂ ਚੰਗਾ ਹੈ ਇਕ ਪਾਸੇ ਹੋ ਜਾਉ। ਕੋਈ ਲੜਾਈ ਝਗੜਾ ਨਹੀਂ...ਬੱਚੇ ਆਪਣੇ ਪਿਤਾ ਨੂੰ ਮਿਲਦੇ ਨੇ...ਸਭ ਠੀਕ ਚੱਲ ਰਿਹਾ ਹੈ...!"

ਉਹ ਥੜੀ ਦੇਰ ਚੁੱਪ ਰਹੀ ਤੇ ਫੇਰ ਖੜ੍ਹੀ ਹੋ ਗਈ। ਕਮਰੇ ਵਿਚ ਜ਼ਰਾ ਘੁੰਮੀ ਤੇ ਫਿਰ ਕਹਿਣ ਲੱਗੀ, "...ਘਰ ਛੱਡਿਆ ਤਾਂ ਇਕ ਹੋਰ ਸਿਲਸਿਲਾ ਸ਼ੁਰੂ ਹੋ ਗਿਆ...ਹੁੰਦਾ ਏ ਨਾ ! ਕਦੇ ਇਹ 'ਵੁਮੈਨ ਸ਼ੈਲਟਰ' ਕਦੇ ਓਹ 'ਸ਼ੈਲਟਰ"! ਸ਼ੈਲਟਰਾਂ 'ਚ ਰਹਿੰਦਿਆਂ ਮੈਨੂੰ ਆਭਾਸ ਹੋਇਆ ਕਿ ਮੇਰੀਆਂ ਧੀਆਂ ਤਾਂ ਰੁਲ਼ ਜਾਣਗੀਆਂ"

"ਹਾਇ ਅੰਬਰ ਤੁਹਾਨੂੰ ਸ਼ੈਲਟਰ ਵਿਚ ਵੀ ਰਹਿਣਾ ਪਿਆ?"

"ਯੈੱਸ! ਮਾਈ ਡੀਅਰ! ਫਿਰ ਮੈਂ ਆਪਣੇ ਆਪ ਨੂੰ ਇਕ ਸਵਾਲ ਕੀਤਾ ਕਿ ਕੀ ਮੈਂ ਇਸ ਜ਼ਿੰਦਗੀ ਲਈ ਬਣੀ ਹਾਂ? ਮੇਰੇ ਅੰਦਰੋਂ ਕਿਸੇ ਨੇ ਕਿਹਾ, ਨਹੀਂ! ਨਹੀਂ!"

ਸਾਹਮਣੇ ਬੈਠੀਆਂ ਮਾਵਾਂ ਹੈਰਾਨਕੁਨ ਨਜ਼ਰਾਂ ਨਾਲ ਅੰਬਰ ਵੱਲ ਵੇਖ ਰਹੀਆਂ ਸਨ। ਉਹ ਫੇਰ ਬੋਲੀ,

"ਮੈਂ ਆਪਣੇ ਮਾਂ-ਪਾਪਾ ਨੂੰ ਬੁਲਾਇਆ ਉਨ੍ਹਾਂ ਮੇਰੇ ਬੱਚੇ ਸਾਂਭੇ। ਮੈਂ ਆਪਣੀ ਟੀਚਰ ਟਰੇਨਿੰਗ ਪੂਰੀ ਕੀਤੀ। ਇਕ ਸਮਾਜ -ਸੇਵੀ ਸੰਸਥਾ ਨੇ ਮੈਨੂੰ 'ਲੋਅ ਇਨਕਮ ਕੈਟੇਗਰੀ' ਵਿਚ ਇਕ ਅਪਾਰਟਮੈਂਟ ਕਿਰਾਏ ਤੇ ਲੈ ਦਿੱਤਾ। ਮੈਂ ਆਪਣੇ ਲਈ ਇਸ ਸਕੂਲ ਵਿਚ ਨੌਕਰੀ ਲੱਭ ਲਈ... ਮੇਰੀਆਂ ਦੋਨੋਂ ਬੇਟੀਆਂ ਵੀ ਇਸੇ ਸਕੂਲ ਵਿਚ ਪੜ੍ਹਨ ਲੱਗੀਆਂ..."

"ਦੇਖੋ ਮੈਂ ਇਹ ਗੱਲ ਤੁਹਾਨੂੰ ਇਸ ਲਈ ਦੱਸ ਰਹੀ ਹਾਂ ਕਿ ਤੁਸੀਂ ਇਕੱਲੀਆਂ ਨਹੀਂ ਹੋ ਜੋ ਇਹੋ ਜਿਹੇ ਹਾਲਾਤ ਚੋਂ ਲੰਘ ਰਹੀਆਂ ਹੋ... ਹੋਰ ਵੀ ਬਹੁਤ ਨੇ... ਅਰੇ...ਕੋਈ ਗੱਲ ਨਹੀਂ ਅਸੀਂ ਕਿਤੇ ਕਮਜ਼ੋਰ ਹਾਂ? ਜ਼ਿੰਦਗੀ ਜ਼ਿੰਦਾਦਿਲੀ ਕਾ ਨਾਮ ਹੈ, ਆਪਣੇ ਬੱਚਿਆਂ ਲਈ ਜੀਉ...ਦੇਖੋ ਕਿੰਨੇ ਪਿਆਰੇ ਨੇ ਇਹ...", ਇਕ ਤਾਂ ਉਸਦੀ ਖ਼ੂਬਸੂਰਤੀ, ਦੂਜੀ ਉਸਦੀ ਅਦਾ ਤੇ ਤੀਜੇ ਇਹ ਬੋਲ ਔਰਤਾਂ ਲਈ ਵਰਦਾਨ ਬਣ ਜਾਂਦੇ ਅਤੇ ਉਹ ਅਗਲੇ ਦਿਨ ਉਸਨੂੰ ਮਿਲਣ ਨੂੰ ਉਡੀਕਣ ਲੱਗਦੀਆਂ।

ਹੁਣ ਸਭ ਨੂੰ ਸਮਝ ਆ ਗਈ ਸੀ ਕਿ ਅੰਬਰ ਆਪਣੇ ਕੋਲ ਆਉਣ ਵਾਲੀਆਂ ਔਰਤਾਂ ਦੀ ਹਮਦਰਦ ਕਿਉਂ ਸੀ? ਇਕ ਦਿਨ ਅੱਧੀ ਛੁੱਟੀ ਵੇਲੇ ਜਦੋਂ ਔਰਤਾਂ ਜੁੜੀਆਂ ਉਹ ਮੰਦ ਮੰਦ ਮੁਸਕਾਉਂਦੀ ਮੋਰਨੀ ਵਾਂਗ ਪੈਲਾਂ ਪਾਉਂਦੀ ਗੁਣਗਾਉਣ ਲੱਗੀ,

"ਮੈਂ ਜ਼ਿੰਦਗੀ ਕਾ ਸਾਥ ਨਿਭਾਤਾ ਚਲਾ ਗਿਆ...ਬਰਬਾਦੀਓਂ ਕਾ ਸੋਗ ਮਨਾਨਾ ਫਿਜ਼ੂਲ ਥਾ, ਮੈਂ ਬਰਬਾਦੀਓਂ ਕਾ ਜਸ਼ਨ ਮਨਾਤਾ..."

"ਹਾਇ! ਅੰਬਰ ਕਿੰਨਾਂ ਸੋਹਣਾ ਗਾਉਂਦੇ ਵੀ ਹੋ ਤੁਸੀਂ ਤਾਂ...", ਨਵਨੀਤ ਜ਼ੋਰ ਜ਼ੋਰ ਨਾਲ ਤਾੜੀਆਂ ਵਜਾ ਕੇ 'ਵਾਹ! ਵਾਹ!' ਕਰ ਰਹੀ ਸੀ।

ਅੰਬਰ ਨੇ ਆਪਣੀ ਚੁੰਨੀ ਨੂੰ ਖਿਲਾਰ ਕੇ ਖੰਭ ਬਣਾ ਲਏ ਤੇ ਇਕ ਹਲਕਾ ਜਿਹਾ ਚੱਕਰ ਲਾਇਆ ਤੇ ਸਾਨੂੰ ਮੁਖਾਤਿਬ ਹੋਈ, "ਤੁਸੀਂ ਵੀ ਗਾਉਣੈ? ਜ਼ਿੰਦਗੀ ਦਾ ਜਸ਼ਨ ਮਨਾਉਣੈ? ਆਹ ਜਿਹੜੇ ਦੁੱਖ ਚੁੱਕੀ ਫਿਰਦੀਆਂ ਹੋ ਇਨ੍ਹਾਂ ਨੂੰ ਭੁਲਾਉਣੈ?"

ਕਮਰੇ ਵਿਚ ਬੱਚਿਆਂ ਦੀਆਂ ਨਿੱਕੀਆਂ ਨਿੱਕੀਆਂ ਕੁਰਸੀਆਂ ਤੇ ਬੈਠੀਆਂ ਸੱਤ-ਅੱਠ ਔਰਤਾਂ ਦੀਆਂ ਵੱਡੀਆਂ ਵੱਡੀਆਂ ਅੱਖਾਂ ਹੈਰਾਨੀ ਨਾਲ ਉਸ ਵੱਲ ਤੱਕਣ ਲੱਗੀਆਂ। ਗੱਲ ਇੰਝ ਸੀ ਕਿ ਅੰਬਰ ਨੂੰ ਕਿਤੋਂ ਇਕ ਢੋਲਕੀ ਮਿਲ ਗਈ ਸੀ ਅਤੇ ਜੋ ਉਹ ਸਕੂਲ ਲੈ ਆਈ ਸੀ। ਉਸਨੇ ਟੇਬਲ ਹੇਠੋਂ ਉਹ ਢੋਲਕੀ ਕੱਢੀ ਤੇ ਸਾਡੇ ਵੱਲ ਖਿਸਕਾ ਕੇ ਬੋਲੀ, "ਚਲੋ ਫਿਰ ਗਾਓ..."

ਸਾਰੀਆਂ ਹੈਰਾਨ ਸਾਂ ਪਰ ਮੈਂ ਢੋਲਕੀ ਫੜ ਲਈ। ਨਵਨੀਤ ਨੂੰ ਢੋਲਕੀ ਵਜਾਉਣੀ ਆਉਂਦੀ ਸੀ, ਉਹ ਹੌਲੀ ਹੌਲੀ ਥਾਪ ਦੇ ਕੇ ਗਾਉਣ ਲੱਗੀ, "ਅੱਜ ਦਿਨ ਸ਼ਗਨਾਂ ਦਾ..."

ਘੜੀਆਂ ਪਲਾਂ ਵਿਚ ਸਾਰੀਆਂ ਇਕ ਦੂਜੀ ਤੋਂ ਉੱਚੀ ਢੋਲਕੀ ਦੇ ਗੀਤ ਗਾਉਣ ਲੱਗੀਆਂ। ਬਰੇਕ ਖਤਮ ਹੋ ਗਈ ਬੱਚੇ ਅੰਦਰ ਆ ਗਏ ਔਰਤਾਂ ਖਿੜ-ਖਿੜ ਹੱਸਦੀਆਂ ਘਰਾਂ ਨੂੰ ਪਰਤ ਗਈਆਂ। ਇਹ ਸਿਲਸਿਲਾ ਇਉਂ ਹੀ ਕਾਫ਼ੀ ਦੇਰ ਚੱਲਦਾ ਰਿਹਾ। ਔਰਤਾਂ ਦਾ ਉਸ ਕਮਰੇ ਵਿਚ ਬਿਤਾਇਆ

ਉਹ ਪੌਣਾ ਘੰਟਾ ਉਨ੍ਹਾਂ ਦੀ ਜ਼ਬਾਨ ਤੇ ਸ਼ਿਕਵਿਆਂ ਦੀ ਜਗ੍ਹਾ ਗੀਤ ਲੈ ਆਇਆ। ਹੁਣ ਉਹ ਨਿਤ ਨਵੇਂ ਨਵੇਂ ਗੀਤ ਸੋਚ ਕੇ ਆਉਂਦੀਆਂ ਤੇ ਗਾ ਵਜਾ ਕੇ ਘਰਾਂ ਨੂੰ ਤੁਰ ਜਾਂਦੀਆਂ।

ਸਰਦੀਆਂ ਦੇ ਦਿਨ ਸਨ, ਬਰਫ਼ ਪਈ ਹੋਈ ਸੀ ਪਰ ਔਰਤਾਂ ਦੇ ਹੌਂਸਲੇ ਬੁਲੰਦ ਸਨ। ਅੰਬਰ ਉਨ੍ਹਾਂ ਨੂੰ ਦੱਸਦੀ ਕਿ ਆਪਾਂ 'ਸਿਸਟਰਹੁੱਡ' ਕਰੀਏਟ ਕੀਤੀ ਹੈ ਅਸੀਂ ਸਭ ਨੇ ਇਕ ਦੂਜੇ ਦਾ ਜੰਮ ਕੇ ਸਾਥ ਦੇਣਾ ਏ।

ਪਤਾ ਏ ਫੇਰ ਕੀ ਹੋਇਆ? ਇਕ ਦਿਨ ਸਕੂਲ ਦੇ ਪ੍ਰਿੰਸੀਪਲ ਨੂੰ ਕਿਸੇ ਨੇ ਸ਼ਿਕਾਇਤ ਲਗਾ ਦਿੱਤੀ ਤੇ ਉਸਨੇ ਅੰਬਰ ਨੂੰ ਆਪਣੇ ਆਫਿਸ ਵਿਚ ਬੁਲਾ ਲਿਆ, "ਮਿਸ ਐਂਬਰ ਵੱਟ ਆਰ ਯੂ ਅਪ ਟੂ?"

ਅੰਬਰ ਭਲਾ ਕਿਹੜੀ ਨਿਆਣੀ ਸੀ ਉਸਨੂੰ ਪਤਾ ਤੇ ਲੱਗ ਗਿਆ ਕਿ ਉਹ ਕੀ ਪੁੱਛ ਰਿਹਾ ਸੀ ਪਰ ਉਹ ਅਣਜਾਣ ਬਣ ਕੇ ਕਹਿਣ ਲੱਗੀ, "ਮਿਸਟਰ ਸਮਿੱਥ ਡਿਡ ਆਈ ਡੂ ਸਮਥਿੰਗ ਰੌਂਗ?"

"ਹਾ ਹਾ ਹਾ...!"

ਪ੍ਰਿੰਸੀਪਲ ਨੇ ਉਸਨੂੰ ਕਿਹਾ ਕਿ ਉਹ ਪੇਰੇਂਟਸ ਨੂੰ ਆਪਣੇ ਕਲਾਸ ਰੂਮ ਵਿਚ ਬਿਠਾ ਕੇ ਸ਼ੋਰ ਮਚਾਉਂਦੀ ਹੈ ਜਿਸ ਨਾਲ ਸਕੂਲ ਦਾ ਡਸਿਪਲਿਨ ਭੰਗ ਹੁੰਦਾ ਹੈ ਇਸ ਲਈ ਉਸਤੇ ਐਕਸ਼ਨ ਲਿਆ ਜਾਵੇਗਾ ਅਤੇ ਜੇ ਉਹ ਨਾ ਹਟੀ ਤਾਂ ਉਸਦੀ ਨੌਕਰੀ ਵੀ ਜਾ ਸਕਦੀ ਹੈ। ਅੰਬਰ ਪਰੇਸ਼ਾਨ ਹੋਈ ਇਕ ਤਾਂ ਨੌਕਰੀ ਜਾਣ ਮਗਰੋਂ ਉਸਦੀ ਆਪਣੀ ਬੇਰੁਜ਼ਗਾਰੀ ਅਤੇ ਦੂਜਾ ਔਰਤਾਂ ਦੇ ਫਿਰ ਡਿਪਰੈਸ਼ਨ ਦੀਆਂ ਸ਼ਿਕਾਰ ਹੋ ਜਾਣ ਦਾ ਡਰ! ਉਸ ਦਿਨ ਉਹ ਸਾਰੀ ਰਾਤ ਸੌਂ ਨਾ ਸਕੀ। ਸੋਚ ਵਿਚਾਰ ਤੋਂ ਬਾਅਦ ਉਸਨੇ ਸਵੇਰੇ ਉਠਦਿਆਂ ਸਕੂਲ ਅਧਿਕਾਰੀਆਂ ਨੂੰ ਇਕ ਚਿੱਠੀ ਲਿਖੀ,

"ਮਾਣਯੋਗ ਪ੍ਰਿੰਸੀਪਲ ਸਾਹਿਬ ਅਤੇ ਸਕੂਲ ਟਰੱਸਟੀ,

ਮੇਰੀ ਕਲਾਸ ਵਿਚ ਜ਼ਿਆਦਾਤਰ ਏਸ਼ੀਅਨ ਬੱਚੇ ਹਨ ਜਿਨ੍ਹਾਂ ਦੀਆਂ ਮਾਵਾਂ ਕੋਲ ਆਪਣੀ ਗੱਡੀ ਨਹੀਂ ਹੈ ਤੇ ਸਾਰੀਆਂ ਬੇਰੁਜ਼ਗਾਰ ਵੀ ਹਨ। ਉਹ ਬੱਚਿਆਂ ਨੂੰ ਸਕੂਲ ਛੱਡਣ ਲਈ ਘਰ ਤੋਂ ਸਕੂਲ ਦੇ ਛੇ ਗੇੜੇ ਮਾਰਦੀਆਂ ਹਨ ਅਤੇ ਥੱਕ ਜਾਂਦੀਆਂ ਹਨ ਇਸ ਲਈ ਉਹ ਮੇਰੇ ਕੋਲ ਬਰੇਕ ਟਾਈਮ ਵਿਚ ਕੁਛ ਸਮਾਂ ਬੈਠ ਜਾਂਦੀਆਂ ਹਨ। ਇਹ ਔਰਤਾਂ ਆਪਣੇ ਦੇਸ਼ ਤੋਂ ਨਵੀਆਂ ਆਈਆਂ ਹਨ, ਅੰਗ੍ਰੇਜ਼ੀ ਜਾਣਦੀਆਂ ਨਹੀਂ, ਅਧਿਆਪਕ ਦਾ ਫਰਜ਼ ਹੈ ਕਿ ਫੁੱਲਾਂ ਦੇ ਨਾਲ ਨਾਲ ਪੌਦੇ ਦੀ ਵੀ ਦੇਖ-ਰੇਖ ਕਰੇ ਅਤੇ ਇਨ੍ਹਾਂ ਨੂੰ ਜੇ ਮੈਂ ਵਿਸਾਰ ਦਿੱਤਾ ਤਾਂ ਮੈਨੂੰ ਪੂਰਾ ਯਕੀਨ ਹੈ ਕਿ ਇਹ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਣਗੀਆਂ ਜਿਸ ਦਾ ਬੁਰਾ ਅਸਰ ਬੱਚਿਆਂ ਦੀ ਮੈਂਟਲ ਹੈਲਥ ਅਤੇ ਕੈਨੇਡਾ ਦੇ ਮੈਡੀਕਲ ਸਿਸਟਮ ਤੇ ਵੀ ਪਵੇਗਾ। ਮੈਂ ਤਾਂ ਇਨ੍ਹਾਂ ਔਰਤਾਂ ਨੂੰ ਡਿਪਰੈਸ਼ਨ ਤੋਂ ਬਚਾ ਰਹੀ ਹਾਂ। ਨਾਲੇ ਅਸੀਂ ਸਿਰਫ ਬਰੇਕ ਟਾਈਮ ਹੀ ਗਾਉਂਦੇ ਹਾਂ ਤੇ ਗਾਉਣਾ ਇਕ ਥੈਰੇਪੀ ਹੈ ਹੁੱਲੜਬਾਜ਼ੀ ਨਹੀਂ। ਮੈਂ ਇਨ੍ਹਾਂ ਨੂੰ ਇਹ ਥੈਰੇਪੀ ਦੇ ਰਹੀ ਹਾਂ। ਹਾਂ! ਜੇਕਰ ਸਕੂਲ ਦੇ ਕਿਸੇ ਕੰਮ ਵਿਚ ਕੋਈ ਕਮੀ ਹੋਵੇ ਤਾਂ ਮੈਨੂੰ ਜਰੂਰ ਤਲਬ ਕੀਤਾ ਜਾਵੇ"

ਗੱਲ ਸਕੂਲ ਬੋਰਡ ਵਿਚ ਵਿਚਾਰੀ ਗਈ ਅਤੇ ਅਖੀਰ ਨੂੰ ਉਹ ਮੰਨ ਗਏ ਕਿ ਅੰਬਰ ਬਰੇਕ ਵਿਚ ਪੇਰੇਂਟਸ ਨਾਲ ਗੱਲ ਬਾਤ ਕਰ ਸਕਦੀ ਸੀ। ਇਕ ਦਿਨ ਢੋਲਕੀ ਵੱਜ ਰਹੀ ਸੀ ਗੀਤ ਗਾਏ ਜਾ ਰਹੇ ਸਨ ਕਿ ਅਚਾਨਕ ਰਜ਼ੀਆ ਵੀ ਆ ਧਮਕੀ। ਉਸਦਾ ਮੂੰਹ ਉਤਰਿਆ ਹੋਇਆ ਸੀ। ਅੰਬਰ ਨੇ ਉਸਨੂੰ ਕਲਾਵੇ 'ਚ ਲੈ ਕੇ ਪੁੱਛਿਆ,

"ਮੇਰੀ ਜਾਨ ਕਿੱਥੇ ਸੀ ਤੂੰ ਇੰਨੇ ਦਿਨ?"

ਸਾਰੀਆਂ ਔਰਤਾਂ ਰਜ਼ੀਆ ਦੇ ਦੁਆਲੇ ਹੋ ਗਈਆਂ ਕੋਈ ਉਸਦੀ ਬਾਂਹ ਫੜ ਰਹੀ ਸੀ, ਕੋਈ ਉਸਦੇ ਮੋਢੇ ਤੇ ਹੱਥ ਰੱਖ ਰਹੀ ਸੀ। ਰਜ਼ੀਆ ਫਿਸ ਪਈ, "ਅੰਬਰ ਮੈਂ ਵੁਮੈਨ ਸ਼ੈਲਟਰ ਵਿਚ ਚਲੀ ਗਈ ਸੀ" ਉਸਨੇ ਕੰਬਦੀ ਆਵਾਜ਼ ਵਿਚ ਕਿਹਾ ਤੇ ਜ਼ਮੀਨ ਤੇ ਬੈਠ ਗਈ। ਸਾਰੀਆਂ ਹੈਰਾਨ ਹੋਈਆਂ। ਕਿਸੇ ਦੇ ਮੂੰਹੋਂ 'ਹਾਇ' ਨਿਕਲਿਆ ਤੇ ਕਿਸੇ ਨੇ ਦੰਦਾਂ ਹੇਠ ਜੀਭ ਦੇ ਲਈ ਤੇ ਕਿਸੇ ਨੇ ਕਿਹਾ ਵੁਮੈੱਨ ਸ਼ੈਲਟਰ?

"ਉਫ਼!" ਅੰਬਰ ਮੱਥੇ ਤੇ ਹੱਥ ਧਰ ਕੇ ਉਸ ਦੇ ਕੋਲ ਹੇਠਾਂ ਹੀ ਬੈਠ ਗਈ ਤੇ ਰਜ਼ੀਆ ਘੱਗੀ ਆਵਾਜ਼ 'ਚ ਦੱਸਣ ਲੱਗੀ,

"ਦੀਦੀ ਇਰਫਾਨ ਦੇ ਅੱਬੂ ਮੈਨੂੰ ਗੱਲ ਗੱਲ ਤੇ ਤਾਹਨੇ ਦਿੰਦੇ ਸੀ, 'ਅਪਨੀ ਸ਼ਕਲ ਦੇਖੀ ਤੁਮਨੇ? ਤੁਮੇਂ ਕੈਨੇਡਾ ਲੈ ਆਇਆ ਹੂੰ। ਮੁਫ਼ਤ ਕਾ ਬੈਠ ਕੇ ਖਾਤੀ ਹੋ ਕੋਈ ਕਾਮ ਧਾਮ ਹੈ ਨਹੀਂ, ਮੈਂ ਸਾਰਾ ਦਿਨ ਦੌੜਾ ਫਿਰਤਾ ਹੂੰ ਔਰ ਮਹਾਰਾਨੀ ਯਹਾਂ ਐਸ਼ ਕਰਤੀ ਹੈ', ਮੇਰੇ ਤੋਂ ਹੋਰ ਨਹੀਂ ਸਹਿ ਹੋਇਆ। ਇਕ ਦਿਨ ਜਦੋਂ ਉਸਨੇ ਮੇਰੇ ਤੇ ਹੱਥ ਚੁੱਕ ਲਿਆ ਤੇ ਮੈਂ ਪੁਲੀਸ ਬੁਲਾ ਲਈ। ਉਨ੍ਹਾਂ ਮੈਨੂੰ ਤੇ ਬੱਚਿਆਂ ਨੂੰ ਸ਼ੈਲਟਰ ਭੇਜ ਦਿੱਤਾ... ਉੱਥੇ ਇਕ ਕਮਰਾ ਵੀ ਮਿਲ ਗਿਆ... ਮੈਂ ਤੁਹਾਡੇ ਵਾਂਗ ਹੋਰ ਪੜ੍ਹਾਈ ਕਰਕੇ ਜੌਬ ਤੇ ਲੱਗਣਾ ਚਾਹੁੰਦੀ ਸਾਂ ਪਰ ਇਰਫਾਨ ਰੋਂਦਾ ਰਹਿੰਦਾ ਸੀ ਕਿ ਅੱਬੂ ਕੋਲ ਜਾਣਾ। ਇਹਨੂੰ ਤਾਂ ਮੈਂ ਕਿਸੇ ਨਾ ਕਿਸੇ ਤਰ੍ਹਾਂ ਵਰਾ ਲੈਂਦੀ ਸੀ ਪਰ ਬੱਚੇ ਦਾਲ-ਰੋਟੀ ਦੇ ਆਦੀ ਹਨ। ਪਾਸਤੇ-ਪੀਜ਼ੇ ਨੂੰ ਮੂੰਹ ਨਹੀਂ ਸਨ ਲਾਉਂਦੇ... ਮੈਂ ਬਹੁਤ ਕੋਸ਼ਿਸ਼ ਕੀਤੀ ਕਿ ਇਹ ਕੈਨੇਡੀਅਨ ਫੂਡ ਖਾਣ ਲਗ ਜਾਣ ਪਰ ਮੇਰੀ ਹਰ ਕੋਸ਼ਿਸ਼ ਬੇਕਾਰ ਗਈ। ਮੈਂ ਸ਼ੈਲਟਰ ਵਾਲਿਆਂ ਦੀ ਵੀ ਮਿੰਨਤ ਕੀਤੀ ਪਰ ਉਹ ਕਹਿੰਦੇ ਕਿ ਸਾਰਿਆਂ ਲਈ ਇੱਕੋ ਜਿਹਾ ਫੂਡ ਬਣਦਾ ਹੈ ਅਸੀਂ ਇਸਨੂੰ ਬਦਲ ਨਹੀਂ ਸਕਦੇ। ਬੱਚੇ ਕਮਜ਼ੋਰ ਹੋ ਰਹੇ ਸਨ ਤੇ ਮੈਂ ਲਾਚਾਰ... ਸੋਚਿਆ ਸੀ ਕਿ ਇਸ ਹੈਂਕੜ ਬਾਜ਼ ਦੇ ਨਾਲ ਮੈਂ ਨਹੀਂ ਰਹਿਣਾ। ਸਹੁੰ ਖਾਧੀ ਸੀ ਕਿ ਉਸਦੀ ਦਹਿਲੀਜ਼ ਤੇ ਪੈਰ ਨਹੀਂ ਧਰਾਂਗੀ ਪਰ ਸਾਰੀ ਗੈਰਤ ਛੱਡ ਕੇ ਬੱਚਿਆਂ ਦੀ ਖਾਤਿਰ ਮੈਨੂੰ ਉਸੇ ਦਰ ਤੇ ਫਿਰ ਆਉਣਾ

ਪਿਆ...” ਉਹ ਇੱਕੋ ਸਾਹੇ ਬੋਲੀ ਗਈ ਅਤੇ ਰੋਈ ਗਈ। ਸਾਰੀਆਂ ਔਰਤਾਂ ਵੀ ਚੁੱਪ ਹੋ ਗਈਆਂ। ਅੰਬਰ ਉੱਠ ਖੜ੍ਹੋਈ ਤੇ ਬੋਲੀ,

“ਪਤੈ ਕਹਾਣੀ ਕੀ ਹੈ? ਸਾਰੀ ਪੈਸੇ ਦੀ ਖੇਡ ਹੈ, ‘ਮਨੀ ਟਾਕਸ, ਮਨੀ’!! ਜੇ ਤੁਸੀਂ ਥੋੜ੍ਹੇ ਬਹੁਤ ਪੈਸੇ ਕਮਾ ਕੇ ਆਪਣੇ ਜੋਗੀਆਂ ਹੋ ਜਾਓ ਤਾਂ ਬਹੁਤ ਸਾਰੀਆਂ ਮੁਸੀਬਤਾਂ ਤੇ ਝਗੜਿਆਂ ਦਾ ਹੱਲ ਹੋ ਸਕਦੈ...”

“ਉਹ ਕਿਵੇਂ ਅੰਬਰ?”

“ਕੱਲ ਨੂੰ ਦੱਸਾਂਗੀ”

ਦੂਸਰੇ ਦਿਨ ਬਰੇਕ ਵਿਚ ਢੋਲਕੀ ਤੇ ਗਾਣੇ ਨਾ ਗਾਏ ਗਏ ਪਰ ਇਕ ਮੀਟਿੰਗ ਕੀਤੀ ਗਈ। ਅੰਬਰ ਨੇ ਸਾਰੀਆਂ ਨੂੰ ਵਾਰੋ-ਵਾਰੀ ਪੁੱਛਿਆ ਕਿ ਉਹ ਕੀ ਕੀ ਕੰਮ ਕਰ ਸਕਦੀਆਂ ਸਨ। ਇਕ ਨੇ ਕਿਹਾ ਉਹ ਬੱਚੇ ਸੰਭਾਲ ਸਕਦੀ ਸੀ, ਦੂਜੀ ਨੇ ਕਿਹਾ ਜੇ ਇਹ ਮੇਰੇ ਬੱਚੇ ਸੰਭਾਲ ਲਵੇ ਤਾਂ ਮੈਂ ਅੱਧਾ ਦਿਨ ਕਿਸੇ ਸਟੋਰ ’ਤੇ ਕੰਮ ਕਰ ਸਕਦੀ ਹਾਂ।

“ਪਰਫੈਕਟ !” ਅੰਬਰ ਬੋਲੀ ਚੱਲੋ ਅੱਗੇ ਹੋਰ ਕੌਣ ਦੱਸੇਗਾ ਆਪਣਾ ਕੰਮ?

“ਅੰਬਰ ਮੈਂ ਖਾਣਾ ਬਹੁਤ ਵਧੀਆ ਬਣਾਉਂਦੀ ਹਾਂ”

“ਠੀਕ ਹੈ ਇੱਥੇ ਕੇਟਰਿੰਗ ਦਾ ਬਹੁਤ ਕੰਮ ਹੈ, ਮੈਂ ਕੁਝ ਲੋਕਾਂ ਨੂੰ ਜਾਣਦੀ ਹਾਂ ਜੋ ਤੁਹਾਨੂੰ ਆਰਡਰ ਦੇ ਦਿਆ ਕਰਨਗੇ। ਪਰ ਇਹ ਇਕੱਲੀ ਦਾ ਕੰਮ ਨਹੀਂ ਕਿਸੇ ਹੋਰ ਦੀ ਮਦਦ ਚਾਹੀਦੀ ਹੈ, ਰੋਜ਼ੀ ਤੂੰ ਕਰੇਂਗੀ ਇਸ ਦੀ ਮਦਦ?”

ਰੋਜ਼ੀ ਮੰਨ ਗਈ, ਸਵਿਤਾ ਨੇ ਕਿਹਾ ਕਿ ਉਹ ਕਾਰ ਚਲਾ ਲੈਂਦੀ ਹੈ ਅਤੇ ਉਹ ਖਾਣਾ ਡਲਿਵਰ ਕਰ ਸਕਦੀ ਹੈ।

ਨਵਨੀਤ ਤੇ ਸੋਨੀਆ ਨੇ ਸ਼ਰਮਾਉਂਦਿਆਂ ਸ਼ਰਮਾਉਂਦਿਆਂ ਕਿਹਾ, “ਦੀਦੀ ਸਾਨੂੰ ਨੱਚਣ-ਗਾਉਣ ਦਾ ਬਹੁਤ ਸ਼ੌਕ ਹੈ ਇੱਥੇ ਲੋਕ ਵਿਆਹਾਂ ਤੇ ਸੰਗੀਤ ਲਈ ਪ੍ਰੋਫੈਸ਼ਨਲਜ਼ ਨੂੰ ਬੁਲਾਉਂਦੇ ਹਨ ਕਿਉਂਕਿ ਅੱਜ ਕੱਲ ਕਿਸੇ ਨੂੰ ਵੀ ਸੁਹਾਗ-ਘੋੜੀਆਂ ਨਹੀਂ ਆਉਂਦੀਆਂ। ਸੱਚੀਂ ਅਸੀਂ ਵਿਆਹ ਦੇ ਸੰਗੀਤ ਕਰਨਾ ਚਾਹੁੰਦੀਆਂ ਹਾਂ, ਹੋ ਸਕਦੈ?

“ਕਿਉਂ ਨਹੀਂ ਹੋ ਸਕਦਾ? ਤੁਹਾਡੇ ਘਰ ਦੇ ਮੰਨ ਜਾਣਗੇ?”


“ਆਪੇ ਮੰਨਣਗੇ ਜਦੋਂ ਖੜਕਦੇ ਡਾਲਰਾਂ ਦੇ ਨੋਟ ਸਾਹਮਣੇ ਵੇਖੇ”

ਸਾਰੀਆਂ ਨੇ ਇਕ ਦੂਜੇ ਨੂੰ ਜੱਫੀਆਂ ਪਾਈਆਂ, ਉਹ ਔਰਤਾਂ ਖੂਬ ਨੱਚੀਆਂ ਗਾਈਆਂ ਤੇ ਇਕ ਨਵੀਂ ਉਮੀਦ ਨਾਲ ਘਰਾਂ ਨੂੰ ਜਾਣ ਲਈ ਤਿਆਰ ਹੋ ਗਈਆਂ। ਅੰਬਰ ਹੱਸ ਕੇ ਉਨ੍ਹਾਂ ਨੂੰ ਵਿਦਾ ਕਰਦੀ ਹੋਈ ਬੋਲੀ,

“ਲਉ ਜੀ! ਤੁਸੀਂ ਸਾਰੀਆਂ ਤਾਂ ਹੋ ਗਈਆਂ ਬਿਜ਼ੀ ਤੇ ਅੰਬਰ ਦੀ ਢੋਲਕੀ ਤਾਂ ਹੋ ਗਈ ਨਾ ਵਿਹਲੀ...!”

**001-416-605-3784**

## ਗ਼ਜ਼ਲ / ਸੁਰਜੀਤ ਸਿੰਘ ਕਾਉਂਕੇ



ਮਨ ਡੁੱਬਦਾ ਤਨ ਤਰਦਾ ਵੇਖ
ਜਾਹਿਦ ਕੀ ਹੈ ਕਰਦਾ ਵੇਖ।

ਲੋਕ ਲਾਜ ਤੋਂ ਡਰਦਾ ਵੇਖ
ਰੱਖਦਾ ਪਾ ਕੇ ਪਰਦਾ ਵੇਖ।

ਲੋਕ ਸੇਵਾ ਦੇ ਨਾਂ ਉੱਤੇ
ਖ਼ੁਦ ਦਾ ਗੱਲਾ ਭਰਦਾ ਵੇਖ।

ਬਾਣ ਚਲਾ ਕੇ ਸ਼ਬਦਾਂ ਦੇ
ਜ਼ਖ਼ਮ ਜਿਗਰ ਤੇ ਕਰਦਾ ਵੇਖ।

ਕਾਗਜ ਦੀ ਜੋ ਬੇੜੀ ਬੈਠਾ
ਡੁੱਬਦਾ ਹੈ ਕਿ ਤਰਦਾ ਵੇਖ।

ਗਲੀ ਯਾਰ ਦੀ ਲੰਘਣ ਵਾਲਾ
ਸੀਸ ਤਲੀ ਤੇ ਧਰਦਾ ਵੇਖ।

ਤਸਵੀਰ ਯਾਰ ਦੀ ਨਜਰੀਂ ਆਊ
ਲਾਹ ਭਰਮ ਦਾ ਗਰਦਾ ਵੇਖ।

ਹੈ ਜੇ ਤਲਬ ਵਸਲ ਦੀ “ਕਾਉਂਕੇ”
ਹੋ ਕੇ ਉਸ ਦੇ ਦਰ ਦਾ ਵੇਖ।

## ਰਵਿੰਦਰ ਕੌਰ ਸੈਣੀ



### ਰਹਿਣ ਦੇ...

ਰਹਿਣ ਦੇ
ਨਾ ਕਰਿਆ ਕਰ ਗੱਲਾਂ
ਬੇ-ਰੰਗੀਆਂ ਜਿਹੀਆਂ
ਕੀ ਲੈਣਾ
ਬਦਲ ਕੇ ਰੰਗ ਅਸਾਂ
ਅਸਲੀ ਰੰਗ ਵਿੱਚ ਹੀ ਰਹਿਣ ਦੇ
ਅੱਜ ਹਾਂ
ਕੱਲ ਦੇ ਸਫ਼ਰ ਦਾ
ਪਤਾ ਨਹੀਂ
ਕਿਉਂ ਨਾ ਫਿਰ ਆ
ਬਾਕੀ ਦੇ ਬਚੇ ਪਲਾਂ ਨੂੰ
ਇੱਕ ਸਾਹ ਵਿੱਚ
ਪਰੋ ਲਈਏ!!

### ਭੁੱਲ ਜਾ..

ਕਹਿੰਦੇ ਭੁੱਲ ਜਾ
ਮਨਫ਼ੀ ਹੋਏ ਸਾਲਾਂ ਨੂੰ
ਕਿਵੇਂ ਭੁੱਲ ਜਾਵਾਂ
ਜ਼ਿੰਦਗੀ ਦੇ ਕੀਮਤੀ
ਉਨ੍ਹਾਂ ਸਾਲਾਂ ਨੂੰ
ਜਿਸ ਵਿੱਚ
ਮੇਰਾ ਬਚਪਨ
ਮਾਂ-ਬਾਪ ਦਾ ਪਿਆਰ
ਉਨ੍ਹਾਂ ਦੀਆ ਯਾਦਾਂ
ਮਨਫ਼ੀ ਹੋਏ
ਸਾਲਾਂ ਵਿੱਚ ਜਮ੍ਹਾਂ ਹਨ!!

### 3. ਰਫ਼ਤਾਰ

ਰਫ਼ਤਾਰ ਦੀ ਜ਼ਿੰਦਗੀ 'ਚੋਂ
ਸਕੂਨ ਦੇ ਦੋ ਪਲ ਮਿਲ ਜਾਣ
ਇੰਨਾਂ ਹੀ ਬਹੁਤ ਹੈ।
ਚੱਲਦੇ ਚੱਲਦੇ
ਥੋੜਾ ਰੁਕਣ ਲਈ
ਘੜੀ-ਕੁ ਵਕਤ ਦਾ
ਸਾਥ ਮਿਲ ਜਾਵੇ
ਐਨਾ ਹੀ ਕਾਫ਼ੀ ਹੈ।
ਗੁਆਚ ਗਿਆ ਹੈ
ਆਪਾ ਜੋ
ਜ਼ਿੰਦਗੀ ਦੀ ਦੌੜ ਵਿੱਚ
ਆਪਣੇ ਆਪ ਨੂੰ ਜਾਨਣ ਲਈ
ਆਪਣਾ ਆਪਾ
ਕੁਝ ਸਮੇਂ ਲਈ ਮਿਲ ਜਾਵੇ
ਐਨਾ ਹੀ ਬਹੁਤ ਹੈ।

## ਮੇਰਾ ਪਿੰਡ / ਕੁਲਵਿੰਦਰ ਵਿਰਕ

ਬੁੱਢਾ ਹੋ ਗਿਆ
ਮੇਰਾ ਪਿੰਡ
ਹੁਣ ਆਖ਼ਰੀ ਸਾਹਾਂ 'ਤੇ ਹੈ...

ਚਿੱਟੀਆਂ ਜ਼ਹਿਰਾਂ ਨੇ
ਬੁੱਢੇ ਪਿੰਡ ਦੇ
ਕਮਜ਼ੋਰ
ਸਰੀਰ ਦੀਆਂ
ਕਾਲੀਆਂ ਨਾੜਾਂ
ਉਭਾਰ ਦਿੱਤੀਆਂ ਨੇ...

ਖਾਲੀ-ਖਾਲੀ ਨੈਣ,
ਕੀ ਦਿਨ ਤੇ ਕੀ ਰੈਣ,
ਕਿਧਰੇ ਹਉਕੇ,
ਕਿਧਰੇ ਵੈਣ...

ਉਂਝ
ਬਹੁਤ ਡੂੰਘੇ
ਉੱਤਰ ਗਏ ਨੇ ਨੀਰ...



ਬੁੱਢੇ ਪਿੰਡ ਕੋਲ
ਸਿਵਾਏ ਯਾਦਾਂ ਦੇ
ਸਰਮਾਏ ਤੋਂ
ਬਚਿਆ ਨਹੀਂ
ਕੁਝ ਕੋਲ
ਨਵੀਆਂ ਨਸਲਾਂ ਨੂੰ
ਦੇਣ ਲਈ ....

ਵੈਸੇ ਵੀ
ਬੁੱਢੇ ਹੋ ਗਏ
ਮੇਰੇ ਪਿੰਡ ਦਾ
ਅੱਧਾ ਪਿੰਡਾ ਤਾਂ
ਪਰਵਾਸ ਕਰ ਗਿਐ...
ਤੇ ਪਰਵਾਸੀ ਹੋ ਗਿਆ ਪੂਰ
ਇਸ ਬੁੱਢੇ ਦੇ ਨੈਣੀ
ਖਾਲੀਪਣ ਤੇ ਕੁਝ
ਅਣਹੋਣੀਆਂ ਧਰ ਗਿਐ...

ਬਾਕੀ ਬਚੇ ਇਸਦੇ
ਅੱਧੇ ਕੁ ਪਿੰਡੇ 'ਤੇ
ਹਮਕੋ, ਤੁਮਕੋ
ਵਾਲਿਆਂ ਨੇ
ਆਪਣਾ ਡੇਰਾ
ਜਮਾ ਲਿਐ,
ਬੁੱਢੇ ਹੋ ਗਏ
ਮੇਰੇ ਪਿੰਡ ਦੇ ਪਿੰਡੇ ਨੂੰ
ਇਹਦੇ ਆਪਣੇ ਹੀ
ਅੰਗਾਂ ਨੇ ਖਾ ਲਿਐ...!

## ਹਿੰਦੀ ਕਵਿਤਾ / ਅਚਨਚੇਤ ਨਾ ਛੱਡੀਂ / ਮਧੂ

**ਅਨੁਵਾਦ: ਕੁਲਵਿੰਦਰ ਚਾਵਲਾ**

ਜਦੋਂ ਮੇਰੇ ਨਾਲ
ਸਬੰਧ ਖਤਮ
ਕਰਨ ਦਾ
ਤੇਰਾ ਮਨ ਹੋਵੇ ਤਾਂ
ਇੱਕ ਹੀ ਝਟਕੇ ਨਾਲ
ਰਿਸ਼ਤਾ ਨਾ ਤੋੜੀਂ।

ਮੇਰੇ ਨਾਲੋਂ ਉਂਝ ਨਾ
ਵਿੱਛੜੀਂ ਜਿਵੇਂ
ਬਹੁਤ ਵੱਡਾ
ਬਰਫ ਦਾ ਤੋਦਾ
ਅਚਾਨਕ ਅੱਡ ਹੋ ਕੇ
ਧੜੱਮ ਕਰਕੇ ਡਿੱਗਦਾ ਹੈ
ਸਮੁੰਦਰ ਵਿੱਚ ..।

ਛੱਡੀਂ ਮੈਨੂੰ ਇੰਝ ਕਿ
ਮੈਨੂੰ ਭਿਣਕ ਤੱਕ ਨਾ ਪਵੇ
ਖ਼ੁਦ ਨੂੰ ਮੇਰੇ ਨੇੜੇ ਤੇੜੇ ਹੋਣ ਦਾ
ਭਰਮ ਬਣਾ ਕੇ ਰੱਖੀਂ ।

ਜੇ ਬਣਾ ਕੇ
ਰੱਖਣਾ ਚਾਹੇਂ ਦੂਰੀ
ਤਾਂ ਇੰਝ ਬਣਾਈਂ
ਜਿਵੇਂ ਮਾਂ
ਧੋਖਾ ਦਿੰਦੀ ਹੈ ਬੱਚੇ ਨੂੰ
ਆਪਣੀ ਸੁਗੰਧ
ਵਾਲੀ ਚੁੰਨੀ ਨਾਲ ਢੱਕ ਕੇ।

ਮੈਨੂੰ ਅਸਮਾਨੀ ਬਿਜਲੀ
ਵਾਂਗ ਨਾ ਛੱਡੀਂ
ਜਿਵੇਂ ਰੁੱਖ ਬਿਲਕੁਲ
ਭੁਲਾ ਦਿੰਦਾ ਹੈ
ਝੜੇ ਪੱਤੇ ਨੂੰ।

ਅਚਨਚੇਤੀ ਆਪਣੇ ਆਪ
ਨਾਲੋਂ ਇੰਝ ਨਾ ਕੱਟੀਂ
ਜਿਵੇਂ ਬ੍ਰਹਮਪੁੱਤਰ ਦਾ ਵਿਸ਼ਾਲ
ਜਲ ਭੰਡਾਰ ਲੈ ਜਾਂਦਾ ਹੈ
ਰੋੜ੍ਹ ਕੇ ਨੇੜਲੇ ਕੰਢਿਆਂ ਨੂੰ।
ਇੰਝ ਨਾ ਜਾਵੀਂ ਮੈਨੂੰ ਛੱਡ ਕੇ
ਜਿਵੇਂ ਕ੍ਰਿਸ਼ਨ
ਗਿਆ ਸੀ ਮਥਰਾ ਤੋਂ
ਬਿਨਾ ਮੁੜ ਕੇ ਤੱਕਿਆਂ।

ਹਟਾਉਣਾ ਹੋਵੇ ਤਾਂ ਕਿਸ਼ਤਾਂ
ਵਿੱਚ ਹੌਲ਼ੀ ਹੌਲ਼ੀ ਹਟਾਈਂ
ਪਹਾੜ ਝਾੜਦਾ ਹੈ
ਮਿੱਟੀ ਦੇ
ਕਣਾਂ ਨੂੰ ਜਿਵੇਂ।
ਨਾ ਵਿੱਛੜੀਂ
ਇੱਕ ਝਟਕੇ ਵਿੱਚ
ਉਵੇਂ ਜਿਵੇਂ ਪਤੰਗ ਜੁਦਾ ਹੋ
ਜਾਂਦੀ ਹੈ ਡੋਰ ਤੋਂ।

ਮੈਨੂੰ ਇੰਝ ਨਾ ਤਿਆਗੀਂ
ਜਿਵੇਂ ਅਸਮਾਨ ਇਕਦਮ
ਛੱਡ ਦਿੰਦਾ ਹੈ ਪਾਣੀ ਦੀਆਂ
ਬੂੰਦਾਂ ਫੱਟੜ ਹੋਣ ਲਈ ।

ਕਰੀਂ ਵਿਛੋੜਾ
ਜਿਵੇਂ ਜ਼ਮੀਨ
ਤਿਆਗਦੀ ਹੈ ਨਦੀ ਨੂੰ
ਜਿਸਨੂੰ ਹਮੇਸ਼ਾ ਭਰਮ ਰਹਿੰਦਾ ਹੈ
ਸ੍ਰੋਤ ਨਾਲ ਜੁੜੇ ਰਹਿਣ ਦਾ...।

ਮੈਨੂੰ ਅਚਨਚੇਤ
ਨਾ ਛੱਡੀਂ.......।



## ਸਰ੍ਹੋਂ / ਪ੍ਰੀਤ ਸੁਜੀਤ



ਬਸੰਤ ਸੀ ਤਾਂ ਕਿਸ ਤਰ੍ਹਾਂ ਸੀ
ਸਰ੍ਹੋਂ ਖਿੜੀ ਹੋਈ
ਦੂਰ-ਦੂਰ ਤੱਕ ਹਵਾ ਵਿੱਚ
ਮਹਿਕ ਉੜੀ ਹੋਈ
ਹੁਣ ਫੁੱਲ ਨੇ ਝੜ ਰਹੇ
ਆਪਣੀ ਮਹਿਕ ਇਕੱਠੀ ਕਰ ਰਹੇ
ਕੁਝ ਦਿਨਾਂ ਤੱਕ
ਸਾਰੇ ਹੀ ਝੜ ਜਾਣਗੇ
ਛੋਟੀ ਜਿਹੀ ਹੁਸੀਨ ਜ਼ਿੰਦਗੀ
ਕੱਟ ਕੇ ਮਰ ਜਾਣਗੇ
ਫਿਰ ਬੂਟਿਆਂ ਉੱਤੇ ਰਹਿ ਜਾਣਗੀਆਂ
ਲੱਗੀਆਂ ਫ਼ਲੀਆਂ
ਹੁਣ ਫ਼ਲੀਆਂ ਸਮਝ ਰਹੀਆਂ ਨੇ
ਆਪਣੇ ਆਪ ਨੂੰ ਕਲੀਆਂ
ਕੁਝ ਦਿਨਾਂ ਤੱਕ ਸੁੱਕਣੀਆਂ
ਬੂਟੇ ਸੰਗ ਫ਼ਲੀਆਂ
ਉਹ ਫ਼ਲੀਆਂ ਜੋ ਸਮਝ ਰਹੀਆਂ ਸੀ
ਆਪਣੇ ਆਪ ਨੂੰ ਕਲੀਆਂ
ਫਿਰ ਵੱਢ -ਵੱਢ ਸਾਰੇ ਜਾੜ
ਸੁੱਟਣੇ ਨੇ ਸੱਥਰ
ਕਿਸੇ ਨਾ ਦੇਖਣੇ ਇਹਨਾਂ ਦੀਆਂ
ਅੱਖਾਂ ਦੇ ਅੱਥਰ
ਸੁੱਕਣ ਤੇ ਫਿਰ ਡੰਡਿਆਂ ਦੇ ਨਾਲ
ਕੁੱਟਿਆ ਜਾਣਾ
ਜਾਂ ਕਿਸੇ ਮਸ਼ੀਨ ਦੇ ਵਿੱਚ
ਸੁੱਟਿਆ ਜਾਣਾ
ਲਓ ਜੀ ਹੁਣ ਨਿਕਲ ਗਏ ਸਰ੍ਹੋਂ ਦੇ ਦਾਣੇ
ਕਈਆਂ ਜਾਣਾ ਕੋਹਲੂ, ਤੇ ਕੁਝ
ਬੀਜਣ ਲਈ ਰੱਖੇ ਜਾਣੇ
ਮੁੱਕ ਗਈ ਹੁਣ ਸਰ੍ਹੋਂ ਦੀ
ਸਾਰੀ ਕਹਾਣੀ ਜੋ ਕਿਸੇ ਵੇਲੇ ਬਣੀ ਸੀ
ਬਸੰਤ 'ਚ ਰਾਣੀ।

## ਪੁਨਰ ਸਿਰਜਿਤ ਰਿਸ਼ਤਿਆ ਦੀ ਕਥਾਕਾਰੀ: ਓੜਕ ਸੱਚ ਰਹੀ / ਡਾ. ਲਖਵੀਰ ਲੇਜ਼ੀਆ

ਰਾਜਬੀਰ ਰੰਧਾਵਾ ਦਾ ਨਾਵਲ 'ਓੜਕ ਸੱਚ ਰਹੀ' ਮੱਧ ਵਰਗੀ ਚੇਤਨਾ ਨਾਲ ਪ੍ਰਨਾਈ ਸਾਡੀ ਸਮਾਜ ਸੱਭਿਆਚਾਰ ਦੀ ਬੁਣਤ ਅਤੇ ਬਣਤਰ ਦੇ ਸਮਕਾਲੀ ਯਥਾਰਥ ਦੀ ਪੇਸ਼ਕਾਰੀ ਕਰਦਾ ਹੈ। ਸਮਕਾਲੀ ਯਥਾਰਥ ਵਿਚਲਾ ਸੱਚ ਵਿਸ਼ਵ ਪੱਧਰ ਉੱਤੇ ਆਰਥਿਕਤਾ ਦੀ ਹੋੜ ਵਿੱਚ ਉਤਪੰਨ ਹੋਈਆਂ ਸੰਕਟ ਮਈ ਸਥਿਤੀਆਂ ਦੀ ਦਾਸਤਾ ਬਿਆਨ ਕਰਦਾ ਹੈ। ਵਿਸ਼ਵ ਦਾ 'ਨਵ-ਉਦਾਰ ਆਰਥਿਕ ਵਿਸ਼ਵੀਕਰਨ' ਅਤਿ ਵਿਕਸਿਤ ਪੂੰਜੀਵਾਦ ਦਾ ਹੀ ਇਕ ਨਵਾਂ ਰੂਪ ਹੈ ਜਿਹੜਾ ਆਪਣੇ ਆਰਥਿਕ ਨਿਯੰਤਰਣ ਅਤੇ ਸੈਨਿਕ ਸ਼ਕਤੀ ਰਾਹੀਂ ਗਰੀਬ, ਪਛੜੇ ਅਤੇ ਵਿਕਾਸਸ਼ੀਲ ਦੇਸ਼ਾਂ ਉੱਤੇ ਆਪਣਾ ਗਲਬਾ ਪਾ ਕੇ ਉਹਨਾਂ ਦਾ ਆਰਥਿਕ ਸ਼ੋਸ਼ਣ ਕਰ ਰਿਹਾ ਹੈ। ਇਸ ਦੇ ਸਿੱਟੇ ਵਜੋਂ ਗਰੀਬ, ਪੱਛੜੇ ਅਤੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਵਿੱਚ ਜੋ ਆਰਥਿਕ ਤੇ ਸਮਾਜਿਕ ਪੱਧਰ ਉੱਤੇ ਵਿਗਾੜ, ਵਿਚਾਲਨ, ਵਿਰੋਧ ਅਤੇ ਬਦ-ਅਮਨੀ ਪੈਦਾ ਹੋਈ ਹੈ ਸਮਕਾਲੀ ਪੰਜਾਬੀ ਨਾਵਲ ਉਸ ਦੇ ਸੱਚ ਨੂੰ ਵੀ ਭਰਮੇ ਰੂਪ ਵਿੱਚ ਨਿਰੂਪਤ ਕਰਦਾ ਹੈ। ਇਹ ਨਾਵਲ ਸਾਡੇ ਸਮਾਜਾਂ ਵਿੱਚ ਪੈਦਾ ਹੋਈ ਵੇਸਵਾ ਸਮੱਸਿਆ, ਸੰਪਰਦਾਇਕਤਾ, ਗਰੀਬੀ, ਬੇਰੋਜ਼ਗਾਰੀ, ਸ਼ਾਸਨ-ਤੰਤਰ ਵਿੱਚ ਨਿਗਾਰ, ਅੱਤਵਾਦ, ਵੱਖਵਾਦ, ਡੇਰਾਵਾਦ, ਰਾਜਸੀ ਨੇਤਾਵਾਂ ਦੇ ਕਿਰਦਾਰ ਦਾ ਦੋਗਲਾਪਨ ਜਾਤ-ਧਰਮ ਤੇ ਇਲਾਕਾ ਰਾਜਨੀਤੀ ਅਤੇ ਰਾਜਸੀ ਤੇ ਪ੍ਰਬੰਧਕੀ ਤੰਤਰ ਵਿੱਚ ਪਸਰ ਰਿਹਾ ਭ੍ਰਿਸ਼ਟਾਚਾਰ, ਕਿਸਾਨੀ ਦੀ ਮੰਦਹਾਲੀ ਅਤੇ ਉਸ ਦੀ ਵਖੇਰ ਪ੍ਰਕਿਰਿਆ ਆਦਿ ਦੇ ਯਥਾਰਥ ਨੂੰ ਵਿਅੰਗ ਅਤੇ ਵਿਡੰਬਣਾ ਦੀਆਂ ਜੁਗਤਾਂ ਰਾਹੀਂ ਉਸ ਦੀ ਸਮੁੱਚਤਾ, ਜਟਿਲਤਾ ਅਤੇ ਗਤੀਸ਼ੀਲਤਾ ਵਿੱਚ ਰੂਪਮਾਨ ਕਰਦਾ ਹੈ। 1 ਅਜਿਹੇ ਦੌਰ ਵਿੱਚ ਹਰ ਬੰਦਾ ਆਪਣੇ-ਆਪ ਨੂੰ ਆਰਥਿਕ ਤੌਰ 'ਤੇ ਮਜਬੂਤ ਬਣਾਉਣ ਲਈ ਦੂਸਰੇ ਦਾ ਸ਼ੋਸ਼ਣ ਹੀ ਨਹੀਂ ਕਰਦਾ, ਸਗੋਂ ਨੈਤਿਕ-ਕਦਰਾਂ ਕੀਮਤਾਂ ਤੋਂ ਲੈ ਕੇ ਪ੍ਰੇਮ ਸੰਬੰਧਾਂ ਤੱਕ ਨੂੰ ਆਪਣੀ ਗਿਰਫਤ ਵਿੱਚ ਲੈਂਦਾ ਹੈ। ਇਸ ਸਥਿਤੀ ਵਿੱਚ ਵਿਵਸਥਾ ਵਿਚਲੇ ਖੋਟ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਇਹ ਨਾਵਲ ਅਜਿਹੇ ਸਮਾਜਿਕ ਯਥਾਰਥ ਦੀ ਸਿਰਜਣਾ ਕਰਦਾ ਹੈ ਜਿਸ ਵਿੱਚ ਵਰਗ ਵੰਡ ਦੇ ਆਧਾਰ ਹੀ ਦ੍ਰਿਸ਼ਟੀਗੋਚਰ ਨਹੀਂ ਹੁੰਦੇ, ਸਗੋਂ ਉਸ ਵਿੱਚ ਕਾਰਜ ਕਰ ਰਹੀਆਂ ਅਜਿਹੀਆਂ ਸੰਸਥਾਵਾਂ ਦਾ ਵੀ ਪਰਦਾ ਪਾਸ਼ ਹੁੰਦਾ ਹੈ ਜਿਹੜੀਆਂ ਆਪਣੇ ਹਿੱਤਾਂ ਲਈ ਮਾਨਵੀ ਸੰਵੇਦਨਾਵਾਂ ਨੂੰ ਵੀ ਢਹਿ-ਢੇਰੀ ਕਰਦੀਆਂ ਹਨ। ਰਚਨਾਕਾਰ ਆਪਣੀ ਕਿਰਤ ਵਿੱਚ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਇਸ ਜੁਗਤ ਨਾਲ ਕਰਦੀ ਹੈ ਕਿ ਉਹ ਯਥਾਰਥਕ ਹੁੰਦੀ ਹੋਈ ਵੀ ਕਲਾਤਮਕ ਬਿੰਬਾਕਾਰੀ 'ਚ ਕਥ-ਮੂਲਕ ਰੂਪ ਰਾਹੀਂ ਪੇਸ਼ ਹੁੰਦੀ ਹੈ। ਇਹ ਨਾਵਲ ਗੁਰਬਾਣੀ ਦੀ ਤੁਕ ਕੂੜ ਨਿਖੁਟੇ ਨਾਨਕਾ ਓੜਕ ਸਚਿ ਰਹੀ ਦੇ ਨਾਮ ਹੇਠ ਪਬਲਿਸ਼ ਹੋਇਆ। ਇਸ ਵਿੱਚ ਨਾਵਲਕਾਰਾਂ ਨੇ ਸੁਚੇਤ ਤੇ ਸੁਜੱਗਤਾਂ ਰਾਹੀਂ ਸਾਡੇ ਸਮਾਜ ਸੱਭਿਆਚਾਰ ਦੀ ਰਹਿੰਦ-ਖੂਹੰਦ ਨੂੰ ਪੇਸ਼ ਕੀਤਾ ਹੈ। ਇਸ ਨਾਵਲ ਵਿੱਚ ਜਾਤੀਵਾਦ ਦੀ ਝੂਠੀ ਹਉਮੈ ਦੀ ਪੇਸ਼ਕਾਰੀ ਇਸ ਜੁਗਤ ਨਾਲ ਕੀਤੀ ਗਈ ਹੈ ਕਿ ਆਪਣੀ ਇੱਛਾ ਨਾਲ ਪ੍ਰੇਮ ਸਬੰਧਾਂ ਵਿੱਚ ਬੱਝੀ ਮਨਮੀਤ ਵਿਆਹ ਕਰਵਾਉਣ ਤੋਂ ਬਾਅਦ ਆਪਣੇ ਮਾਪਿਆਂ ਦੀ ਮਾਣ-ਮਰਿਆਦਾ ਤੇ ਜ਼ਮੀਨ-ਜਾਇਦਾਦ ਦੇ ਲਾਲਚ ਵੱਸ ਉਹ ਆਪਣੀ ਸ਼ਾਦੀਸ਼ੁਦਾ ਜ਼ਿੰਦਗੀ ਹੀ ਖਰਾਬ ਕਰ ਬੈਠਦੀ ਹੈ। ਜਾਤੀਗਤ ਵਿਚਾਰਾਂ ਨਾਲ ਪ੍ਰਨਾਏ ਹੋਏ ਉਸ ਦੇ ਮਾਂ-ਬਾਪ ਸਿਰਫ ਆਪਣੀ ਬੇਟੀ ਦਾ ਹੀ ਭਵਿੱਖ ਖਰਾਬ ਨਹੀਂ ਕਰਦੇ, ਸਗੋਂ ਪ੍ਰੀਤਮ ਜੋ ਕਿ ਉਸ ਦਾ ਪਤੀ ਹੈ ਜਿਸ ਨਾਲ ਉਹ ਪ੍ਰੇਮ ਸਬੰਧ ਵਿੱਚ ਬੱਝੀ ਸੀ, ਉਸ ਨੂੰ ਵੀ ਸੰਤਾਪ ਭੋਗਣ ਲਈ ਮਜ਼ਬੂਰ ਕਰਦੇ ਹਨ।

ਪ੍ਰੀਤਮ ਇਸ ਨਾਵਲ ਵਿੱਚ ਪੜ੍ਹਿਆ-ਲਿਖਿਆ ਪਾਤਰ ਹੈ ਜੋ ਆਪਣੀ ਜੱਟਵਾਦੀ ਹਉਮੈ ਤੋਂ ਉੱਪਰ ਉੱਠ ਕੇ ਰਾਮਗੜੀਆਂ ਦੀ ਲੜਕੀ ਨਾਲ ਆਪਣੇ ਘਰਦਿਆਂ ਦੇ ਵਿਰੋਧ ਵਿੱਚ ਜਾ ਕੇ ਵਿਆਹ ਹੀ ਨਹੀਂ ਕਰਦਾ, ਸਗੋਂ ਉਸ ਨਾਲ ਇੱਕ ਸਫਲ ਜ਼ਿੰਦਗੀ ਬਿਤਾਉਣ ਲਈ ਹਰ ਤਰਾਂ ਦਾ ਸਮਝੌਤਾ ਕਰਨ ਲਈ ਵੀ ਤਿਆਰ ਹੈ। ਵਿਆਹ ਉਪਰੰਤ ਜਦੋਂ ਉਹਨਾਂ ਦੀ ਬੇਟੀ ਫੈਅਰੀ ਦਾ ਜਨਮ ਹੁੰਦਾ ਹੈ ਤਾਂ ਉਸ ਦੇ ਮਾਂ-ਬਾਪ ਉਸ ਨੂੰ ਇਹ ਕਹਿ ਕੇ ਨਾਲ ਲੈ ਜਾਂਦੇ ਹਨ ਕਿ ਉਹ ਇਸ ਦੀ ਦੇਖ-ਭਾਲ ਕਰਨਗੇ। ਇਸ ਸਮੇਂ ਦੌਰਾਨ ਹੀ ਉਹ ਮਨਮੀਨ ਨੂੰ ਪ੍ਰੀਤਮ ਦੇ ਵਿਰੋਧ ਵਿੱਚ ਖੜਾ ਕਰਨ ਲਈ ਆਪਣੀ ਰੂੜੀਗਤ ਤੇ ਕਰੂਰ ਹੋ ਚੁੱਕੀਆਂ ਕਰੂਰਤਾਵਾਂ ਦਾ ਵਾਸਤਾ ਪਾ ਕੇ ਉਸ ਦਾ ਮਨ ਬਦਲਣ ਵਿੱਚ ਸਫਲ ਹੋ ਜਾਂਦੇ ਹਨ। ਸਰੀਰਕ ਲੋੜ ਦੀ ਪੂਰਤੀ ਹਿੱਤ ਆਪਣੇ ਘਰਦਿਆਂ ਤੋਂ ਚੋਰੀ ਮਨਮੀਤ ਪ੍ਰੀਤਮ ਨੂੰ ਹੋਟਲ ਵਿੱਚ ਜਾ ਕੇ ਮਿਲਦੀ ਵੀ ਹੈ ਤੇ ਮਾਪਿਆਂ ਦਾ ਪੱਖ ਵੀ ਪੂਰਦੀ ਹੈ। ਦਹੇਜ ਵਰਗਾ ਇਲਜ਼ਾਮ ਲਾਉਣ ਤੋਂ ਲੈ ਕੇ ਕੋਟ ਕੇਸ ਅਤੇ ਤਲਾਕ ਦੀ ਬਣਦੀ ਰਕਮ ਅਦਾ ਕਰਨ ਦੇ ਬਾਵਜੂਦ ਪ੍ਰੀਤਮ ਸਿਰਫ ਸਰੀਰਕ ਤੇ ਮਾਨਸਿਕ ਸੰਤਾਪ ਹੀ ਨਹੀਂ ਭੋਗਦਾ, ਸਗੋਂ ਆਪਣੀ ਬੇਟੀ ਨੂੰ ਮਿਲਣ ਲਈ ਵੀ ਤਰਸਦਾ ਹੈ। ਵਸਤੂ ਸਥਿਤੀ ਵਿਚਲਾ ਯਥਾਰਥ ਹੈ ਕਿ ਪ੍ਰੀਤਮ ਦਾ ਨਾਂ ਵੀ ਉਸ ਦੀ ਧੀ ਨੂੰ ਨਹੀਂ ਮਿਲਦਾ। ਮਨਮੀਨ ਦਾ ਪਿਤਾ ਗੁਰਦਿਆਲ ਸਿੰਘ ਸਕੂਲ ਵਿੱਚ ਫੈਅਰੀ ਦੇ ਪਿਤਾ ਦੇ ਰੂਪ ਵਿੱਚ ਆਪਣਾ ਨਾਮ ਅੰਕਿਤ ਕਰਵਾਉਂਦਾ ਹੈ। ਤਲਾਕ ਲੈਣ ਸਮੇਂ ਜਦੋਂ ਜੱਜ ਤੇ ਵਕੀਲ ਦੋਵਾਂ ਨੂੰ ਸਮਝਾਉਂਦੇ ਹਨ ਤਾਂ ਇਕ ਵਾਰੀ ਮਨਮੀਨ ਮੰਨ ਵੀ ਜਾਂਦੀ ਹੈ ਪਰ ਫੇਰ ਮਨਮੀਨ ਪ੍ਰੀਤਮ ਨੂੰ ਕਹਿੰਦੀ ਹੈ, ਪ੍ਰੀਤਮ ਤੈਨੂੰ ਨਹੀਂ ਪਤਾ, ਭਾਪੇ ਨੇ ਮੇਰੀ ਬੇਟੀ ਨੂੰ ਆਪਣਾ ਨਾਂ ਦਿੱਤਾ ਹੈ। ਮੇਰਾ ਇੱਕ ਭਰਾ ਆਪਣਾ ਹਿੱਸਾ ਲੈ ਕੇ ਅਲੱਗ ਹੋ ਗਿਆ। ਇੱਕ ਜਿਹੜਾ ਨਸ਼ੇ ਕਰਦਾ ਉਸ ਨੂੰ ਭਾਪੇ ਨੇ ਬੇਦਖਲ

ਕੀਤਾ ਹੈ। ਅਖੀਰ ਇਸ ਘਰ ਵਿੱਚ ਫੈਅਰੀ ਹੈ। ਜਿਸ ਦੇ ਨਾਂ ਦਸ ਕਿੱਲੇ ਜ਼ਮੀਨ ਤੇ ਆਹ ਸ਼ਹਿਰ ਵਾਲੀ ਕੋਠੀ ਹੈ। ਮੈਂ ਮਾਂ ਪਿਓ ਕੋਲ ਜਾਇਦਾਦ ਪਿੱਛੇ ਹੀ ਰਹਿ ਰਹੀ ਹਾਂ। ਮੈਂ ਤੇਰੇ ਨਾਲ ਨਹੀਂ ਰਹਿ ਸਕਦੀ।2 ਜਾਇਦਾਦ ਅਤੇ ਪੈਸੇ ਦੀ ਅੰਨੀ ਹੋੜ ਦੇ ਵੱਸ ਉਹ ਮਨਮੀਤ ਦਾ ਵਿਆਹ ਇੱਕ ਅਮਲੀ ਤੇ ਨਸ਼ੇੜੀ ਵਿਅਕਤੀ ਨਾਲ ਕਰ ਦਿੰਦੇ ਹਨ। ਜਾਤੀਗਤ ਵਖਰੇਵਿਆਂ ਵਿਚਲਾ ਇਹ ਟਕਰਾਅ ਓਦੋਂ ਹੋਰ ਵੀ ਭਿਆਨਕ ਰੂਪ ਧਾਰ ਲੈਂਦਾ ਹੈ ਜਦੋਂ ਮਨਮੀਨ ਦਾ ਅਮਲੀ ਤੇ ਨਸ਼ੇੜੀ ਪਤੀ ਆਪਣੀ ਬੇਟੀ ਫੈਅਰੀ ਨੂੰ ਵੀ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਹੈ।

ਟਾਂਗੇ ਵਾਲਾ ਕਾਲਾ ਪ੍ਰੀਤਮ ਨੂੰ ਵੇਖ ਕੇ ਕਹਿਣ ਲੱਗਾ ਸਰਦਾਰ ਸੁਣੀ ਕੋਈ ਗੱਲ, ਆਹ ਅਮਲੀ ਨੇ ਨਵਾਂ ਚੰਦ ਚਾੜ ਦਿੱਤਾ। ਆਹ ਕੁੜੀ ਨੂੰ ਢਿੱਡੋਂ ਕਰ ਦਿੱਤਾ। ਸਾਡੇ ਇਲਾਕੇ ਵਿੱਚ ਥੂ-ਥੂ ਹੋ ਰਹੀ ਹੈ। ਮੈ ਤਾਂ ਹੱਕਾਂ ਵੱਕਾ ਰਹਿ ਗਿਆ। ਮੇਰੇ ਵਿੱਚ ਬਾਪ ਦਾ ਗੁੱਸਾ ਆ ਗਿਆ। ਕਾਲਾ ਕਹਿਣ ਲੱਗਾ, ਆਹ ਹੁਣ ਗਈਆਂ ਸੀ, ਸਫਾਈ ਕਰਾਉਣ।3

ਬੱਚੇ ਨੂੰ ਜਨਮ ਦੇਣ ਤੋਂ ਬਾਅਦ ਫੈਅਰੀ ਵੀ ਆਪਣੇ ਗੁਆਢੀਂ ਜੱਟਾਂ ਦੇ ਮੁੰਡੇ ਨਾਲ ਘਰੋਂ ਭੱਜ ਜਾਂਦੀ ਹੈ।

ਪ੍ਰੀਤਮ ਦੀ ਭੈਣ ਪਿੰਕੀ ਦਾ ਵਿਆਹ ਇੱਕ ਐਨ.ਆਰ.ਆਈ ਲੜਕਾ ਜੋ ਕਿ ਅਮਰੀਕਾ ਵਿੱਚ ਰਹਿੰਦਾ ਹੈ ਨਾਲ ਹੋ ਜਾਂਦਾ ਹੈ। ਅਮਰੀਕਾ ਦੇ ਝਾਂਸੇ ਵਿੱਚ ਆ ਕੇ ਪ੍ਰੀਤਮ ਦਾ ਪਰਿਵਾਰ ਆਪਣੀ ਜ਼ਮੀਨ ਵੇਚ ਕੇ ਵੀ ਉਹਨਾਂ ਦੀ ਸੋਨੇ ਦੀ ਮੰਗ ਪੂਰੀ ਕਰਨ ਵਾਸਤੇ ਮਜ਼ਬੂਰ ਹੈ। ਪਿੰਕੀ ਜੋ ਕਿ ਐਮ.ਏ. ਕਮਿਸਟਰੀ ਸੀ ਅਤੇ ਪ੍ਰਾਈਵੇਟ ਸਕੂਲ ਵਿੱਚ ਨੌਕਰੀ ਕਰਦੀ ਸੀ ਪਰ ਵਿਦੇਸ਼ ਜਾਣ ਦੀ ਜਿੱਦ ਨੇ ਉਸ ਦੀ ਜ਼ਿੰਦਗੀ ਨਰਕ ਬਣਾ ਦਿੱਤੀ। ਉਹ ਲੋਕ ਪੈਸਾ ਤੇ ਸੋਨਾ ਲੈ ਕੇ ਚਲੇ ਗਏ ਤੇ ਪਿੰਕੀ ਰੋਂਦੀ ਵਾਪਸ ਆਈ। ਪਿੰਕੀ ਦਾ ਘਰ ਵਾਲਾ ਪਰਵੀਨ ਉਸ ਨੂੰ ਏਅਰਪੋਰਟ ਉੱਤੇ ਇਹ ਕਹਿ ਰਿਹਾ ਸੀ , ਮੈਂ ਅੱਧਾ ਘੰਟਾ ਪਹਿਲਾਂ ਜਾਂਦਾ ਹਾਂ ਕਿਉਂਕਿ ਮੇਰੀ ਸੀਟ ਬੁੱਕ ਹੈ ਤੂੰ ਮੇਰੇ ਤੋਂ ਬਾਅਦ ਵਾਲੇ ਜਹਾਜ ਵਿੱਚ ਅੱਧਾ ਘੰਟਾ ਮਗਰੋਂ ਚੜੀ।4

ਪ੍ਰੀਤਮ ਆਪਣੇ ਆਪ ਨੂੰ ਬੇਸਹਾਰਾ ਮਹਿਸੂਸ ਕਰਦਾ। ਠੱਗਿਆ ਠੱਗਿਆ ਮਹਿਸੂਸ ਕਰਦਾ। ਮੈਨੂੰ ਤਾਂ ਔਰਤ ਹੁਣ ਡੈਣ ਲੱਗਦੀ। ਚੁੜੇਲ ਲੱਗਦੀ। ਜੋ ਹੌਲੀ-ਹੌਲੀ ਸਿਉਂਕ ਬਣ ਕੇ ਬੰਦੇ ਨੂੰ ਖਾ ਜਾਂਦੀ ਹੈ।5 ਦੂਜੇ ਪਾਸੇ ਆਪਣੀ ਭੈਣ ਪਿੰਕੀ ਬਾਰੇ ਸੋਚਦਾ ਤਾਂ ਬਹੁਤ ਦੁਖੀ ਹੁੰਦਾ ਜਿੰਨਾ ਕੋਈ ਵੱਡਾ ਹੁੰਦਾ ਉਨੀ ਹੀ ਵੱਡੀ ਠੱਗੀ ਮਾਰਦਾ ਹੈ। ਪਿੰਕੀ ਵੀ ਡਿਪਰੈਸ਼ਨ ਵਿੱਚ ਚਲੀ ਗਈ ਸੀ।6 30 ਲੱਖ ਦਾ ਪਿੰਕੀ ਦੇ ਆਦਮੀ ਨੇ ਸਾਡੇ ਘਰ ਦਾ ਸੋਨਾ ਲੁੱਟਿਆ ਤੇ 15 ਲੱਖ ਦੇ ਕਰੀਬ ਮਨਮੀਤ ਦੇ ਪਿਓ ਨੇ ਮੈਨੂੰ ਲੁੱਟਿਆ। ਬਹੁਤ ਚੰਗੀ ਔਰਤਾਂ ਹੁੰਦੀਆਂ ਨੇ ਜੋ ਆਦਮੀ ਦਾ ਸਿਰ ਆਪਣੀ ਮਿਹਨਤ ਨਾਲ ਉੱਚਾ ਕਰਦੀਆਂ ਹਨ ਪਰ ਅਸੀਂ ਤਾਂ ਐਵੇਂ ਭੈਣ-ਭਰਾ ਡਿੱਗ ਹੀ ਪਏ।7 ਪ੍ਰੀਤਮ ਲਈ ਹੁਣ ਹੋਰ ਚੁਨੌਤੀਆਂ ਖੜੀਆਂ ਹੋ ਗਈਆਂ। ਨੌਕਰੀ ਕੋਈ ਮਿਲ ਨਹੀਂ ਸੀ ਰਹੀ। ਵਿਆਹ ਵੀ ਹੁਣ ਚੰਗੀ ਥਾਂ ਨਹੀਂ ਸੀ ਹੋ ਰਿਹਾ। ਇੱਕ ਵਾਰ ਜ਼ਿੰਦਗੀ ਵਿੱਚ ਚੜਦੀ ਜਵਾਨੀ ਵਿੱਚ ਬੱਜ ਲੱਗ ਜਾਵੇ ਤਾਂ ਕੰਮ ਸਾਰੇ ਕਸੂਤੇ ਹੋ ਜਾਂਦੇ ਨੇ।8

ਪ੍ਰੀਤਮ ਦਾ ਇਹ ਦੁਖਾਂਤ ਵਿਅਕਤੀਗਤ ਨਹੀਂ, ਸਗੋਂ ਸੰਸਕ੍ਰਿਤਿਕ ਸੰਸਕਾਰਾਂ ਵਿੱਚ ਜਕੜੀ ਮੱਧ ਵਰਗੀ ਚੇਤਨਾ ਦਾ ਸੱਚ ਹੈ ਜਿਹੜਾ ਉਹਨਾਂ ਨੂੰ ਵਿਡੰਬਨਾ ਵਿਚਲਾ ਸੰਤਾਪ ਭੋਗਣ ਲਈ ਮਜ਼ਬੂਰ ਕਰਦਾ ਹੈ। ਆਰਥਿਕਤਾ ਦੇ ਇਸ ਦੌਰ ਵਿੱਚ ਸਤਿੰਦਰ ਵੀ ਇਸ ਦੀ ਸ਼ਿਕਾਰ ਹੁੰਦੀ ਹੈ। ਜਦੋਂ ਉਸ ਦੇ ਮਾਂ ਬਾਪ ਕੇਵਲ ਜ਼ਮੀਨ-ਜਾਇਦਾਦ ਵੇਖ ਕੇ ਸਤਿੰਦਰ ਦਾ ਵਿਆਹ ਇੱਕ ਅਜਿਹੇ ਐਨ.ਆਰ.ਆਈ. ਲੜਕੇ ਨਾਲ ਕਰਨ ਲਈ ਮਜਬੂਰ ਹੋ ਜਾਂਦੇ ਹਨ। ਸਤਿੰਦਰ ਦੇ ਮਾਂ ਬਾਪ ਵੀ ਐਨ.ਆਰ.ਆਈ. ਦੇ ਝਾਂਸੇ ਵਿੱਚ ਆ ਕੇ 40 ਲੱਖ ਰੁਪਇਆ ਖਰਚ ਕਰਕੇ ਵੀ ਆਪਣੀ ਬੇਟੀ ਦੀ ਜ਼ਿੰਦਗੀ ਸਵਾਰ ਨਹੀਂ ਸਕੇ। ਜਦੋਂ ਪ੍ਰੀਤਮ ਸਤਿੰਦਰ ਨੂੰ ਪੁੱਛਦਾ ਹੈ ਫਿਰ ਵੀ ਕੀ ਗੱਲ ਹੈ ਤੁਸੀਂ ਦੱਸੋ ਤਾਂ ਸਹੀ ਸਤਿੰਦਰ ਦੱਸਦੀ ਹੈ,

ਮਾਪਿਆਂ ਨੂੰ ਮੇਰਾ ਵਿਆਹ ਅਮਰੀਕਾ ਦੇ ਮੁੰਡੇ ਨਾਲ ਕਰਨ ਦਾ ਚਾਅ ਲੈ ਬੈਠਾ। ਬੜੀ ਧੂਮਧਾਮ ਨਾਲ ਵਿਆਹ ਕੀਤਾ। ਜੋ ਉਹਨਾਂ ਮੰਗਿਆ ਉਹੀ ਦਿੱਤਾ। 40 ਲੱਖ ਰੁਪਿਆ ਲਾ ਦਿੱਤਾ। ਮਹੀਨਾ ਆ ਕੇ ਮੇਰੇ ਕੋਲ ਰਹਿ ਗਿਆ ਤੇ ਆਹ ਤੋਹਫਾ ਮੈਨੂੰ ਦੇ ਗਿਆ ,ਰੀਨਾ। ਬਸ ਫਿਰ ਕੀ ਸੀ। ਅੱਜ ਤੱਕ ਕੋਈ ਉੱਗ-ਸੁੱਗ ਨਹੀਂ ਪਤਾ ਲੱਗੀ। ਪੁਲਿਸ ਦੇ ਪਰਚਾ ਦਰਜ ਕਰਵਾਇਆ। ਉਨਾਂ ਖਿਲਾਫ ਕੇਸ ਚੱਲ ਰਿਹਾ ਕਚਹਿਰੀ 'ਚ। ਜਿਸ ਟਿਕਾਣੇ ਉੱਤੇ ਉਹਨਾਂ ਸਾਨੂੰ ਦੱਸਿਆ ਸੀ ਘਰ ਦਾ ਪਤਾ ਉੱਥੇ ਸੰਮਣ ਜਾਂਦੇ। ਕੋਈ ਰਿਸੀਵ ਹੀ ਨਹੀਂ ਕਰਦਾ। ਮੇਰੇ ਮਾਤਾ-ਪਿਤਾ ਮੇਰੇ ਤੋਂ ਵੀ ਸ਼ਰਮਿੰਦਾ ਹੁੰਦੇ ਹਨ ਕਿ ਅਸੀਂ ਅਮਰੀਕਾ ਘੱਲਣ ਦੇ ਚਾਅ ਵਿੱਚ ਕੁੜੀ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ।9

ਰਾਜਬੀਰ ਰੰਧਾਵਾ ਨੇ ਇਸ ਨਾਵਲ ਵਿੱਚ ਜ਼ਮੀਨ-ਜਾਇਦਾਦ ਦੇ ਲੋਭ ਤੇ ਲਾਲਚ ਵਿੱਚ ਗਲਤਾਨ ਮੱਧ ਵਰਗੀ ਸ਼੍ਰੇਣੀ ਨੂੰ ਡੰਝੋੜਿਆ ਹੈ। ਇਸ ਨਾਵਲ ਵਿੱਚ ਟੁੱਟ-ਭੱਜ ਚੁੱਕੇ ਰਿਸ਼ਤਿਆਂ ਦੀ ਦਾਸਤਾਂ ਬਿਆਨ ਕੀਤੀ ਗਈ ਹੈ ਜਿਸ ਦੇ ਸੰਤਾਪ ਦੀ ਵਧੇਰੇ ਕਰਕੇ ਭੋਗਣਹਾਰ ਔਰਤ ਬਣਦੀ ਹੈ। ਪਰਿਵਾਰ ਵੱਲੋਂ ਲੋਭ ਤੇ ਲਾਲਚ ਵੱਸ ਅਮੀਰ ਘਰਾਂ ਵਿੱਚ ਲੜਕੀਆਂ ਨੂੰ ਵਿਆਹੁਣ ਦੀ ਲਾਲਸਾ ਉਹਨਾਂ ਦੀ ਜ਼ਿੰਦਗੀ ਨਾਲ ਖਿਲਵਾੜ ਕਰਦੀ ਹੈ। ਇਹ ਲਾਲਸਾ ਐਨ.ਆਰ.ਆਈ. ਲੜਕੇ ਪ੍ਰਤੀ ਹੋਵੇ ਜਾਂ ਫਿਰ ਇਧਰ ਰਹਿਣ ਵਾਲੇ ਰੱਜੇ-ਪੁੱਜੇ ਅਮੀਰ ਖਾਨਦਾਨ ਹੀ ਕਿਉਂ ਨਾ ਹੋਣ। ਪਿੰਕੀ ਤੇ ਸਤਿੰਦਰ ਦਾ ਘਰ ਇਸ ਕਰਕੇ ਉਜੜਦਾ ਹੈ ਕਿਉਂਕਿ ਉਹ ਐਨ.ਆਰ.ਆਈ. ਦੇ ਝਾਂਸੇ ਵਿੱਚ ਆ ਕੇ ਮਾਪਿਆਂ ਵੱਲੋਂ

ਸਹੇੜੇ ਵਰ ਨਾਲ ਵਿਆਹ ਕਰਨ ਲਈ ਮਜ਼ਬੂਰ ਹਨ। ਅਮਨ ਤੇ ਨੀਨਾ ਇਧਰ ਵੱਸਦੇ ਰੱਜੇ-ਪੁੱਜੇ ਪਰਿਵਾਰਾਂ ਵਿੱਚ ਵਿਆਹ ਕਰਵਾ ਕੇ ਵੀ ਤਲਾਕ ਦਾ ਸੰਤਾਪ ਹੀ ਨਹੀਂ ਭੋਗਦੀਆਂ, ਸਗੋਂ ਆਪਣੀ ਹੀ ਕੁੱਖ ਵਿਚੋਂ ਅਣਚਾਹੇ ਬੱਚੇ ਦੀ ਪਰਵਰਿਸ਼ ਕਰਨ ਲਈ ਵੀ ਮਜ਼ਬੂਰ ਹਨ। ਔਰਤ ਦੀ ਇਹ ਸਥਿਤੀ ਉਸ ਨੂੰ ਇਹ ਸੰਤਾਪ ਭੋਗਣ ਲਈ ਮਜਬੂਰ ਕਰਦੀ ਹੈ। ਜਿਸ ਸਮੇਂ ਅਮਨ ਦਾ ਤਲਾਕ ਹੁੰਦਾ ਹੈ ਤਾਂ ਉਸ ਦਾ ਸਹੁਰਾ ਜੱਜ ਨੂੰ ਕਹਿੰਦਾ ਹੈ, ਮੈਡਮ ਸਾਹਿਬਾ ਉੱਪਰ ਲਿਖ ਦਿਓ ਕਿ ਬੱਚਾ ਸਾਡੀ ਕਿਸੇ ਜਾਇਦਾਦ ਹੱਕਦਾਰ ਨਹੀਂ ਹੋਵੇਗਾ। ਜੱਜ ਉਸ ਨੂੰ ਪੈ ਗਈ, ਕੀ ਗੱਲ, ਤਲਾਕ ਇਹਨਾਂ ਦੋਹਾਂ ਜੀਆਂ ਦਾ ਹੋਇਆ ਹੈ। ਨਾ ਕਿ ਪਿਓ ਪੁੱਤਰ ਦਾ। ਬੱਚਾ ਬਕਾਇਦਾ ਆਪਣੇ ਬਾਪ-ਦਾਦੇ ਦੀ ਜਾਇਦਾਦ ਦਾ ਵਾਰਸ ਹੋਵੇਗਾ। ਇਸ ਉਪਰੰਤ ਅਮਨ ਦਾ ਫੁਫੜ ਉਸਨੂੰ ਕਹਿੰਦਾ ਹੈ, "ਪੁੱਤ ਅਮਨ, ਮੇਰੀਆਂ ਅੱਖਾਂ ਧੋਖਾ ਦੇ ਗਈਆਂ, ਮੈਂ ਘਰ ਤੇ ਪੈਸਾ ਵੇਖਿਆ।"10

ਵਿਸ਼ਵ ਵਿਆਪੀ ਵਰਤਾਰੇ ਦੇ ਵਰਗ ਸੰਘਰਸ਼ ਦੀ ਇਹ ਦਾਸਤਾ ਕੇਵਲ ਔਰਤ ਹੀ ਨਹੀਂ ਹੰਢਾਉਂਦੀ, ਸਗੋਂ ਇਸ ਦਾ ਭੋਗਣਹਾਰ ਪ੍ਰੀਤਮ ਵਰਗਾ ਪੁਰਸ਼ ਵੀ ਬਣਦਾ ਹੈ। ਸਮਾਜਿਕ ਵਿਵਸਥਾ ਵਿਚਲੇ ਅਜਿਹੇ ਘਿਨਾਉਣੇ ਸੱਚ ਦਾ ਸੰਤਾਪ ਪੁਰਸ਼ ਨੂੰ ਵੀ ਸਰੀਰਕ ਅਤੇ ਮਾਨਸਿਕ ਪੱਧਰ 'ਤੇ ਝੱਲਣਾ ਪੈਂਦਾ ਹੈ। ਵਾਸਤਵ ਵਿੱਚ ਖੋਟ ਵਿਅਕਤੀਗਤ ਸੰਬੰਧਾਂ ਵਿੱਚ ਉਭਰਦੀ ਦਿਖਦੀ ਹੈ, ਪ੍ਰੰਤੂ ਇਸ ਦਾ ਪਸਾਰਾ ਵਿਵਸਥਾ ਵਿਚਲੀਆਂ ਕਰੂਰਤਾਵਾਂ ਵਿੱਚ ਉਲਝਿਆ ਪਿਆ ਹੈ। ਇਸ ਦੇ ਪ੍ਰਭਾਵ ਤੋਂ ਬਚ ਸਕਣਾ ਅਸੰਭਵ ਨਹੀਂ, ਸਗੋਂ ਚੇਤਨਾ ਦੀ ਪੱਧਰ ਉੱਤੇ ਇਸ ਨਾਲ ਸੰਪੂਰਨ ਰੂਪ ਵਿੱਚ ਨਿਪਟਿਆ ਜਾ ਸਕਦਾ ਹੈ। ਇਸ ਬਿਰਤਾਂਤ ਦੀ ਸਿਰਜਣਕਾਰੀ ਵਿੱਚ ਗਲਪੀ-ਵਿਵੇਕ ਨੂੰ ਸੰਜੀਦਗੀ ਨਾਲ ਉਭਾਰਿਆ ਗਿਆ ਹੈ। ਰਚਨਾਕਾਰ ਦੀ ਸੰਵੇਦਨਸ਼ੀਲਤਾ ਉਸ ਦੀ ਬੌਧਿਕਤਾ ਦਾ ਪੱਲਾ ਨਹੀਂ ਛੱਡਦੀ, ਸਗੋਂ ਸਮੱਸਿਆ ਵਿੱਚੋਂ ਹੀ ਸਮਾਧਾਨ ਦੀ ਜੁਗਤ ਪੇਸ਼ ਕਰਦੀ ਹੈ। ਸਤਿੰਦਰ ਦਾ ਆਪਣੇ ਦਿਉਰ ਜੀਵਨ ਦਾ ਘਰ ਵਸਾਉਣ ਦਾ ਉਪਰਾਲਾ ਵੀ ਉਸ ਦੇ ਗਲਪੀ-ਵਿਵੇਕ ਵਿੱਚੋਂ ਜਨਮ ਲੈਂਦਾ ਹੈ। ਇਸ ਲਈ ਉਹ ਪ੍ਰੀਤਮ ਦੇ ਘਰ ਦੀ ਸਾਰੀ ਜਿੰਮੇਵਾਰੀ ਨੂੰ ਬਾਖੂਬੀ ਨਿਭਾਉਂਦੀ ਹੈ। ਜਦੋਂ ਉਸ ਦੇ ਸਕੂਲ ਦੀ ਵਰਕਰ ਬਲਵਿੰਦਰ ਉਸ ਨੂੰ ਉਸ ਦੇ ਦਿਓਰ ਲਈ ਰਿਸ਼ਤੇ ਦੀ ਗੱਲ ਦੱਸਦੀ ਹੈ ਤੇ ਜਾਤ ਬਾਰੇ ਗੱਲ ਕਰਦੀ ਹੋਈ ਕਹਿੰਦੀ ਹੈ ਕਿ, ਮੈਡਮ ਉਹ ਤੁਹਾਡੀ ਜਾਤ ਦੀ ਨਹੀਂ ਹੈ ਤਾਂ ਸਤਿੰਦਰ ਉਸ ਨੂੰ ਕਹਿੰਦੀ ਹੈ, ਨੀ ਬਲਵਿੰਦਰ ਕੀ ਲੈਣਾ ਜਾਤਾਂ ਵਿੱਚੋਂ। ਇੰਨਾ ਪੜ੍ਹ ਲਿਖ ਕੇ ਵੀ ਇਹੋ ਨਿਨਵੇ ਕੱਢਣੇ ਨੇ ਤਾਂ ਫਿਰ ਪਿੱਛੇ ਹੀ ਪੈਣਾ। ਕਾਹਦੀ ਤਰੱਕੀ ਕਰਨੀ। ਮੈਂ ਨਹੀਂ ਕਦੇ ਇੰਨਾਂ ਸੋਚਿਆ। ਕੰਮ ਹੋਣਾ ਚਾਹੀਦਾ।11

ਔਰਤ ਹੋਣ ਦੇ ਦੁਖਾਂਤ ਨੂੰ ਝੱਲ ਚੁੱਕੀ ਸਤਿੰਦਰ ਜਦੋਂ ਮਨਮੀਨ ਨੂੰ ਵੀ ਆਪਣੇ ਨਾਲ ਹੀ ਰੱਖਣ ਲਈ ਤਿਆਰ ਹੋ ਜਾਂਦੀ ਹੈ ਤਾਂ ਇਹ ਉਸ ਦੀ ਲੋੜ ਵੀ ਹੈ ਅਤੇ ਉਸ ਪ੍ਰਤਿ ਹਮਦਰਦੀ ਵੀ ਪ੍ਰਗਟ ਕਰਦੀ ਹੈ।

ਸਤਿੰਦਰ ਪ੍ਰੀਤਮ ਨਾਲ ਸਲਾਹਾਂ ਕਰਨ ਲੱਗੀ, ਉੱਥੇ ਮਨਵੀਨ ਹੁਣ ਇਕੱਲੀ ਕੋਠੀ ਵਿੱਚ ਕੀ ਕਰਦੀ ਹੈ। ਫੈਅਰੀ ਦਾ ਮੁੰਡਾ ਪਾਓ ਕਾਲਜ ਇੱਥੇ ਪਠਾਨਕੋਟ। ਆਹ ਦੇਖ ਐਸ.ਡੀ. ਕਾਲਜ ਸਾਡੇ ਲਾਗੇ। ਭੈਣ ਨੂੰ ਤੇ ਕਾਕੇ ਨੂੰ ਇੱਥੇ ਲੈ ਆਈਏ। ਹੁਣ ਆਪਾਂ ਪਠਾਨਕੋਟ ਹੀ ਕੋਠੀ ਵਿੱਚ ਰਹਿਣਾ। ਪ੍ਰੀਤਮ ਕਹਿੰਦਾ ਹੈ ਸਤਿੰਦਰ ਗੱਲ ਤਾਂ ਤੇਰੀ ਸੋਲਾਂ ਆਨੇ ਸੱਚ ਹੈ ਪਰ ਮਨਮੀਨ ਨੇ ਆਪਣੀ ਸਾਰੀ ਜਵਾਨੀ ਖਰਾਬ ਕੀਤੀ। ਇਸ ਕੋਠੀ ਜ਼ਮੀਨ ਪਿੱਛੇ। ਮੈਨੂੰ ਛੱਡ ਦਿੱਤਾ। ਗੰਦੇ ਆਦਮੀ ਨਾਲ ਸ਼ਾਦੀ ਕੀਤੀ ਉਸ ਦੇ ਬਾਪ ਨੇ, ਅਖੇ ਸਾਡੀ ਜਾਤ ਬਰਾਦਰੀ ਦਾ ਹੈ। ਉਹਦੀ ਕਰਤੂਤ ਮੈਂ ਤੈਨੂੰ ਪਹਿਲਾਂ ਦੱਸ ਚੁੱਕਾ ਹਾਂ। ਆਹ ਤਾਂ ਫੈਅਰੀ ਦਾ ਘਰ ਵਾਲਾ ਅਕਲ ਵਾਲਾ ਨਿਕਲਿਆ ਜੀਹਨੇ ਮੇਰੇ ਬਾਰੇ ਸੋਚਿਆ।12

ਪਰ ਪ੍ਰੀਤਮ ਆਪਾਂ ਹਰ ਹੀਲੇ ਮਨਮੀਨ ਨੂੰ ਮਨਾਉਣਾ ਹੈ। ਆਪਾਂ ਦੋਵੇਂ ਕਮਾ ਰਹੇ ਹਾਂ। ਨੌਕਰਰਾਣੀ ਰੱਖੀ ਹੈ। ਘਰ ਦੀ ਸੁਪਰਵਿਜ਼ਨ ਲਈ ਮਨਮੀਨ ਭੈਣ ਤੋਂ ਜ਼ਿਆਦਾ ਹੋਰ ਕੋਈ ਨਹੀਂ ਹੋ ਸਕਦਾ। ਆਪਾਂ ਉਹਦੇ ਮੁੰਡੇ ਨੂੰ ਵੀ ਕਾਲਜ ਦਾ ਖਰਚਾ ਦਿਆਂਗੇ। ਸੋਚ ਪ੍ਰੀਤਮ ਜ਼ਮਾਨੇ ਦੇ ਨਾਲ ਚੱਲੀਦਾ। ਠੀਕ ਹੈ ਮਨਮੀਨ ਦੇ ਬਾਪ ਨੇ ਆਪਣੀ ਸੋਚ ਵਰਤੀ। ਆਪਾਂ ਦੇਖਣਾ ਤੀਰ ਕਿੱਥੇ ਵੱਜਣਾ। ਨਿਸ਼ਾਨਾ ਸਾਹਮਣੇ ਹੈ। ਤੂੰ ਘਬਰਾ ਨਾ। ਮੈਂ ਮਨਮੀਨ ਨੂੰ ਮਨਾ ਲੈਣਾ।13

ਪ੍ਰੀਤਮ ਇਹ ਗੱਲ ਹੁਣ ਮੇਰੇ ਉੱਤੇ ਰਹਿਣ ਦੇ। ਅੱਗੋਂ ਵੀ ਸੋਚ ਹੁਣ। ਰੀਨਾ ਹੋ ਗਈ ਦਸਵੀਂ ਵਿੱਚ ਤੇ ਕਾਕਾ ਗਿਆਰਵੀਂ ਵਿੱਚ। ਇਸ ਨੇ ਵੀ ਅਮਰੀਕਾ ਜਾਣਾ ਭੈਣ ਮਨਮੀਨ ਨਾਲ ਤੇ ਆਪਾਂ ਕਮਲੇ ਹੀ ਰਹਿਣਾ ਆਕੜ ਵਿੱਚ ਬੈਠੇ ਰਹੀਏ। ਫੈਅਰੀ ਦਾ ਲੜਕਾ ਹੈ ਤਾਂ ਤੇਰਾ ਦੋਹਤਾ ਹੀ। ਖੂਨ ਦਾ ਰਿਸ਼ਤਾ ਹੈ। ਤੂੰ ਤੇ ਮਨਮੀਨ ਨੇ ਵੀ ਜਾਣਾ, ਕਾਕੇ ਨੇ ਵੀ ਤੇ ਮਗਰ ਰਹਿ ਗਈ।.......... ਮੈਂ ਇੰਝ ਤੇ ਇੰਝ ਹੀ ਸਹੀ। ਆਪਾਂ ਹੁਣ ਸੋਚ ਕੇ ਰੀਨਾ ਦਾ ਰਿਸ਼ਤਾ ਕਰਨਾ ਕਾਕੇ ਨਾਲ। ਕਾਕਾ ਜਾਏਗਾ ਅਮਰੀਕਾ। ਕਾਕੇ ਤੇ ਰੀਨਾ ਨੂੰ ਬੁਲਾਉਣਾ ਮੈਨੂੰ ਤੇ ਨਿੱਕੇ ਵੀਰ ਨੂੰ ਕਿਉਂਕਿ ਰੀਨਾ ਉਹਨਾਂ ਗੋਦ ਲਈ ਹੈ। ਇੱਥੇ ਇੰਡੀਆ ਵਿੱਚ ਬਹੁਤ ਮਾੜੀ ਹਾਲਤ ਹੋ ਗਈ ਹੈ। ਪੈਸੇ ਕਮਾਉਣੇ ਬਹੁਤ ਔਖੇ ਹੋ ਗਏ ਨੇ। ਅਗਾਂਹ ਕੋਈ ਨੌਕਰੀ ਨਹੀਂ ਮਿਲਣੀ ਸਾਡੇ ਬੱਚਿਆਂ ਨੂੰ। ਕਾਕਾ ਤਾਂ ਦੋ ਤਿੰਨ ਸਾਲ ਤੱਕ ਫੈਅਰੀ ਨੇ ਲੈ ਜਾਣਾ। ਹੁਣ ਗੱਲ ਇਹ ਬਣਦੀ ਹੈ ਕਿ ਮਨਮੀਨ ਉਸ ਦੀ ਮਾਂ ਹੈ। ਉਹਦਾ ਘਰ ਵਾਲਾ ਮਰ ਚੁੱਕਾ ਹੈ ਤੇ ਤੂੰ ਹੁਣ ਉਹਦੇ ਨਾਲ ਫਿਰ ਵਿਆਹ ਕਰਵਾਏਗਾ। ਪਹਿਲਾਂ ਆਪਾਂ ਦੀ ਕਿਹੜੀ ਕੋਰਟ ਮੈਰਿਜ ਹੋਈ ਹੈ। ਲਿਵ ਇਨ ਰਿਲੇਸ਼ਨ ਵਿੱਚ ਹੀ ਹਾਂ। ਬੱਚੇ ਤਾਂ ਪਾਲੀਏ। ਪਾਲ ਕੇ ਅਮਰੀਕਾ ਘਲੀਏ।

ਅੱਗੇ ਘੱਟ ਠੱਗੀਆਂ ਹੋਈਆਂ ਨੇ। ਘਰ ਦੇ ਮੈਂਬਰ ਜਾਣਦੇ ਹਨ। ਰਿਸ਼ਤੇਦਾਰ ਹਾਂ, ਇਥੋਂ ਜਾਵਾਂਗੇ, ਉਥੋਂ ਦਾ ਸਵਾਦ ਮੈਂ ਤੇ ਪਿੰਕੀ ਭੈਣ ਦੇ ਵੇਖ ਹੀ ਲਿਆ।14

ਮੀਨਾ ਦਾ ਤਲਾਕ ਵੀ ਇਸ ਗੱਲੋਂ ਹੀ ਹੋਇਆ ਸੀ ਕਿਉਂਕਿ ਉਸ ਦੀ ਮੈਰਿਜ ਵੀ ਉਸ ਦੇ ਭੂਆ ਦੇ ਪੁੱਤਰ ਨਾਲ ਹੋਈ ਸੀ ਤੇ ਉਹ ਵਾਰ-ਵਾਰ ਨੀਨਾ ਨੂੰ ਇਹ ਕਹਿੰਦੇ ਸੀ ਕਿ ਤੂੰ ਆਪਣੇ ਮਾਪਿਆਂ ਕੋਲੋਂ ਪੈਸੇ ਲਿਆ ਕੇ ਦੇ। ਜਦੋਂ ਇਸ ਵਾਰ ਨੀਨਾ ਨੇ ਮਨਾ ਕਰ ਦਿੱਤਾ ਤਾਂ ਉਹ ਦੋ ਸਾਲ ਆਪਣੇ ਪਿਤਾ ਦੇ ਘਰ ਹੀ ਰਹੀ ਤੇ ਵਾਪਸ ਨਾ ਗਈ । ਜਦੋਂ ਨੀਨਾ ਦੀ ਮੈਰਿਜ ਜੀਵਨ ਨਾਲ ਕਰ ਦਿੱਤੀ ਗਈ ਤੇ ਉਸ ਦੀ ਭੂਆ ਜਾਨੀ ਕਿ ਨੀਨਾ ਦੀ ਸੱਸ ਆ ਕੇ ਆਪਣੇ ਭਰਾ ਨੂੰ ਕਹਿੰਦੀ ਹੈ, ਮੈਂ ਤੇਰੀ ਦੋਖੀ ਥੋੜੀ ਸੀ। ਤੂੰ ਨੀਨਾ ਨੂੰ ਫਿਰ ਸਾਡੇ ਨਾਲ ਤੋਰ ਦਿੰਦਾ। ਭਾਵੇਂ ਤਲਾਕ ਹੋ ਗਿਆ। ਪਰ ਮੇਰਾ ਦਿਲ ਨਹੀਂ ਲੱਗਦਾ। ਨੀਨਾ ਮੇਰਾ ਆਪਣਾ ਖ਼ੂਨ ਹੈ। ਪਿਤਾ ਜੀ ਨੇ ਭੈਣ ਨੂੰ ਸਾਫ-ਸਾਫ ਕਹਿ ਦਿੱਤਾ, 'ਜੇ ਭੈਣ ਤੂੰ ਕੁੜੀ ਰੱਖਣੀ ਹੁੰਦੀ ਉਸ ਨੂੰ ਤਸੀਹੇ ਨਾ ਦਿੰਦੀ। ਮੈਂ ਔਖਾ ਹੋ ਕੇ ਤੇਰੀਆਂ ਮੰਗਾਂ ਪੂਰੀਆਂ ਕਰਦਾ ਰਿਹਾ। ਹੁਣ ਤਾਂ ਨੀਨਾ ਮੈਂ ਵਿਆਹ ਦਿੱਤੀ ਹੈ।"15

ਉਸ ਦੇ ਇਹ ਸ਼ਬਦ ਇਸ ਵਿੱਚੋਂ ਉਭਰਦੇ ਹਨ ਕਿ ਜਾਤਾਂ ਵਿੱਚ ਹੁੰਦੇ ਵਿਆਹ, ਮਨ ਚਾਹੇ ਵਿਆਹ, ਉਦੋਂ ਤੱਕ ਸਫਲ ਨਹੀਂ ਹੁੰਦੇ ਜਦੋਂ ਤੱਕ ਉਸ ਵਿੱਚ ਕਿਸੇ ਵੀ ਤਰਾਂ ਦੀ ਲਾਲਸਾ, ਲਲਕ ਜਾਂ ਲੋਭ ਖਤਮ ਨਹੀਂ ਹੁੰਦਾ। ਉਹ ਤਾਂ ਆਪ ਇਹ ਦੁਖਾਂਤ ਹੰਢਾ ਚੁੱਕੀ ਸੀ। ਰਿਸ਼ਤਿਆਂ ਵਿਚਲੀ ਟੁੱਟ ਭੱਜ ਹਰ ਤਰਾਂ ਦੇ ਜਾਤੀ-ਜਮਾਤੀ ਸੰਸਕਾਰਾਂ ਨੂੰ ਖੋਰਾ ਲਾਉਂਦੀ ਹੈ, ਕਿਉਂਕਿ ਜਿਸ ਮਰਿਆਦਾ ਵੱਸ ਇਹ ਸਾਰੇ ਸਮਾਜ ਸੱਭਿਆਚਾਰ ਦੇ ਨਿਯਮਾਂ ਨੂੰ ਇੰਨ-ਬਿੰਨ ਮੰਨਿਆ ਜਾਂਦਾ ਹੈ ਜਦੋਂ ਉਹ ਵੀ ਤੁਹਾਨੂੰ ਜਿਉਣ ਜੋਗਰਾ ਨਹੀਂ ਛੱਡਦੇ ਤਾਂ ਫਿਰ ਉਹਨਾਂ ਦੱਬੇ-ਕੁਚਲੇ ਰੂੜੀਗਤ ਸੰਸਕਾਰਾਂ ਦਾ ਤਿਆਗ ਕਰਨਾ ਲਾਜ਼ਮੀ ਹੋ ਜਾਂਦਾ ਹੈ। ਜਿਸ ਦਾ ਸੰਤਾਪ ਸਮਕਾਲੀ ਯਥਾਰਥ ਵਿਚ ਮਰਦ ਅਤੇ ਔਰਤ ਦੋਵੇਂ ਹੀ ਭੋਗਦੇ ਹਨ।

**ਹਵਾਲੇ-ਟਿੱਪਣੀਆਂ**


1) ਡਾ. ਸੁਰਿੰਦਰ ਕੁਮਾਰ ਦਵੇਸ਼ਵਰ, ਵਿਸ਼ਵੀਕਰਨ ਦਾ ਪ੍ਰਵਚਨ ਤੇ ਪੰਜਾਬੀ ਨਾਵਲ, ਪੰਨਾ-143
2) ਰਾਜਬੀਰ ਰੰਧਾਵਾ, ਓੜਕ ਸੱਚ ਰਹੀ, ਪੰਨਾ-16
3) ਉਹੀ, ਪੰਨਾ-17
4) ਉਹੀ, ਪੰਨਾ-14
5) ਉਹੀ, ਪੰਨਾ-17
6) ਉਹੀ, ਪੰਨਾ-17
7) ਉਹੀ, ਪੰਨਾ-17
8) ਉਹੀ, ਪੰਨਾ-16
9) ਉਹੀ, ਪੰਨਾ-20
10) ਉਹੀ, ਪੰਨਾ-34
11) ਉਹੀ, ਪੰਨਾ-94
12) ਉਹੀ, ਪੰਨਾ-49-50
13) ਉਹੀ, ਪੰਨਾ-50
14) ਉਹੀ, ਪੰਨਾ-51
15) ਉਹੀ, ਪੰਨਾ-101



**ਅਸਿਸਟੈਂਟ ਪ੍ਰੋਫੈਸਰ,**
**ਪੰਜਾਬ ਕੇਂਦਰੀ ਯੂਨੀਵਰਸਿਟੀ**
**ਬਠਿੰਡਾ**


## ਤੇਰੀ ਯਾਦ / ਪਰੀ ਕੰਬੋਜ



ਤੇਰੀ ਯਾਦ ਆਉਂਦੀ ਹੈ
ਜਦ ਦੇਖਦੀ ਹਾਂ
ਤਾਜ਼ੇ ਖਿੜੇ ਹੋਏ ਕਿਸੇ ਫੁੱਲ ਵੱਲ.....
ਵਹਿੰਦੇ ਪਾਣੀ ਦੀਆਂ
ਅਠਖੇਲੀਆਂ ਕਰਦੀਆਂ
ਛੱਲਾਂ ਵੱਲ.....
ਮੁਸਕਰਾਉਂਦੇ,
ਚਾਨਣ ਖਿਲਾਰਦੇ,,
ਠੰਡੇ ਸੀਤ ਚੰਨ ਵੱਲ.....
ਜਗਮਗ ਕਰਦੇ
ਹਨੇਰੇ ਨੂੰ ਚੀਰਦੇ.....
ਕਿਸੇ ਜੁਗਨੂੰ ਵੱਲ.....
ਆਪਣੀ ਮੌਜ਼ 'ਚ ਉੱਡੇ ਫਿਰਦੇ.....
ਬੇਫਿਕਰੇ ਪੰਛੀਆਂ ਵੱਲ,,,
ਆਪਣੀ ਮਸਤੀ 'ਚ ਝੂਮਦੇ.....
ਸਰੂ ਦੇ ਕਿਸੇ ਰੁੱਖ ਵੱਲ.....
ਤੇਰਾ ਸਾਥ ਮਾਣਦੀ ਹਾਂ.....
ਹਰ ਪਲ,
ਹਰ ਜਗ੍ਹਾ.....
ਭੀੜ 'ਚ,
ਇਕੱਲਤਾ 'ਚ,
ਪਤਝੜ 'ਚ,
ਬਹਾਰ 'ਚ.....
ਦੇਖ ਤੂੰ ਤੇ ਤੇਰੀ ਯਾਦ ਮੌਜੂਦ ਨੇ.....
ਹਰ ਜਗ੍ਹਾ, ਹਰ ਸ਼ੈਅ 'ਚ.....
ਗੈਰਹਾਜ਼ਰ ਹਾਂ ਤਾਂ ਬਸ 'ਮੈਂ '
ਮੇਰਾ ਆਪਣਾ ਆਪ ਗੁਆਚ ਗਿਆ ਹੈ
ਕਿਧਰੇ.....
ਜੇ ਤੈਨੂੰ ਕਿਤੇ ਮਿਲੇ ਤਾਂ ਦੱਸੀਂ।

# ਮਨੁੱਖੀ ਰਿਸ਼ਤਿਆਂ ਦੀ ਪੇਸ਼ਕਾਰੀ ਕਰਦਾ ਗਜ਼ਲ-ਸੰਗ੍ਰਹਿ: "ਮੈਂ-ਅਮੈਂ" / ਡਾ. ਬੇਅੰਤ ਕੌਰ

ਜਗਵਿੰਦਰ ਯੋਧਾ ਸਮਕਾਲੀ ਸਮਾਜ ਵਿਚ ਜੋ ਵਰਤਾਰੇ ਵਾਪਰ ਰਹੇ ਹਨ ਉੱਪਰ ਨਜ਼ਰ ਰੱਖਣ ਵਾਲੇ ਸਿਰਮੌਰ ਸ਼ਾਇਰ ਅਤੇ ਆਲੋਚਕ ਹਨ। ਇਹ ਗਜ਼ਲ ਦੇ ਖੇਤਰ 'ਚ ਲਗ-ਭਗ ਤਿੰਨ ਦਹਾਕਿਆਂ ਤੋਂ ਸਰਗਰਮ ਹਨ। ਉਹ ਮੌਕੇ ਦੀ ਨਜ਼ਾਕਤ ਨੰ ਫੜ੍ਹ ਕੇ ਬੜੇ ਬਾਖਬੀ ਢੰਗ ਨਾਲ ਆਪਣੇ ਸ਼ੇਅਰਾਂ ਵਿਚ ਗੱਲ ਕਹਿ ਜਾਂਦੇ ਹਨ, ਇਹੀ ਸਾਹਿਤਕ ਅਦਬ ਇਕ ਚੰਗੇ ਸਾਹਿਤਕਾਰ ਵਿਚ ਹੋਣਾ ਚਾਹੀਦਾ ਹੈ। ਉਹਨਾਂ ਦੀ ਪਹਿਲੀ ਪੁਸਤਕ 'ਮੀਲ ਪੱਥਰ ਤੇ ਮੁਸਾਫਿਰ' ਨੇ ਹੀ ਚਰਚਾ ਛੇੜ ਦਿੱਤੀ ਸੀ ਕਿ ਉਹ ਇਕ ਸਮਰੱਥ ਗਜ਼ਲਕਾਰ ਹੋ ਨਿੱਬੜਨਗੇ। ਜਗਵਿੰਦਰ ਯੋਧਾ ਪੰਜਾਬੀ ਦਾ ਇਕ ਸਥਾਪਿਤ ਸ਼ਾਇਰ ਹੈ। ਉਹ ਸਾਡੇ ਸਮਾਜ ਦੀਆਂ ਕਦਰਾਂ-ਕੀਮਤਾਂ, ਸਰੋਕਾਰਾਂ, ਸਮੱਸਿਆਵਾਂ, ਇੱਛਾਵਾਂ, ਉਮੰਗਾਂ, ਦੁੱਖਾਂ-ਸੁੱਖਾਂ ਨੰ ਆਪਣੇ ਗਜ਼ਲਾਂ ਦੇ ਸ਼ੇਅਰਾਂ ਰਾਹੀਂ ਪੇਸ਼ ਕਰਦੇ ਰਹਿੰਦੇ ਹਨ। ਉਹਨਾਂ ਦਾ ਗਜ਼ਲ ਸੰਗ੍ਰਹਿ 'ਮੈਂ-ਅਮੈਂ' ਵੀ ਇਹੋ-ਜਿਹੀਆਂ ਹੀ ਭਾਵਨਾਵਾਂ ਦੀ ਤਰਜ਼ਮਾਨੀ ਕਰਦਾ ਹੈ। ਅੱਸੀ ਕੁ ਸਫ਼ਿਆਂ ਦਾ ਇਹ ਗਜ਼ਲ-ਸੰਗ੍ਰਹਿ ਬੜਾ ਖਬਸਰਤ ਹੈ। ਇਸ ਵਿੱਚ ਜਿੰਨੀਆਂ ਵੀ ਗਜ਼ਲਾਂ ਹਨ ਇੱਕੋ ਰਦੀਫ਼ ਤੇ ਇੱਕੋ ਬਹਿਰ ਦੀਆਂ ਹਨ। ਇਸ ਦੇ ਹਿੱਸੇ ਜਾਂ ਪਰਤਾਂ ਛੇ ਹਨ ਜੋ ਮਨੁੱਖੀ ਰਿਸ਼ਤਿਆਂ ਖ਼ਾਸਕਰ ਪਿਓ/ਬਾਪ, ਮਾਂ/ਅੰਮੀ, ਘਰਵਾਲੀ/ਬੀਵੀ, ਪ੍ਰੇਮਿਕਾ/ਖੁਸ਼ਬ ਅਤੇ ਆਪਣੇ ਆਪ ਦੁਆਲੇ ਪਰਿਕਰਮਾ ਕਰਦੇ ਹਨ। ਇਹ ਸਾਰੇ ਰਿਸ਼ਤੇ ਘਰ ਨਾਲ ਜੁੜਦੇ ਹਨ। ਹਰ ਹਿੱਸਾ ਜਾਂ ਪਰਤ ਜ਼ਿੰਦਗੀ ਦਾ ਇਕ ਨਵੀਂ ਕਿਸਮ ਦਾ ਅਨੁਭਵ ਦਿੰਦਾ ਹੈ। ਇਕ ਪਰਤ ਘਰ ਨਾਲ ਸੰਬੰਧਿਤ, ਦਜੀ ਬਾਪ ਨਾਲ, ਤੀਜੀ ਅੰਮੀ ਨਾਲ, ਚੌਥੀ ਬੀਵੀ ਨਾਲ ਅਤੇ ਪੰਜਵੀਂ ਖੁਸ਼ਬ ਨਾਲ ਜੋ ਪ੍ਰੇਮਿਕਾ ਹੈ, ਆਪ ਵਿਹਾਜਿਆ ਰਿਸ਼ਤਾ ਹੈ। ਜੋ ਸਮਾਜ ਦੀ ਨਜ਼ਰ ਵਿਚ ਤਾਂ ਨਜਾਇਜ਼ ਹੈ ਪਰ ਪ੍ਰੇਮੀਆਂ ਦੀ ਨਜ਼ਰ ਵਿਚ ਜਾਇਜ਼। ਛੇਵੇਂ ਹਿੱਸੇ ਵਿਚ ਆਪਣੇ ਆਪ ਨਾਲ ਸੰਵਾਦ ਹੈ। ਜਗਵਿੰਦਰ ਯੋਧਾ ਨੇ ਸਮਾਜ ਵਿਚ ਵਿਚਰਦਿਆਂ ਜੋ ਕੁਝ ਵੇਖਿਆ, ਮਹਿਸਸ ਕੀਤਾ, ਪੜ੍ਹਿਆ, ਉਹਨਾਂ ਸਾਰੀਆਂ ਚੀਜ਼ਾਂ ਦਾ ਸਮਤੋਲ ਇਸ ਗਜ਼ਲ-ਸੰਗ੍ਰਹਿ ਵਿਚ ਬਿਠਾਇਆ ਹੈ, ਇਹੀ ਇਸ ਦੀ ਵਿਲੱਖਣਤਾ ਹੈ।

ਹਰ ਮਨੁੱਖ ਸੱਤਾ ਦੇ ਕੁਝ ਰਪਾਂ ਤੋਂ ਚੰਗੀ ਤਰ੍ਹਾਂ ਜਾਣ ਹੁੰਦਾ ਹੈ। ਜਿਵੇਂ ਰਾਜਸੀ ਸੱਤਾ, ਜਿਸ ਵਿਚ ਫੌਜ ਜਾਂ ਪੁਲਿਸ ਜਾਂ ਕਿਸੇ ਵੀ ਹੋਰ ਰਪ ਵਿਚ ਸਿੱਧਾ ਦਮਨ ਹੁੰਦਾ ਹੈ। ਦਜਾ ਪੈਸੇ ਵਾਲੇ ਦੀ ਸੱਤਾ, ਜਿਸ ਦਾ ਸਿੱਧਾ ਸੰਬੰਧ ਸਾਡੀ ਜੀਵਨ ਉਪਜੀਵਕਾ ਨਾਲ ਜੁੜਿਆ ਹੈ। ਤੀਜੀ ਸੱਤਾ ਧਾਰਮਿਕ ਜਾਂ ਸਾਡੀਆਂ ਸਮਾਜਿਕ ਮਰਿਯਾਦਾਵਾਂ ਦੀ। ਇਸ ਦੇ ਪ੍ਰਭਾਵ ਤੋਂ ਕੋਈ ਵੀ ਮੁਕਤ ਨਹੀਂ ਹੁੰਦਾ। ਇਹ ਹਰ ਥਾਂ ਮੌਜਦ ਰਹਿੰਦੀ ਹੈ, ਘੱਟ ਜਾਂ ਵੱਧ ਹੋ ਸਕਦੀ ਹੈ। ਇਸ ਸੱਤਾ ਵਿਚ ਘਰ ਇਕ ਛੋਟਾ ਮਾਡਲ ਹੈ। ਹਰ ਘਰ ਦੀਆਂ, ਹਰ ਪਰਿਵਾਰ ਦੀਆਂ ਆਪਣੀਆਂ ਪਰੰਪਰਿਕ ਪਰਿਵਾਰਕ ਮਰਿਯਾਦਾਵਾਂ ਹੁੰਦੀਆਂ ਹਨ ਜੋ ਉਸ ਦਾ ਦਮਨ ਕਰਦੀਆਂ ਹਨ, ਕੁਝ ਰਿਸ਼ਤੇ ਦਮਨ ਕਰਦੇ ਹਨ। ਜਗਵਿੰਦਰ ਯੋਧਾ ਨੇ ਇਸ ਦਮਨ ਨੰ ਜਿਸ ਰਪ ਵਿਚ ਮਹਿਸਸਿਆ ਅਤੇ 'ਮੈਂ-ਅਮੈਂ' ਵਿਚ ਪੇਸ਼ ਕੀਤਾ ਉਹ ਸੱਚਮੁੱਚ ਬੜਾ ਮਹੱਤਵਪਰਨ ਹੈ। ਉਹਨਾਂ ਨੇ ਬੜੇ ਖਬਸਰਤ ਢੰਗ ਨਾਲ ਛੇ ਪਰਤਾਂ ਬਣਾ ਕੇ ਇਹਨਾਂ ਚੀਜ਼ਾਂ ਨੰ ਬਾਹਰ ਲਿਆਂਦਾ ਹੈ। ਜਦੋਂ ਉਹ ਇਹ ਪਰਤਾਂ ਉਘਾੜ ਰਹੇ ਹੁੰਦੇ ਹਨ ਤਾਂ ਉਨ੍ਹਾਂ ਨੰ ਇਹ ਗੱਲ ਹਰਗਿਜ਼ ਵੀ ਪ੍ਰਵਾਨ ਨਹੀਂ ਕਿ ਉਹ ਸੱਤਾ ਦੇ ਕੇਂਦਰ ਵਜੋਂ ਘਰ ਨੰ ਜਾਂ ਬਾਪ ਨੰ ਜਾਂ ਬੀਵੀ ਨੰ ਸਥਾਪਿਤ ਕਰ ਦੇਣ ਤੇ ਨਾ ਹੀ ਇਹ ਪ੍ਰਵਾਨ ਹੈ ਕਿ ਉਹ ਇਹਨਾਂ ਨੰ ਬਖ਼ਸ਼ ਦੇਣ। ਇਸ ਟਕਰਾਓ ਵਿਚ ਦਵੰਦ ਵਿਚ ਮਾਨਵੀ ਹੋਂਦ ਕਿਵੇਂ ਪਿਸਦੀ ਹੈ ਇਸ ਨੰ ਜਗਵਿੰਦਰ ਯੋਧਾ ਨੇ ਆਪਣੀ ਪੁਸਤਕ ਦੀ ਪਹਿਲੀ ਪਰਤ ਦੇ ਪਹਿਲੇ ਮਤਲੇ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ:-

'ਮੇਰੀ ਭਟਕਣ ਦੀ ਆਖ਼ਰਲੀ ਪਨਾਹ ਬਣਦਾ ਰਿਹਾ ਹੈ ਘਰ
ਪਰ ਅਕਸਰ ਹੀ ਸਫ਼ਰ ਦੇ ਰਾਹ ਵਿਚ ਰੋੜਾ ਰਿਹਾ ਹੈ
ਘਰ।'

ਮੈਂ-ਅਮੈਂ, ਪੰਨਾ 15

ਘਰ ਥੱਕੇ/ਟੁੱਟੇ ਦੁਖੀ ਬੰਦੇ ਲਈ ਪਨਾਹ ਵੀ ਬਣਦਾ ਹੈ ਤੇ ਦਸਰੇ ਪਾਸੇ ਇਹੀ ਘਰ ਮਨੁੱਖੀ ਮਨ ਦੀ ਅਜ਼ਾਦੀ, ਜਿਹੜੀ ਉਹਦੀ ਸੁਤੰਤਰ ਕਿੱਤੇ ਉੱਪਰ ਉੱਠ ਜਾਣ ਦੀ ਤਮੰਨਾ ਹੈ ਉਸ ਦੇ ਰਾਹ 'ਚ ਬੇੜੀਆਂ ਦਾ ਕੰਮ ਵੀ ਕਰਦਾ ਹੈ। ਇਸ ਦਾ ਅਗਲਾ ਸ਼ੇਅਰ ਦੇਖਣ ਵਾਲਾ ਹੈ- 'ਥਕਣ ਲੈ ਕੇ ਮੁੜਿਆ ਹਾਂ ਤਾਂ ਇਕ ਅਰਾਮਗਾਹ ਬਣਿਆ ਹੈ ਘਰ ਤੇ ਕੁਝ ਚਿਰ ਬਾਅਦ ਹੀ ਸੀਨੇ 'ਚ ਦਮ ਘੁੱਟਦਾ ਰਿਹਾ ਹੈ ਘਰ।'

ਘਰ ਦੀ ਜਿਹੜੀ ਵਿਆਖਿਆ ਇਹਨਾਂ ਸ਼ੇਅਰਾਂ 'ਚੋਂ ਪ੍ਰਾਪਤ ਹੁੰਦੀ ਹੈ, ਉਹ ਹੈ ਕਿ ਘਰ ਕਿਵੇਂ ਤੁਹਾਡੇ ਲਈ ਦੁੱਖਾਂ-ਮੁਸੀਬਤਾਂ ਸਮੇਂ ਸੁਰੱਖਿਆ ਦਾ ਕੰਮ ਕਰਦਾ ਹੈ ਪਰ ਉਹੀ ਘਰ ਕਿਵੇਂ ਤੁਹਾਡੇ ਪੈਰਾਂ ਦੀਆਂ ਬੇੜੀਆਂ ਬਣਦਾ ਹੈ। ਸ਼ਾਇਰ ਨੇ ਇਸ ਮਨੁੱਖੀ ਮਨ ਦੀ ਦੁਚਿੱਤੀ/ਦਵੰਦ ਨੰ ਬੜੇ ਖ਼ਬਸਰਤ ਢੰਗ ਨਾਲ ਬੈਲੈਂਸ ਰੱਖ ਕੇ ਚਿਤਰਿਆ ਹੈ।

ਜੇ ਅਸੀਂ ਘਰ ਤੋਂ ਬਾਅਦ ਦਜੀ ਪਰਤ ਦੀ ਗੱਲ ਕਰੀਏ ਤਾਂ ਉਹ ਬਾਪ ਨੰ ਸਮਰਪਿਤ ਹੈ:-

'ਤਿਹਾਏ ਰਿਸ਼ਤਿਆਂ 'ਤੇ ਮੇਘ ਬਣ ਵਰ੍ਹਦਾ ਰਿਹਾ ਬਾਪ ਤੇ ਸਾਰੀ ਉਮਰ ਮੋਹ ਦੀ ਔੜ 'ਚ ਪਿਆਸਾ ਰਿਹਾ ਬਾਪ' 'ਜਦੋਂ ਵੀ ਉਹਦੇ ਵਾਹੇ ਦਾਇਰਿਆਂ ਨੰ ਟੱਪਣਾ ਚਾਹਿਆ ਮੇਰੇ ਚਾਵਾਂ ਦੇ ਪੈਰੀਂ ਰੋੜ ਬਣ ਚੁੱਭਦਾ ਰਿਹਾ ਬਾਪ।'

ਹੁਣ ਏਥੇ ਬਾਪ ਦਾ ਮੋਹ ਵਾਲਾ ਰਪ ਵੀ ਪੇਸ਼ ਹੈ ਤੇ

ਬਾਪ ਸ਼ਬਦ ਨੂੰ ਵੀ ਪਿਆਰ ਨਾਲ ਹੀ ਵਰਤਿਆ ਗਿਆ ਹੈ। ਮੋਹ ਤੇ ਪਿਆਰ ਦੇ ਨਾਲ-ਨਾਲ ਬਾਪ ਪੁੱਤਰ ਦੀ ਉਡਾਨ ਦੇ ਰਾਹ 'ਚ ਰੋੜਾ ਕਿਉਂ ਬਣਦਾ ਹੈ? ਕਿਉਂਕਿ ਉਸ ਦਾ ਆਪਣਾ ਤਜ਼ਰਬਾ ਹੈ, ਉਸ ਦਾ ਜ਼ਿੰਦਗੀ ਨੂੰ ਦੇਖਣ ਦਾ ਆਪਣਾ ਦ੍ਰਿਸ਼ਟੀਕੋਣ ਹੈ ਜਿਹੜਾ ਉਸ ਨੂੰ ਰੋਕਦਾ ਹੈ। ਇਸ ਦੇ ਹੋਰ ਖ਼ੂਬਸੂਰਤ ਸ਼ੇਅਰ ਵੇਖੋ:-

'ਉਦ੍ਹੀ ਪਰਜਾ ਸੀ ਕੁੱਲ ਪਰਿਵਾਰ, ਉਹ ਬੇਤਾਜ ਰਾਜਾ ਸੀ
ਸਿੰਘਾ ਸਨ ਹੁਕਮ ਦਾ ਜੀਆਂ ਤੇ ਸਿਰ ਡਾਹੁੰਦਾ ਰਿਹਾ
ਬਾਪ।'

'ਕਿਸੇ ਪੱਕੀ ਫ਼ਸਲ ਤੇ ਚੜ੍ਹ ਕੇ ਆਏ ਮੇਘਲੇ ਵਾਂਗੂੰ ਬੜੇ
ਚਾਵਾਂ ਦੇ ਉਪਰ ਸਹਿਮ ਬਣ ਛਾਇਆ ਰਿਹਾ ਬਾਪ।'

ਬਾਪ ਦੇ ਵੀ ਘਰ ਵਾਂਗ ਦੋ ਰੂਪ ਹਨ। ਇਕ ਬਾਪ ਦਾ ਉਹ ਰੂਪ ਹੈ ਜੋ ਉਸ ਨੂੰ ਮੋਢੇ 'ਤੇ ਬਿਠਾ ਕੇ ਦੁਨੀਆ ਦਾ ਮੇਲਾ ਦਿਖਾਉਂਦਾ ਹੈ। ਜਿਹੜਾ ਹਰ ਦੁੱਖ-ਮੁਸੀਬਤ ਸਮੇਂ ਉਸ 'ਤੇ ਛਾਂ ਬਣਦਾ ਹੈ। ਦੂਜੇ ਪਾਸੇ ਉਹੀ ਬਾਪ ਉਸ ਦੇ ਪੈਰਾਂ ਦੀ ਚੋਭ ਬਣਦਾ ਹੈ, ਪੈਰਾਂ ਦਾ ਰੋੜਾ ਵੀ ਬਣਦਾ ਹੈ, ਵਰਜਦਾ ਵੀ ਹੈ। ਬਾਪ ਦੀ ਆਪਣੀ ਤਾਕਤ ਹੈ, ਆਪਣੀ ਸੱਤਾ ਹੈ ਘਰ ਵਿੱਚ। ਉਸ ਤਾਕਤ ਨੂੰ ਪਛਾਣਨਾ ਤੇ ਪੇਸ਼ ਕਰਨਾ ਜਗਵਿੰਦਰ ਯੋਧਾ ਦੀ ਕਲਮ ਦੇ ਹਿੱਸੇ ਆਇਆ ਹੈ। ਸ਼ਾਇਦ ਪੰਜਾਬੀ ਗਜ਼ਲਕਾਰੀ ਦੇ ਸੰਗ੍ਰਹਿ 'ਚ ਬਾਪ ਦਾ ਇਹ ਰੂਪ ਜਾਂ ਸੱਤਾ ਦਾ ਛੋਟਾ ਰੂਪ ਪਹਿਲਾਂ ਵੀ ਚਿਤਰਿਆ ਗਿਆ ਹੋਵੇ ਪਰ ਇਸ ਤਰ੍ਹਾਂ ਮਹਿਸੂਸ ਕਰਕੇ, ਉਹਦੇ ਸਿਧਾਂਤਿਕ ਪੱਖਾਂ ਨੂੰ ਪਿਛੋਕੜ 'ਚ ਰੱਖਦਿਆਂ, ਜਜ਼ਬੇ ਦੀ ਪੱਧਰ 'ਤੇ ਜਿਹੜਾ ਰੂਪ ਪੇਸ਼ ਯੋਧਾ ਨੇ ਕੀਤਾ ਹੈ ਉਹ ਬਾਕਮਾਲ ਹੈ।

ਤੀਸਰੀ ਪਰਤ ਅੰਮੀ ਬਾਰੇ ਹੈ ਜੋ ਬਹੁਤ ਖ਼ੂਬਸੂਰਤ ਹੈ

'ਹਜ਼ਾਰਾਂ ਧਰਤੀਆਂ ਦਾ ਭਾਰ ਸਿਰ ਢੋਂਦੀ ਰਹੀ ਅੰਮੀ ਤੇ
ਆਪਣੀ ਹੋਂਦ ਲਈ ਚੱਪਾ ਕੁ ਥਾਂ ਲੱਭਦੀ ਰਹੀ ਅੰਮੀ।'

ਮੈਂ-ਅਮੈਂ, ਪੰਨਾ 37

ਸਾਡੇ ਪਿੱਤਰੀ ਸਮਾਜ ਵਿਚ, ਪਰਿਵਾਰਕ ਪ੍ਰਬੰਧ ਵਿਚ ਔਰਤ ਲਈ ਕੋਈ ਜ਼ਿਆਦਾ ਥਾਂ ਨਹੀਂ ਪਰ ਇਕ ਅੰਮੀ ਹੀ ਨਹੀਂ ਸਮੁੱਚਾ ਔਰਤ ਵਰਗ ਹੀ ਆਪਣੀ ਸੰਤਾਨ ਲਈ, ਆਪਣੇ ਪਰਿਵਾਰ ਲਈ ਦਿਨ-ਰਾਤ ਮੁਸ਼ੱਕਤ ਕੰਮ ਕਰਦੀ ਹੈ ਤੇ ਆਪਣੀ ਹੋਂਦ ਲਈ ਥੋੜ੍ਹੀ ਜਿਹੀ ਜਗ੍ਹਾ ਮੰਗਦੀ ਹੈ। ਅਗਲਾ ਸ਼ੇਅਰ ਵੇਖੋ-

'ਉਦੈ ਹੁੰਦਾ ਹੈ ਪਹਿਲਾਂ ਕੌਣ, ਕਿਹੜਾ ਬਾਅਦ ਵਿਚ ਅਸਤੇ
ਖੜੀ ਧਰਤੀ 'ਤੇ ਸੂਰਜ ਨਾਲ ਨਿੱਤ ਜ਼ਿੱਦਦੀ ਰਹੀ
ਅੰਮੀ।'

ਮੈਂ-ਅਮੈਂ, ਪੰਨਾ 32

ਸਭ ਤੋਂ ਪਹਿਲਾਂ ਉੱਠਣਾ, ਸਭ ਤੋਂ ਬਾਅਦ 'ਚ ਸੌਣਾ ਤੇ ਸਾਰੀ ਦਿਹਾੜੀ ਕੰਮ ਕਰਨਾ ਉਸ ਨੂੰ ਜਗਵਿੰਦਰ ਯੋਧਾ ਨੇ ਬੜੇ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ ਹੈ। ਉਹਦਾ ਆਢਾ ਜਾਂ ਝਗੜਾ ਪੁੱਤਰ ਨਾਲ ਨਹੀਂ, ਸੂਰਜ ਨਾਲ ਹੈ। ਏਥੇ ਅੰਮੀ ਨਾਲ ਕੋਈ ਵਿਰੋਧ ਵਾਲਾ ਰਿਸ਼ਤਾ ਨਹੀਂ ਬਣਦਾ, ਜਿਵੇਂ ਬਾਪ ਨਾਲ ਬਣਦਾ ਹੈ। ਵੈਸੇ ਵੀ ਪੁੱਤਰਾਂ ਦਾ ਮਾਵਾਂ ਨਾਲ ਵਿਰੋਧ ਬਣਦਾ ਨਹੀਂ, ਹੁੰਦਾ ਫ਼ਰਾਇਡ ਦੀ ਥਿਊਰੀ ਏਸ ਗੱਲ ਦੀ ਗਵਾਹ ਹੈ।

ਚੌਥੀ ਪਰਤ ਬੀਵੀ ਨਾਲ ਸੰਬੰਧਿਤ ਹੈ। ਬੀਵੀ ਬਾਰੇ ਜਿਹੜੇ ਸ਼ੇਅਰ ਹਨ, ਬਾਕੀ ਸ਼ੇਅਰਾਂ ਦੇ ਮੁਕਾਬਲੇ ਬਹੁਤੇ ਰਵਾਇਤੀ ਰੂਪਾਂ ਵਿਚ ਹੀ ਸਿਮਟ ਕੇ ਰਹੇ ਹਨ। ਇਸ ਦਾ ਕਾਰਨ ਸ਼ਾਇਦ ਇਹ ਹੋਵੇ ਕਿ ਬੀਵੀ ਨਾਲ ਰਿਸ਼ਤਾ ਹੀ ਅਜਿਹਾ ਹੁੰਦਾ ਹੈ ਜਿਵੇਂ ਦੂਜੇ ਸ਼ਾਇਰਾਂ ਨੇ ਵੀ ਪੇਸ਼ ਕੀਤਾ ਹੈ ਮੁਹੱਬਤ ਤੇ ਤਣਾਓ ਵਾਲਾ, ਮੁਹੱਬਤ ਤੇ ਰੋਸੇ ਵਾਲਾ। ਇਹ ਦੋਵੇਂ ਚੀਜ਼ਾਂ ਨਾਲ-ਨਾਲ ਚੱਲਦੀਆਂ ਹਨ ਜਿਹਦੇ ਵਿਚ ਫਰਜ਼ ਵੀ ਹਨ, ਹੱਕ ਵੀ ਹਨ, ਦਬਾਓ ਵੀ ਹੈ, ਮਰਜ਼ ਵੀ ਹੈ। ਪਰ ਫੇਰ ਵੀ ਕੁਝ ਸ਼ੇਅਰ ਨਵੇਂ ਪੱਖ ਤੋਂ ਜਗਵਿੰਦਰ ਯੋਧਾ ਨੇ ਬੀਵੀ ਬਾਰੇ ਪੇਸ਼ ਕੀਤੇ ਹਨ ਜੋ ਤੁਹਾਨੂੰ ਸੋਚਣ ਲਈ ਮਜਬੂਰ ਕਰਦੇ ਹਨ ਕਿ ਕਿਵੇਂ ਆਧੁਨਿਕ ਮਨੁੱਖ ਵੀ ਜ਼ਿੰਦਗੀ ਵਿਚ ਬੀਵੀ ਨੂੰ ਓਨੀ ਬਰਾਬਰਤਾ ਨਹੀਂ ਮਿਲੀ ਜਿੰਨੀ ਮਿਲਣੀ ਚਾਹੀਦੀ ਸੀ:-

'ਅਸਾਡੇ ਕੌੜੇ-ਮਿੱਠੇ ਸਾਥ ਦਾ ਅਣਮੁੱਕ ਸਫ਼ਰਨਾਮਾ ਬਿਨਾ ਅੱਖਰਾਂ ਤੋਂ ਹੰਝੂਆਂ ਨਾਲ ਹੀ ਲਿਖਦੀ ਰਹੀ ਬੀਵੀ।'

ਪੰਜਵੀਂ ਪਰਤ ਮਹਿਬੂਬ ਦੀ ਹੈ। ਬੀਵੀ ਤੇ ਮਹਿਬੂਬ ਦਾ ਤਿਕੋਣਾ ਰਿਸ਼ਤਾ ਸਾਰੇ ਕਵੀਆਂ ਨੇ, ਸ਼ਾਇਰਾਂ ਨੇ ਬੜੇ ਚਿਰ ਤੋਂ ਪੇਸ਼ ਕੀਤਾ ਹੈ। ਇਸ ਦਾ ਲੰਮਾ-ਚੌੜਾ ਇਤਿਹਾਸ ਹੈ। ਯੋਧਾ ਨੇ ਮਹਿਬੂਬ ਨੂੰ ਖ਼ੁਸ਼ਬੂ ਦੇ ਰੂਪ ਵਿਚ ਪੇਸ਼ ਕੀਤਾ ਹੈ। ਆਮ ਲੋਕਾਂ ਦੀ ਨਜ਼ਰ ਵਿਚ ਬੀਵੀ ਅਤੇ ਪ੍ਰੇਮਿਕਾ ਦੀ ਸਥਿਤੀ ਜਾਇਜ਼-ਨਜਾਇਜ਼ ਰਿਸ਼ਤੇ ਦੇ ਰੂਪ ਵਿਚ ਉੱਭਰਦੀ ਹੈ। ਇਹਨਾਂ ਦੀਆਂ ਗੁੰਝਲਾਂ ਵੀ ਵੱਖਰੀਆਂ-ਵੱਖਰੀਆਂ ਹਨ। ਪਿਆਰ ਦਾ ਰਿਸ਼ਤਾ ਭਾਵੇਂ ਨਜਾਇਜ਼ ਹੁੰਦਾ ਹੈ ਪਰ ਪ੍ਰੇਮੀ ਪ੍ਰੇਮਿਕਾ ਲਈ ਆਪਣੇ ਤਰਕਾਂ 'ਤੇ ਜਾਇਜ਼ ਹੁੰਦਾ ਹੈ ਤੇ ਉਹ ਜਿਹੜਾ ਰਿਸ਼ਤਾ ਹੰਢਾਉਣ ਦੇ ਪਲ ਹੁੰਦੇ ਹਨ ਉਹਨਾਂ ਨੂੰ ਯੋਧਾ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ:-

'ਮੁਕੱਦਸ ਹੋ ਕੇ ਵੀ ਜਾਇਜ਼ ਜਗ੍ਹਾ ਲੱਭਦੀ ਰਹੀ ਖ਼ੁਸ਼ਬੂ ਜਦੋਂ ਸੌਂਦੀ ਰਹੀ ਦੁਨੀਆ ਉਦੋਂ ਉੱਗਦੀ ਰਹੀ ਖ਼ੁਸ਼ਬੂ।'

ਇਸ ਵਿਚ ਚੋਰੀ ਵੀ ਹੈ, ਸੱਚਾਈ ਵੀ ਹੈ, ਝੂਠ ਵੀ ਹੈ ਅਤੇ ਸਮਾਜ ਦੀਆਂ ਨਜ਼ਰਾਂ ਵਿਚ ਗੈਰ-ਕਾਨੂੰਨੀ ਵੀ। ਪਰ ਬੜਾ ਖ਼ੂਬਸੂਰਤ ਹੈ ਪ੍ਰੇਮਿਕਾ ਨੂੰ ਖ਼ੁਸ਼ਬੂ ਕਹਿਣਾ। ਇਸ ਪਰਤ 'ਚ ਛੋਟੇ-ਛੋਟੇ ਅਨੁਭਵ ਪੇਸ਼ ਹਨ ਜੋ ਪ੍ਰੇਮੀ-ਪ੍ਰੇਮਿਕਾ ਦੇ ਚੋਰੀ ਮਿਲਣ ਦੇ ਹੁੰਦੇ ਹਨ। ਟਕਰਾਓ ਮੁਹੱਬਤ ਤੇ ਪਰੰਪਰਿਕ ਸਮਾਜਿਕ ਸੋਚ ਦਾ ਹੈ:

'ਕਦੇ ਜਾਇਜ਼-ਨਜਾਇਜ਼ ਦੇ ਫ਼ਰਕ ਨੂੰ ਸਮਝ ਨਾ ਪਾਈ
ਇਸੇ ਚੱਕਰ ਵਿਚ ਉਮਰ ਭਰ ਉਲਝੀ ਰਹੀ ਖ਼ੁਸ਼ਬੂ।'

ਮੈਂ-ਅਮੈਂ, ਪੰਨਾ 64

# ਕਵਿਤਾਵਾਂ / ਪਰਮਜੀਤ ਸੋਹਲ

## ਦਾਵੇ


ਬੋਦੇ ਹੋ-ਹੋ ਫੱਟਦੇ ਕੱਪੜੇ
ਕੀ ਇਹਨਾਂ ਦੀ ਟੌਅਰ
ਘਸ ਜਾਂਦੇ ਆਖ਼ਰ ਨੂੰ ਗਹਿਣੇ
ਪਾਵਣ ਦਾ ਕੀ ਚਾਅ
ਟੁੱਟ ਜਾਂਦੀ
ਘਸ-ਘਸ ਕੇ ਜੁੱਤੀ
ਨਾਲ ਭਲਾਂ ਕੀ ਸ਼ਾਨ
ਚੀਜ਼ਾਂ ਉੱਤੇ ਕਾਹਦਾ ਮਾਣ

ਕੀ ਗੋਰਾ ਕੀ ਕਾਲਾ
ਜਿਸਮ ਵਿਚਾਰਾ
ਖ਼ਾਕੋਂ ਉਪਜੇ, ਖਾਕ ਸਮਾਵੇ
ਟੁੱਟ ਜਾਂਦੇ ਸਭ ਦਾਵੇ!

## ਖ਼ਾਹਸ਼ਾਂ

ਅੰਬਰ ਛੂਹਣਾ
ਪੈਰੀਂ ਬੇੜੀਆਂ
ਹੁਣ ਤਾਂ ਮੁਹੱਬਤ ਹੋ
ਗਈ ਬੇੜੀਆਂ ਨਾਲ਼

ਬਹੁਤ ਕੁਝ ਕਰਨਾ ਚਾਹੁੰਦਾਂ
ਪਰ...ਖਾ ਜਾਵੇਗੀ
ਘਰ ਦੀ ਕੈਦ



ਮੈਂ ਵਾਰ-ਵਾਰ
ਖ਼ਾਹਸ਼ਾਂ ਦਾ ਘਰ
ਬਣਾਉਂਦਾ ਹਾਂ
ਫਿਰ ਉਸ ਘਰ ਤੋਂ
ਕਿਤੇ ਭੱਜਣਾ ਚਾਹੁੰਦਾ ਹਾਂ

## ਠੇਡੇ

ਘਰ 'ਚ ਜਦ ਚੀਜ਼ਾਂ ਵਧ ਜਾਣ
ਆਦਮੀ ਖ਼ਾਹਮਖਾਹ
ਉਹਨਾਂ 'ਚ
ਵੱਜਦਾ ਫਿਰਦਾ ਹੈ

ਦਿਲਾਂ 'ਚ ਜਦ ਥਾਂ
ਥੁੜ੍ਹ ਜਾਵੇ
ਆਦਮੀ ਚੀਜ਼ਾਂ 'ਚ
ਵੱਜਦਾ ਫਿਰਦਾ ਹੈ
ਸਹੀ ਰਾਹ 'ਤੇ

ਲੜ ਸਕਦੀ ਪਤਨੀ
ਬੇਵਜ੍ਹਾ ਖ਼ਰੀਦੇ ਬੈਗ ਲਈ
ਕੈਮਰੇ ਲਈ,
ਕੰਪਿਊਟਰ ਲਈ
ਸਮਾਰਟ ਫੋਨ ਦੇ
ਖ਼ਰਚੇ ਲਈ
ਮਹਿਮਾਨਾਂ ਦੇ ਆਉਣ ਤੇ
ਮਠਿਆਈ ਲਿਆਉਣ ਤੇ
ਪਾਣੀ ਵਾਲ਼ੀ ਟੂਟੀ ਨੂੰ
ਠੀਕ ਨਾ ਕਰਵਾਉਣ 'ਤੇ
ਜਾਂ ਖਿੱਚੀਆਂ ਫੋਟੋਆਂ 'ਚ
ਕੰਪਿਊਟਰ 'ਤੇ ਰੰਗ
ਗੂੜ੍ਹੇ ਫਿੱਕੇ ਕਰਨ 'ਤੇ
ਹਾਂ ਕੋਈ ਵੀ
ਵਜ੍ਹਾ ਹੋ ਸਕਦੀ ਹੈ

ਪਤਨੀਆਂ ਪਤੀਆਂ ਨੂੰ
ਸਿੱਧੀ ਤਰ੍ਹਾਂ
ਘਰੇਲੂ ਗ਼ਰਜ਼ਾਂ-ਲੋੜਾਂ ਦੇ
ਸਹੀ ਰਾਹ 'ਤੇ
ਲਿਆਉਣਾ ਚਾਹੁੰਦੀਆਂ ਨੇ
ਪਰ ਉਹ ਸਿੱਧੀ
ਤਰ੍ਹਾਂ ਨਹੀਂ ਆਉਂਦੇ
ਬਸ ਨਿਭੀ ਜਾਂਦੇ ਬੱਧੇ-ਰੁੱਧੇ
ਮਰਨ ਵਾਂਗ
ਮਰਨ ਤੱਕ।

ਆਖ਼ਰੀ ਪਰਤ ਵਿਚ ਆਪਣੇ ਆਪ ਨਾਲ ਸੰਵਾਦ ਹੈ ਜੋ ਕਿ ਬਹੁਤ ਹੀ ਮਹੱਤਵਪਰਨ ਹੈ। ਇਸ ਵਿਚ ਦਾਰਸ਼ਨਿਕ ਪ੍ਰਤੀ ਧੁਨੀਆਂ ਸੁਣਾਈ ਦਿੰਦੀਆਂ ਹਨ:-

'ਧੁਆਂਖੀ ਹੋਂਦ ਦੀ ਦਹਿਲੀਜ਼ 'ਤੇ ਜਗਦਾ ਰਿਹਾ ਹਾਂ ਮੈਂ ਤੇ ਆਪਣੀ ਲੋਅ ਦੇ ਅਸਲੀ ਮਾਇਨੇ ਲੱਭਦਾ ਰਿਹਾ ਹਾਂ ਮੈਂ।'

'ਜੋ ਬਣਨਾ ਚਾਹਿਆ ਸੀ ਉਹ ਕਦੇ ਵੀ ਬਣ ਨਾ ਹੋਇਆ
ਜੋ ਹਰਗਿਜ਼ ਨਹੀਂ ਚਾਹਿਆ ਸੀ ਉਹ ਬਣਦਾ ਰਿਹਾ ਹਾਂ ਮੈਂ।'

ਸੱਚਮੁੱਚ ਮਨੁੱਖ ਦੀਆਂ ਰੀਝਾਂ ਤੇ ਔਕਾਤ ਵਿਚਾਲੇ ਫ਼ਾਸਲੇ ਵਾਲੀ ਗੱਲ ਇਹਨਾਂ ਸ਼ੇਅਰਾਂ ਵਿਚ ਵਾਰ-ਵਾਰ ਸਾਹਮਣੇ ਆਉਂਦੀ ਹੈ। ਇਸ ਗਜ਼ਲ-ਸੰਗ੍ਰਹਿ ਨਾਲ ਜਗਵਿੰਦਰ ਯੋਧਾ ਨੇ ਇਕ ਹੋਰ ਨਵਾਂ ਕਦਮ ਪੁੱਟਿਆ ਹੈ ਅਤੇ ਉਮੀਦ ਹੈ ਕਿ ਇਹ ਸੰਗ੍ਰਹਿ ਉਨ੍ਹਾਂ ਲਈ ਇਕ ਨਵਾਂ ਮੀਲ ਪੱਥਰ ਸਾਬਤ ਹੋਵੇਗਾ। ਮਨੁੱਖੀ ਰਿਸ਼ਤਿਆਂ ਦੀ ਵਿਆਕਰਨ ਨੰ ਸਮਝਣ ਲਈ 'ਮੈਂ-ਅਮੈਂ' ਪੁਸਤਕ ਵਿਚਲੇ ਗਜ਼ਲਾਂ ਦੇ ਸ਼ੇਅਰਾਂ ਦੀ ਕਾਫ਼ੀ ਅਹਿਮੀਅਤ ਹੈ।

**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ**
**ਪੰਜਾਬ ਯੂਨੀਵਰਸਿਟੀ ਕੰਸਟੀਚੂਐਂਟ ਕਾਲਜ**
**ਨਿਹਾਲ ਸਿੰਘ ਵਾਲਾ।**

## ਅੰਤਰੀਵ ਦੀ ਯਾਤਰਾ–'ਚਾਲੀ ਦਿਨ' / ਡਾ. ਗੁਰਬਖ਼ਸ਼ ਸਿੰਘ ਭੰਡਾਲ

ਡਾ. ਗੁਰਪ੍ਰੀਤ ਧੁੱਗਾ ਦਾ ਨਾਵਲ 'ਚਾਲੀ ਦਿਨ' ਇਕ ਦਾਰਸ਼ਨਿਕ ਨਾਵਲ ਹੈ ਜੋ ਮਨੁੱਖ ਦੇ ਅੰਤਰੀਵ ਦੀ ਯਾਤਰਾ ਦਾ ਬਿਰਤਾਂਤ ਹੈ। ਸੱਭ ਤੋਂ ਔਖਾ ਹੁੰਦਾ ਹੈ ਆਪਣੇ ਆਪ ਨੂੰ ਮਿਲਣ ਦੀ ਤਾਂਘ ਪੈਦਾ ਕਰਨਾ ਅਤੇ ਅੰਦਰਲੇ ਸੱਚ ਦੀ ਖ਼ੋਜ ਕਰਨਾ ਜੋ ਮਨੁੱਖ ਨੂੰ ਇਨਸਾਨੀਅਤ ਦੇ ਰਾਹੀਂ ਤੋਰਦਾ ਹੈ। ਜਦ ਕੋਈ ਨੌਜਵਾਨ ਕੇਸਰ ਬਣਕੇ ਫ਼ਕੀਰ ਦੀ ਸੰਗਤ ਵਿਚ ਸਿਆਣਪਾਂ ਅਤੇ ਸਮੁੱਤਾਂ ਨੂੰ ਆਪਣੇ ਅੰਤਰੀਵ ਵਿਚ ਉਤਾਰਦਾ ਹੈ ਤਾਂ ਉਸਨੂੰ ਪਤਾ ਲੱਗਦਾ ਹੈ ਕਿ ਫੱਕਰਾਂ ਦੀ ਝੋਲੀ ਵਿਚ ਅਜੇਹੀਆਂ ਸੁਮੱਤਾਂ ਹੁੰਦੀਆਂ ਜਿਨ੍ਹਾਂ ਨਾਲ ਦੁਨੀਆਂ ਸੁੰਦਰ ਅਤੇ ਮਨੁੱਖੀ ਜੀਵਨ ਸਾਰਥਿਕ ਹੋ ਸਕਦਾ ਹੈ। ਦਰਅਸਲ 'ਚਾਲੀ ਦਿਨ' ਚਲੀਹੇ ਵਾਂਗ ਹਨ ਜਦ ਜੋਗੀ ਖ਼ੁਦ ਨੂੰ ਮਿਲਣ ਲਈ ਸਰੀਰਕ ਕਸ਼ਟਾਂ ਨੂੰ ਮਾਣਦਿਆਂ, ਸੱਚ ਦੀ ਖੋਜ ਵਿਚ ਨਿਕਲਦੇ ਅਤੇ ਹਰ ਦਿਨ ਉਨ੍ਹਾਂ ਦੇ ਹਨੇਰੇ ਜੀਵਨ ਵਿਚ ਚਾਨਣ-ਕਿਰਨਾਂ ਲੈ ਕੇ ਦਸਤਕ ਦਿੰਦਾ। ਅੰਦਰ ਨੂੰ ਰੌਸ਼ਨ ਕਰਦਾ ਤੇ ਫਿਰ ਬੰਦਾ ਅੰਦਰ ਤੋਂ ਬਾਹਰ ਦੇ ਸਫ਼ਰ ਤੇ ਤੁੱਰਦਾ।

ਇਸ ਨਾਵਲ ਵਿਚ ਆਪਣੀ ਦਾਦੀ ਦੀ ਸੰਗਤ ਵਿਚ ਪਲੇ ਕੇਸਰ ਦੇ ਮਨ ਵਿਚ ਆਪਣੇ ਪਿਤਾ ਨੂੰ ਤਲਾਸ਼ਣ ਦੀ ਤਲਬ ਮਨ ਵਿਚ ਪੈਦਾ ਹੁੰਦੀ ਹੈ ਅਤੇ ਉਹ ਇਕ ਫ਼ਕੀਰ ਨਾਲ ਆਪਣੇ ਬਾਪ ਨੂੰ ਲੱਭਣ ਤੁੱਰਦਾ ਹੈ। ਦਰਅਸਲ ਇਹ ਖ਼ੁਦ ਨੂੰ ਤਲਾਸ਼ਣ ਦੀ ਯਾਤਰਾ ਹੀ ਹੈ। ਇਸ ਯਾਤਰਾ ਦੀਆਂ ਬਹੁਤ ਸਾਰੀਆਂ ਪਰਤਾਂ ਉਖੜਦੀਆਂ ਹਨ। ਇਸ ਵਿਚ ਪੰਜਾਬ ਦੇ ਦੁਆਬੇ ਤੋਂ ਬੀਕਾਨੇਰ ਤੀਕ ਦੇ ਵੱਖ ਵੱਖ ਖਿੱਤਿਆਂ ਦਾ ਧਰਾਤਲੀ ਰੂਪ, ਲੋਕਾਂ ਦਾ ਰਹਿਣ-ਸਹਿਣ, ਉਨ੍ਹਾਂ ਦੀ ਜੀਵਨ-ਜਾਚ ਅਤੇ ਵਰਤੋਂ ਵਿਹਾਰ ਵੀ ਹਾਜਰ-ਨਾਜ਼ਰ ਹੈ। ਇਸ ਵਿਚ ਵੰਡ ਦਾ ਦਰਦ ਵੀ ਹੈ। ਰੌਲਿਆਂ ਵੇਲੇ ਗਵਾਚੀ ਆਪਣੀ ਭੈਣ ਨੂੰ ਇਕ ਮੇਲੇ ਵਿਚ ਮਿਲਣਾ ਵੀ। ਜਦ ਭੈਣ ਦੇਖ ਕੇ ਵੀ ਭਰਾ ਤੋਂ ਵਿੱਥ ਸਿਰਜਦੀ ਤਾਂ ਕੇਸਰ ਦੇ ਮਨ ਦੀ ਉਥਲ-ਪੁੱਥਲ ਤੋਂ ਇਲਾਵਾ ਭੈਣ ਦੇ ਮਨ ਵਿਚ ਕੀ ਚੱਲਦਾ ਹੋਵੇਗਾ, ਬਹੁਤ ਕੁਝ ਅਣਲਿਖਿਆ ਨਾਵਲ ਵਿਚ ਨਜ਼ਰ ਆਉਂਦਾ ਹੈ।



ਦਾਰਸ਼ਨਿਕ ਰੂਪ ਵਿਚ ਵਿਉਂਤੇ ਗਏ ਇਸ ਨਾਵਲ ਵਿਚ ਜੀਵਨ ਦੀਆਂ ਉਸਾਰੂ ਸੁਮੱਤਾਂ ਨੂੰ ਲੋਕ-ਗਾਥਾਵਾਂ, ਪ੍ਰਚਲਤ ਕਹਾਣੀਆਂ ਜਾਂ ਇਤਿਹਾਸ/ਮਿਥਿਹਾਸ ਰਾਹੀਂ ਜਦ ਪਾਠਕ ਪੜ੍ਹਦਾ ਹੈ ਤਾਂ ਉਸਦੇ ਮਨ ਵਿਚ ਵੀ ਚੰਗੇਰਾ ਮਨੁੱਖ ਬਣਨ ਦੀ ਚਾਹਨਾ ਪੈਦਾ ਹੁੰਦੀ ਹੈ। ਦਰਅਸਲ ਇਹ ਜੁੱਗਤ ਅਕਸਰ ਹੀ ਮਹਾਤਮਾ ਲੋਕ ਜਾਂ ਸਾਡੇ ਬਜ਼ੁਰਗ ਆਮ ਗੱਲਬਾਤ ਦੌਰਾਨ ਵਰਤਦੇ ਹਨ। ਇਹ ਸਿਆਣਪਾਂ ਸਾਡੀ ਵਿਰਾਸਤ ਦਾ ਹਿੱਸਾ ਹਨ। ਲੋੜ ਹੈ ਕਿ ਅਸੀਂ ਇਸ ਵਿਰਾਸਤ ਨੂੰ ਚੇਤੇ ਰੱਖੀਏ।




ਇਹ ਵੀ ਕਮਾਲ ਦੀ ਗੱਲ ਹੈ ਕਿ ਡਾ. ਧੁੱਗਾ ਮੈਡੀਕਲ ਕਿੱਤੇ ਵਿਚ ਹੁੰਦੇ ਹੋਏ ਵੀ ਪੰਜਾਬੀ ਅਦਬ ਨਾਲ ਗੂੜ੍ਹੇ ਰੂਪ ਵਿਚ ਜੁੱੜੇ ਹੋਏ ਹਨ। ਉਹ ਪੰਜਾਬੀ ਮੁਹਾਵਰਿਆਂ ਅਤੇ ਵੱਖ ਵੱਖ ਖਿੱਤਿਆਂ ਵਿਚ ਬੋਲੀਆਂ ਜਾਂਦੀਆਂ ਬੋਲੀਆਂ ਤੋਂ ਵੀ ਵਾਕਫ਼ ਹਨ। ਨਾਵਲ ਵਿਚ ਹਰ ਦਿਨ ਦੀ ਸ਼ੁਰੂਆਤ ਵਿਚ ਸੂਝ ਭਰਪੂਰ ਵਾਕ ਜਾਂ ਕਿਸੇ ਲੋਕ ਗੀਤ ਜਾਂ ਕਵਿਤਾ ਨਾਲ ਸ਼ੁਰੂ ਕਰਦੇ ਹਨ ਜਿਹੜਾ ਉਸ ਦਿਨ ਵਿਚ ਵਾਪਰਨ ਵਾਲੀ ਕਿਸੇ ਵੀ ਘਟਨਾ ਨੂੰ ਉਸਾਰੂ ਰੂਪ ਵਿਚ ਪ੍ਰਗਟਦਾ ਅਤੇ ਹੋਣ ਵਾਲੇ ਕਿਸੇ ਵਰਤਾਰੇ ਦੀ ਸੂਹ ਵੀ ਦਿੰਦਾ ਹੈ।

ਅਵਚੇਤਨੀ ਅਵਸਥਾ ਵਿਚ ਲਿਖਿਆ ਇਹ ਨਾਵਲ ਕੇਸਰ ਦਾ ਦਾਦੀ ਨਾਲ ਮੁਹੱਬਤ-ਨਾਮਾ ਹੈ, ਜੀਤੀ ਨਾਲ ਇਕ ਮੂਕ ਪਿਆਰ ਦੀ ਕਥਾ ਹੈ ਅਤੇ ਆਪਣੇ ਬਾਪ ਨੂੰ ਮਿਲਣ ਦੀ ਤਾਂਘ ਵੀ। ਅਖੀਰ ਵਿਚ ਜਦ ਉਹ ਆਪਣੇ ਬਾਪ ਨੂੰ ਮਿਲਣ ਲਈ ਸਰਾਂ ਵਿਚ ਪਹੁੰਚਦਾ ਹੈ ਅਤੇ ਦੇਖਦਾ ਹੈ ਕਿ ਲਾਸ਼ ਵਾਲਾ ਵਿਅਕਤੀ ਫ਼ਕੀਰ ਹੀ ਹੈ ਜੋ ਦਰਅਸਲ ਉਸਦਾ ਹੀ ਪਿਤਾ ਸੀ। ਅਵਚੇਤਨ ਵਿਚ ਇਨ੍ਹਾਂ ਚਾਲੀ ਦਿਨਾਂ ਵਿਚ ਉਹ ਆਪਣੇ ਬਾਪ ਦਾ ਹੀ ਸੰਗ ਮਾਣਦਾ ਰਿਹਾ। ਅਸਲ ਵਿਚ ਬਾਪ ਸਾਡੇ ਅੰਦਰ ਹੀ ਵੱਸਦਾ ਹੈ। ਸਿਰਫ਼ ਉਸਨੂੰ ਲੱਭਣ ਦੀ ਲੋੜ ਹੈ। ਜਦ ਮਿਲ ਜਾਵੇ ਤਾਂ ਬਾਪ ਸਾਡੇ ਰਾਹਾਂ ਲਈ ਰੌਸਨੀ ਬਣਦਾ, ਤਿੱਖੜ ਦੁਪਹਿਰਾਂ ਵਿਚ ਛਾਂ ਅਤੇ ਸਰਦੀਆਂ ਵਿਚ ਕੋਸੀ ਕੋਸੀ ਧੁੱਪ।

'ਚਾਲੀ ਦਿਨ' ਨਾਵਲ ਅਜੇਹੇ ਵਾਕਾਂ ਨਾਲ ਭਰਿਆ ਪਿਆ ਹੈ ਜੋ ਜੀਵਨ ਦਾ ਸੱਚ ਹਨ। ਇਨ੍ਹਾਂ ਤੋਂ ਬੇਮੁੱਖਤਾ ਹੀ ਦਰਅਸਲ ਕਸ਼ਟਾਂ ਦਾ ਕਾਰਨ, ਦੁਨਿਆਵੀ ਕਲੇਸ਼ਾਂ ਦੀ ਜੜ੍ਹ ਅਤੇ ਮਨੁੱਖੀ ਨਕਾਮੀਆਂ ਦਾ ਅਧਾਰ ਹੈ। ਜਿਵੇਂ 'ਡਰਿਆ ਮਨ ਤਾਂ ਸਰੀਰ ਨੂੰ ਅੱਧੀ ਲਾਸ਼ ਬਣਾ ਦਿੰਦਾ ਹੈ', 'ਫੂਕ ਮਾਰ ਕੇ ਮੋਮਬੱਤੀ ਤਾਂ ਬੁਝਾਈ ਜਾ ਸਕਦੀ ਹੈ ਅਗਰਬੱਤੀ ਨਹੀਂ", 'ਕੋਈ ਵੀ ਸੱਚ ਅੰਤਮ ਸੱਚ ਨਹੀਂ ਹੁੰਦਾ', 'ਤੂਫਾਨ ਤੋਂ ਬਚਣ ਲਈ ਸੱਭ ਤੋਂ ਸੁਰੱਖ਼ਿਅਤ ਜਗਾ ਤੂਫ਼ਾਨ ਦੀ ਅੱਖ ਹੁੰਦੀ ਹੈ', 'ਬੰਜ਼ਰ ਜ਼ਮੀਨਾਂ ਤੇ ਅਣਖ ਨਹੀਂ ਉਗਦੀ', 'ਇਤਿਹਾਸ ਤਾਂ ਕੌਂਮ ਦੀ ਜੜ੍ਹ ਹੁੰਦੇ ਨੇ। ਜੋ


## ਕਵਿਤਾਵਾਂ / ਦਵਿੰਦਰ ਬਾਂਸਲ, ਟੋਰਾਂਟੋ

### ਨਵੀਂ ਜੰਗ

ਮੈਂ
ਪਛਾੜ ਆਈ ਹਾਂ
ਸਾਰਾ ਜ਼ਮਾਨਾ
ਜ਼ਮਾਨੇ ਦਾ ਦਬੇਲ ਵਾਤਾਵਰਣ
ਹਰ ਮੁਸ਼ਕਿਲ ਨੂੰ,
ਹਰ ਚਣੌਤੀ ਨੂੰ
ਕਰ ਲਿਆ ਹੈ ਸਰ

ਮੈਂ
ਹੁਣ !
ਮੂਕ ਨਹੀਂ ਹਾਂ
ਕੱਟ ਦਿੱਤਾ ਹੈ
ਸਦੀਆਂ ਤੋਂ ਮੇਰੀ ਜੀਭ ਨੂੰ
ਜਕੜੀ ਬੈਠਾ ਤੰਦੂਆ

ਮਰਦਾਵੇਂ ਯੁੱਧਾਂ ਤੋਂ ਪਾਰ
ਹੁਣ ਮੇਰੀ ਨਵੀਂ
ਜੰਗ ਜਾਰੀ ਹੈ
ਆਪਣੀ ਹੀ ਧਿਰ
ਦੇ ਖ਼ਿਲਾਫ
ਜਿਸਦੇ ਤੌਰ-ਤਰੀਕੇ
ਮਰਦਾਵੇਂ ਹਮਲਿਆਂ



ਤੋਂ ਵੀ ਵੱਧ
ਹੋ ਗਏ ਨੇ ਖ਼ਤਰਨਾਕ

ਇਸ ਜੰਗ 'ਚ ਮਰਦ ਨੇ
ਮੂਕ ਦਰਸ਼ਕ।

### ਅੱਜਕੱਲ੍ਹ

ਮੈਂ!
ਅੱਜਕੱਲ੍ਹ
ਨਿਰੋਲ ਸੱਚ ਦੀ
ਪਟੜੀ 'ਤੇ ਚਲਦਿਆਂ
ਝੱਟ ਕੱਟ ਜਾਂਦੀ ਹਾਂ
ਝੂਠ ਵੱਲ ਮੋੜ

ਸਿੱਖ ਲਿਆ ਹੈ
ਮੌਕੇ ਅਨੁਸਾਰ ਜੀਭ ਨੂੰ
ਹਿਲਾਉਣ ਦਾ ਹੁਨਰ
ਆ ਗਈ ਹੈ, ਲਫਜ਼ਾਂ ਨੂੰ
ਘੁਮਾਉਣ ਦੀ ਜਾਚ

ਮੂੰਹ ਘੁੱਟ ਕੇ ਰੱਖਣਾ,
ਹਰ ਵਾਪਰਦੇ ਵਰਤਾਰੇ ਤੋਂ
ਹੋ ਬੇਨਿਆਜ਼
ਬਸ ਧਰਨਾ
ਸਵੈ-ਹਿੱਤ ਦਾ ਧਿਆਨ
ਮੰਡੀ 'ਚ ਵਿਚਰਨਾ
ਜਿਣਸਾਂ ਵਾਂਗ

ਸੱਤਾ ਦੇ ਬਖ਼ਸ਼ੇ ਮੰਤਰ ਦਾ
ਸਿੱਖ ਲਿਆ ਹੈ ਰਟਨ
ਘਰ ਤੋਂ ਦਫ਼ਤਰ
ਦਫ਼ਤਰ ਤੋਂ ਘਰ ਦੇ
ਸਫ਼ਰ 'ਚ ਰਹਿੰਦੀ ਹਾਂ ਲੀਨ

ਘਰ, ਬਾਹਰ
ਰਿਸ਼ਤੇਦਾਰਾਂ, ਕੁਲੀਗਾਂ ਦੇ
ਕਹਿਣ ਅਨੁਸਾਰ
ਮੈਂ ਹੋ ਗਈ ਹਾਂ
ਬੇਹੱਦ ਸਿਆਣੀ-ਸੁਝਵਾਨ।

ਇਤਿਹਾਸ ਪੜ੍ਹਦੇ ਨਹੀਂ ਉਹ ਇਤਿਹਾਸ ਸਿਰਜ ਵੀ ਨਹੀਂ ਸਕਦੇ', 'ਜਿਸਦੀ ਸੋਚ ਅਜ਼ਾਦ ਹੈ ਉਹ ਝੌਂਪੜੀ ਵਿਚ ਵੀ ਬਾਦਸ਼ਾਹ ਹੈ', 'ਮੁਸਕਰਾਉਂਦੇ ਚਿਹਰਿਆਂ ਦੇ ਪਿੱਛੇ ਕਬਰਾਂ ਦੇ ਸੰਨਾਟੇ ਵੀ ਹੋ ਸਕਦੇ ਨੇ' ਆਦਿ।

ਇਹ ਨਾਵਲ ਦਰਅਸਲ ਸੋਚ-ਸਮਾਧੀ ਹੈ ਜਿਹੜੀ ਸਿਰਫ਼ ਜਾਗਦੀ ਸੋਚ ਵਾਲੇ ਹੀ ਲਾ ਸਕਦੇ। ਇਸ ਸਮਾਧੀ ਵਿਚੋਂ ਉਹ ਜੀਵਨੀ ਕਦਰਾਂ-ਕੀਮਤਾਂ ਦੇ ਮਾਣਕ ਮੋਤੀ ਪ੍ਰਾਪਤ ਕਰ, ਖੁਦ ਨੂੰ ਸਫ਼ਲ ਕਰਦੇ ਤੇ ਸਮਾਜ ਨੂੰ ਵੀ ਮਾਣਮੱਤਾ ਮਹਿਸੂਸ ਕਰਵਾਉਂਦੇ। ਚਾਲੀ ਦਿਨਾਂ ਦੀ ਸੂਖ਼ਮ-ਸਮਾਧੀ ਲਈ ਡਾ. ਗੁਰਪ੍ਰੀਤ ਧੁੱਗਾ ਵਧਾਈ ਦਾ ਪਾਤਰ ਹੈ ਜਿਸਨੇ ਅਵਚੇਤਨ ਵਿਚ ਉਤਰ ਕੇ ਅਜੇਹੀ ਸਮਾਧੀ ਲਗਾਈ ਹੈ।

ਦਰਅਸਲ ਬਹੁਤ ਚਿਰ ਬਾਅਦ ਕੋਈ ਕਿਰਤ ਅਜੇਹੀ ਆਈ ਹੈ ਜੋ ਤੁਹਾਡੇ ਨਾਲ ਸੰਵਾਦ ਰਚਾਉਂਦੀ ਹੈ। ਇਸ ਸੰਵਾਦ ਵਿਚੋਂ ਕੀ ਲਾਹਾ ਲੈਂਦੇ ਹੋ, ਇਹ ਤਾਂ ਪਾਠਕ 'ਤੇ ਨਿਰਭਰ ਕਰਦਾ। ਪਰ ਸੱਭ ਤੋਂ ਪ੍ਰਮੁੱਖ ਹੁੰਦਾ ਹੈ ਖ਼ੁਦ ਨੂੰ ਮਿਲਣ ਲਈ ਸੰਵਾਦ ਤੇ ਸੰਚਾਰ ਦਾ ਆਰੰਭ ਕਰਨਾ। ਇਸ ਦਿਸ਼ਾ ਵੱਲ 'ਚਾਲੀ ਦਿਨ' ਚੰਗੀ ਸ਼ੁਰੂਆਤ ਹੈ।

ਉਮੀਦ ਹੈ ਡਾ. ਗੁਰਪ੍ਰੀਤ ਧੁੱਗਾ ਆਪਣੇ ਅਦਬੀ ਸਫ਼ਰ ਨੂੰ ਜਾਰੀ ਰੱਖਦਾ, ਅਦਬੀ ਖੇਤਰ ਵਿਚ ਹੋਰ ਵੱਡੀਆਂ ਪੁਲਾਂਘਾਂ ਪੁੱਟੇਗਾ ਅਤੇ ਆਪਣੀ ਵਿਲੱਖਣ ਥਾਂ ਨਿਸ਼ਚਿਤ ਕਰੇਗਾ ਜਿਸਦੀ ਆਰੰਭਤਾ ਤਾਂ 'ਚਾਲੀ ਦਿਨ' ਨੇ ਕਰ ਹੀ ਦਿੱਤੀ ਹੈ।

## ਇੱਕ ਖ਼ਿਆਲ / ਨਿਰੂਪਮਾ ਸਿੰਘ




ਇੱਕ ਦਿਨ
ਇਸ ਵਹਾਅ ਵਿੱਚ
ਸਾਰੇ ਵਹਿ ਜਾਣਗੇ
ਰਹਿ ਜਾਣਗੇ
ਮੁੱਠੀ ਭਰ ਅਹਿਸਾਸ
ਚੁਨਿੰਦਾ ਖੁਸ਼ੀਆਂ ਦੇ ਪਤੇ
ਢੇਰ ਸਾਰੇ ਦੁੱਖਾਂ ਦੇ
ਬੰਦ ਲਿਫ਼ਾਫੇ
ਅਫ਼ਸੋਸ ਨਾ ਤੂੰ
ਅਏਂਗਾ ਦੇਖਣ
ਨਾ ਮੈਂ ਹੀ ਆਵਾਂਗੀ
ਸੁਣਨ ਦੇ ਲਈ

ਬਸ ਚਰਚੇ ਹੀ ਖਾਸ ਹੋਣਗੇ
ਤੇ ਰਹਿ ਜਾਣਗੇ
ਕੁਝ ਅਵਸ਼ੇਸ਼
ਧੂੜ ਨਾਲ ਭਰੇ
ਨਦੀ ਦੇ ਕਿਨਾਰੇ ਪਏ
ਕੁਝ ਜੀਵਾਂ ਦੇ
ਟੁੱਟੇ ਫੁੱਟੇ ਕਵਚ
ਕਿੰਨੇ ਪੈਰ ਮਸਲ ਕੇ ਉਨ੍ਹਾਂ ਨੂੰ
ਤੁਰ ਜਾਣਗੇ
ਬਸ ਦੂਰ ਤੋਂ ਹੀ ਮੈਂ ਤੇ ਤੂੰ
ਉਨ੍ਹਾਂ ਜ਼ਖਮਾਂ ਨੂੰ
ਸਹਿਲਾਵਾਂਗੇ

ਹੇ ਪ੍ਰਿਥਵੀ !
ਜਦੋਂ ਜਦੋਂ ਵੀ ਮੈਲਾ ਹੋਵੇਗਾ
ਤੇਰਾ ਕੋਰਾ ਆਂਚਲ
ਪੀੜਿਤ ਨਾਰੀ ਦੀਆਂ
ਚੀਕਾਂ ਨਾਲ
ਅਸੀਂ ਵੀ ਜਾਰ ਜਾਰ ਰੋਵਾਂਗੇ।

## ਕਵਿਤਾਵਾਂ / ਕੁਲ ਰਾਜੀਵ ਪੰਤ



**1.**
ਨਹੀਂ ਰਹਿ ਸਕੇ ਜ਼ਿਆਦਾ ਦਿਨ
ਕਾਗਜ਼ ਦੀਆਂ ਜੇਬਾਂ ਵਿੱਚ ਰੱਖੇ
ਵਾਅਦੇ ਤੇ ਵਿਸ਼ਵਾਸ
ਤੇਰੇ ਆਉਣ ਤੇ ਜਾਣ ਦੇ ਸੁਨੇਹੇ
ਉਨ੍ਹਾਂ ਵਿੱਚ ਹੀ ਤਾਂ ਲੁਕੇ ਸਨ

ਛੋਟੀਆਂ ਛੋਟੀਆਂ ਜੇਬਾਂ
ਆਸ ਅਤੇ ਵਿਸ਼ਵਾਸ ਨਾਲ
ਭਰੀਆਂ ਰਹਿੰਦੀਆਂ ਸਨ


ਪਤਾ ਹੀ ਨਹੀਂ ਲੱਗਿਆ
ਸਮੇਂ ਨੇ ਕੱਟ ਦਿੱਤੀਆਂ ਜੇਬਾਂ
ਤੇ ਉਡਾ ਕੇ ਲੈ ਗਿਆ
ਸਾਰੀਆਂ ਯਾਦਾਂ

**2.**
ਵਰਣਮਾਲਾ ਸਿੱਖਦੇ ਸਿੱਖਦੇ
ਟੇਢੇ ਮੇਢੇ ਅੱਖਰ
ਸਲੇਟ ਤੇ ਫੱਟੀ ਤੋਂ ਹੋ ਕੇ
ਕਾਗਜ਼ ਦੀ ਜੇਬ
ਵਿੱਚ ਹੀ ਗਏ ਸਨ

ਵਰ੍ਹਿਆਂ ਬਾਅਦ ਜਦੋਂ ਇੱਕ ਦਿਨ
ਉਨ੍ਹਾਂ ਅੱਖਰਾਂ ਨਾਲ ਨਜ਼ਰ ਮਿਲੀ
ਤਾਂ ਉਹ ਖੁਸ਼ੀ ਨਾਲ ਚਹਿਕ ਉੱਠੇ
ਲੱਗਿਆ ਕਿ ਜਿਵੇਂ
ਮੇਰੀ ਹੀ ਉਡੀਕ ਕਰ ਰਹੇ ਸਨ
ਉਦੋਂ ਕਾਗਜ਼ ਦੀਆਂ
ਜੇਬਾਂ ਦੇ ਅੰਦਰੋਂ
ਇੱਕ ਆਵਾਜ਼ ਆਈ
ਅ ਤੋਂ ਅਨਾਰ, ਅ ਤੋਂ ਅੰਬ।

**ਅਨੁਵਾਦ: ਅ.ਕ.**

## ਹਾਸਾ ਤੁਹਾਡਾ ਹੈ / ਦਿਵਿਕ ਰਮੇਸ਼



ਹਾਸਾ ਤੁਹਾਡਾ ਹੈ
ਕਿਸੇ ਦੇ ਪਿਉ ਦਾ ਨਹੀਂ
ਤੁਸੀਂ ਹੱਸੋ ਹਜ਼ੂਰ
ਖੁੱਲ੍ਹ ਕੇ ਹੱਸੋ

ਜਦੋਂ ਤੱਕ ਚਾਹੋ ਉਦੋਂ ਤੱਕ ਹੱਸੋ
ਹੱਸਦੇ ਹੱਸਦੇ ਭਾਵੇਂ ਪਾਗਲ ਹੋ ਜਾਉ
ਜਾਂ ਸਿਧਾਰ ਜਾਓ ਪਰਲੋਕ ਹੀ
ਹਾਸਾ ਤੁਹਾਡਾ ਹੈ
ਤੁਹਾਡੇ ਸ਼ੇਰੂ ਜਬ੍ਹਾੜ੍ਹਿਆਂ ਦਾ
ਸਾਨੂੰ ਤਾਂ ਬਸ ਏਨਾ ਦੱਸ ਦਿਉ
ਉਹ ਦਰਖਤ ਕਿੱਥੇ ਲੱਗੇ ਨੇ
ਜਿੱਥੇ ਹਾਸੇ ਦੇ ਏਨੇ ਫਲ ਲੱਗਦੇ ਨੇ

ਮੇਰੀ ਤਾਂ ਜਿੱਥੋਂ ਤੱਕ ਜਾਂਦੀ ਹੈ ਨਜ਼ਰ
ਕਿਤੇ ਕੋਈ ਨਜ਼ਰ ਆਉਂਦਾ ਨਹੀਂ
ਪੌਦਾ ਹਾਸੇ ਦਾ
ਦੇਖੋ ਜ਼ਰਾ ਧਿਆਨ ਨਾਲ ਦੇਖੋ ਹਜ਼ੂਰ
ਲੱਗਦਾ ਨਹੀਂ ਕੀ
ਨੋਚ ਨੋਚ ਕੇ ਲੁੱਟਿਆ ਹੈ ਇਥੇ
ਹਾਸਾ ਕਿਸੇ ਨੇ

ਕਿੱਥੇ ਹੋਵੇਗਾ ਉਹ ਲੁੱਟਿਆ ਹੋਇਆ
ਖਜਾਨਾ ਹਾਸੇ ਦਾ
ਦੇਖੋ
ਕਿਸੇ ਗੋਲ ਇਮਾਰਤ ਦੇ ਵਾਂਗ
ਚੇਹਰਾ ਨਾ ਕਰੋ ਗੋਲ
ਨਹੀਂ ਤਾਂ ਗੋਲ ਹੀ ਹੋ ਜਾਏਗੀ ਗੱਲ

ਹੱਸਦੇ ਹੱਸਦੇ ਹੀ ਸਹੀ
ਪਰ ਕਹੋ ਹਾਸਾ ਤੁਹਾਡਾ ਹੈ
ਕਿਸੇ ਦੇ ਪਿਉ ਦਾ ਤਾਂ ਨਹੀਂ।

# ਪੰਜਾਬੀਅਤ ਦੇ ਪਛਾਣ-ਚਿੰਨ / ('ਨੂਰਪੁਰੀ' ਦੇ ਗੀਤਾਂ ਦੇ ਸੰਦਰਭ ਵਿੱਚ) / ਰਵਿੰਦਰ ਸਿੰਘ

ਨੰਦ ਲਾਲ 'ਨੂਰਪੁਰੀ' ਨੇ ਪੰਜਾਬੀ ਜੀਵਨ ਦੇ ਯਥਾਰਥਕ ਪੱਖ ਨੂੰ ਕਵਿਤਾ ਦਾ ਵਿਸ਼ਾ ਬਣਾਇਆ ਅਤੇ ਜੀਵਨ ਦੇ ਅਸਲੀ ਕੀਮਤਾਂ ਅਤੇ ਮੁੱਲਾਂ ਨੂੰ ਕਾਵਿਕ ਪ੍ਰਸੰਗ ਵਿੱਚ ਚਿਤਰਿਆ। ਉਹਨਾਂ ਨੂੰ ਕਵਿਤਾ ਦੀ ਅਸਲੀ ਰੂਪ-ਰੇਖਾ ਅਤੇ ਉਸ ਦੇ ਅਰਥ-ਪ੍ਰਬੰਧ ਬਾਰੇ ਪੂਰੀ ਜਾਣਕਾਰੀ ਸੀ ਜਿਸ ਨਾਲ਼ ਉਹਨਾਂ ਦੀ ਕਵਿਤਾ ਪੰਜਾਬੀ ਅਵਚੇਤਨ ਉੱਤੇ ਬਹੁ-ਪੱਧਰੀ ਅਤੇ ਬਹੁ-ਪਾਸਾਰੀ ਪ੍ਰਭਾਵ ਪਾਉਂਦੀ ਹੈ। ਨੰਦ ਲਾਲ 'ਨੂਰਪੁਰੀ' ਪੰਜਾਬੀ ਸਾਹਿਤ ਦਾ ਇੱਕ ਮੁਜੱਸਮਾ ਸੀ ਜਿਸ ਨੇ ਪੰਜਾਬੀ ਸਮਾਜਿਕ ਸੱਭਿਆਚਾਰਕ ਯਥਾਰਥ ਨੂੰ ਆਪਣੀ ਰਚਨਾ ਦਾ ਹਿੱਸਾ ਬਣਾਇਆ। ਨੰਦ ਲਾਲ 'ਨੂਰਪੁਰੀ' ਨੇ ਪੰਜਾਬ ਦੀਆਂ ਇਹਨਾਂ ਬਦਲਦੀਆਂ ਸਮਾਜਿਕ ਸੱਭਿਆਚਾਰਕ ਪ੍ਰਸਥਿਤੀਆਂ ਨੂੰ ਆਪਣੀ ਕਵਿਤਾ ਵਿੱਚ ਬਿੰਬਾਂ ਅਤੇ ਪ੍ਰਤੀਕਾਂ ਦੁਆਰਾ ਬੜੇ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਹੈ ਅਤੇ ਪੰਜਾਬੀਅਤ ਦੀ ਇਤਿਹਾਸਕ ਵਿਰਾਸਤ ਨੂੰ ਕਾਵਿ-ਪ੍ਰਬੰਧ ਵਿੱਚ ਵਿਸ਼ਾ ਬਣਾਇਆ। ਨੂਰਪੁਰੀ ਨੇ ਆਪਣੀਆਂ ਰਚਨਾਵਾਂ ਵਿੱਚ ਸਿੱਖ ਇਤਿਹਾਸ ਨੂੰ ਪੰਜਾਬੀਅਤ ਦੇ ਸਮਾਜਿਕ ਪ੍ਰਸੰਗ ਵਿੱਚ ਬੜੀ ਪਾਰਦਰਸ਼ਤਾ ਨਾਲ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ। ਪੰਜਾਬੀਅਤ ਦੇ ਬਿੰਬ ਦੀ ਇਸ ਪੇਸ਼ਕਾਰੀ ਵਿੱਚ ਉਸ ਨੇ ਇਤਿਹਾਸ ਦੇ ਯਥਾਰਥਕ ਰੂਪ ਦੀ ਵਰਤੋਂ ਕੀਤੀ ਜਿਸ ਵਿੱਚ ਸਮਾਜਿਕ ਤੇ ਆਰਥਿਕ ਪੱਖ ਵੀ ਸ਼ਾਮਿਲ ਹੈ ਅਤੇ ਪੰਜਾਬੀਅਤ ਦਾ ਸੰਕਲਪ ਇਸ ਦੀ ਸੱਭਿਆਚਾਰਕ ਪ੍ਰਸਥਿਤੀ ,ਭੂਗੋਲਿਕ ਰੂਪ-ਰੇਖਾ ਤੇ ਰਾਜਸੀ ਕਾਰਜੀ ਸਮਰਥਾ ਦੇ ਵਿਚਾਰਧਾਰਕ ਸੰਕਲਪਾਂ ਅਨੁਸਾਰ ਪਰਿਭਾਸ਼ਤ ਹੁੰਦਾ ਹੈ:

"'ਪੰਜਾਬੀਅਤ' ਸ਼ਾਬਦਿਕ ਪੱਧਰ ਤੇ ਚਾਰ ਜੁਜ਼ਾਂ ਦਾ ਸੁਮੇਲ ਹੈ। ਪੰਜਾਬ ਪੰਜ ( ਗਿਣਤੀਮੂਲਕ ਅੰਕ) ਅਤੇ ਆਬ (ਪਾਣੀ ਤੇ ਵਡੇਰੇ ਅਰਥਾਂ ਵਿਚ ਦਰਿਆਵਾਂ ਦਾ ਪ੍ਰਤੀਕ ) ਤੋਂ ਬਣਿਆ ਸਮਾਸ ਹੈ,ਜਿਹੜਾ ਇਕ ਵਿਸ਼ੇਸ਼ ਭੂਗੋਲਿਕ ਖਿੱਤੇ ਦਾ ਸੂਚਕ ਹੈ। ਪੰਜਾਬ ਤੋਂ 'ਈ' ਪਿਛੇਤਰ ਲਗਾ ਕੇ ਇਹ ਖ਼ਾਸ ਨਾਂਵ ਵਾਚਕ ਸ਼ਬਦ 'ਪੰਜਾਬੀ ਵਿਸ਼ੇਸ਼ਣ,ਜੋ ਪੰਜਾਬੀ ਸੱਭਿਆਚਾਰਕ ਸਮੂਹ ਅਤੇ ਪੰਜਾਬੀ ਭਾਸ਼ਾ ਦੀ ਸ਼ਨਾਖਤ ਦਾ ਸੂਚਕ ਹੈ। ਪੰਜਾਬੀਅਤ ਇਕ ਭਾਵ-ਵਾਚਕ ਨਾਂਵ ਹੈ, ਜਿਹੜਾ ਪੰਜਾਬੀ ਸ਼ਬਦ ਦੇ ਪਿੱਛੇ 'ਅਤ' ਪਿਛੇਤਰ ਲਗਾ ਕੇ ਬਣਾਇਆ ਗਿਆ ਹੈ। ਪੰਜਾਬੀਅਤ ਦੇ ਸਰਲ ਅਰਥਾਂ ਵਿੱਚ ਪੰਜਾਬ ਦੀ ਭੂਗੋਲਿਕ ਖਿੱਤੇ ਦੀ ਸਮੁੱਚੀ ਸ਼ਨਾਖਤ ਤੇ ਉਹ ਸਾਰੇ ਨਿਖੜਵੇਂ ਵਿਸ਼ੇਸ਼ਣੀ ਤੱਤ,ਲੱਛਣ ਮੌਜੂਦ ਹਨ, ਜ਼ੋ ਇਸਨੂੰ ਮਨੁੱਖੀ ਸੱਭਿਆਚਾਰਾਂ ਦੇ ਸਮੂਹ ਵਿੱਚ ਇਕ ਨਿਵੇਕਲੀ ਪਛਾਣ ਬਖਸ਼ਦੇ ਹਨ। ਪੰਜ ਦਰਿਆਵਾਂ ਦੀ ਧਰਤੀ ਦੇ ਇਸ ਸਭਿਆਚਾਰ ਦੀ ਸੱਚੀ-ਸੁੱਚੀ ਜਿਊਂਦੀ ਅਤੇ ਵੰਨ-ਸੁਵੰਨੇ ਨਿਆਰੇਪਣ ਵਾਲੀ ਮਾਨਵੀ ਸ਼ਖਸੀਅਤ ਦਾ ਨਾਂ ਹੀ ਪੰਜਾਬੀਅਤ ਹੈ।"1

ਨੰਦ ਲਾਲ 'ਨੂਰਪੁਰੀ' ਪੰਜਾਬੀ ਭਾਸ਼ਾ ਦਾ ਪ੍ਰਬੁੱਧ ਕਵੀ ਹੈ ਜਿਸ ਦੇ ਗੀਤ ਪੰਜਾਬੀਅਤ ਦੇ ਬਿੰਬ-ਵਿਧਾਨ ਦੀ ਤਰਜਮਾਨੀ ਕਰਦੇ ਹਨ ਅਤੇ ਜਿਸ ਵਿੱਚ ਪੰਜਾਬੀ ਸੱਭਿਆਚਾਰ ਦਾ ਉਸਾਰ ਹੁੰਦਾ ਹੈ। ਆਪਣੀ ਕਾਵਿ-ਰਚਨਾ ਵਿੱਚ 'ਨੂਰਪੁਰੀ' ਗੀਤ-ਕਾਵਿ ਦੀ ਰਚਨਾ ਕਰਦਾ ਹੈ ਜਿਸ ਵਿੱਚ 'ਨੂਰਪੁਰੀ' ਨੇ ਕਥਾ-ਗੀਤ,ਸਰਧਾਂਜਲੀ-ਗੀਤ, ਸੰਬੋਧਨੀ-ਗੀਤ, ਸ਼ੋਕ-ਗੀਤ, ਵਰਣਨਾਤਮਿਕ-ਗੀਤ ਅਦਿ ਕਾਵਿ ਵਿਧਾਵਾਂ ਦੀ ਅਤੇ ਬਹੁ-ਪੱਖੀ ਸੱਭਿਆਚਾਰਕ ਤੇ ਸਮਾਜਿਕ ਸਰੋਕਾਰਾਂ ਦੀ ਰਚਨਾ ਕੀਤੀ। ਨੰਦ ਲਾਲ 'ਨੂਰਪੁਰੀ' ਦੀ ਰਚਨਾ ਗੀਤ ਰੂਪ ਵਿੱਚ ਮਿਲਦੀ ਹੈ। ਗੀਤ ਕਾਵਿ ਦੀਆਂ ਅੱਗੋਂ ਬਹੁ-ਪੱਧਰੀ ਅਤੇ ਬਹੁ-ਰੂਪੀ ਵਿਧਾਵਾਂ ਹਨ ਜਿਹਨਾਂ ਦੀ ਵਰਤੋਂ ਕਰਕੇ ਨੂਰਪੁਰੀ ਨੇ ਗੀਤ-ਕਾਵਿ ਰੂਪ ਵਿੱਚ ਵੰਨ-ਸੁਵੰਨਤਾ ਲਿਆਂਦੀ। ਕਥਾ-ਗੀਤ ਗੀਤ-ਕਾਵਿ ਦੀ ਇੱਕ ਪ੍ਰਮੁੱਖ ਵਿਧਾ ਹੈ। ਇਹ ਗੀਤ ਰਚਨਾ ਖੰਡ-ਕਾਵਿ ਦੇ ਪ੍ਰਬੰਧ ਦੇ ਸਮਾਨਾਂਤਰ ਕਾਰਜ ਕਰਦੀ ਹੈ। ਕਥਾ-ਗੀਤ ਵਿੱਚ ਕਿਸੇ ਨਾਇਕ ਜਾਂ ਯੋਧੇ ਦੀ ਕਾਵਿ-ਬਿਰਤਾਂਤ ਉਸਾਰੀ ਹੁੰਦੀ ਹੈ ਜਿਸ ਨਾਲ ਉਸ ਦੇ ਗੀਤ ਵਿੱਚ ਨਾਇਕ ਦੇ ਸਮਾਜ ਲਈ ਕੀਤੇ ਕਾਰਜਾਂ ਦਾ ਜਸ ਗਾਇਨ ਕੀਤਾ ਜਾਂਦਾ ਹੈ। ਨੂਰਪੁਰੀ ਦੀ ਕਾਵਿ-ਕਿਰਤ ਵਿੱਚ ਸਿੱਖ ਇਤਿਹਾਸ ਦੀ ਭਾਵਨਾਤਮਕ ਪੇਸ਼ਕਾਰੀ ਕੀਤੀ ਗਈ ਹੈ ਜਿਸ ਵਿੱਚ ਨਾਇਕ ਦੀ ਪੰਜਾਬੀ ਸੱਭਿਆਚਾਰਕ ਕੀਮਤ-ਪ੍ਰਬੰਧ ਅਨੁਸਾਰ ਸੰਵੇਦਨਾਮਈ ਪਰਿਕਲਪਨਾ ਦਾ ਕਾਵਿ-ਕਿਰਤ ਵਿੱਚ ਉਸਾਰ ਕੀਤਾ ਗਿਆ ਹੈ। ਇਸ ਕਾਵਿ-ਰਚਨਾ ਵਿੱਚ ਵੱਡੇ ਸਾਹਿਬਜ਼ਾਦਿਆਂ ਦੀ ਚਮਕੌਰ ਦੀ ਜੰਗ ਵਿੱਚ ਹੋਈ ਸ਼ਹੀਦੀ ਨੂੰ ਪੇਸ਼ ਕੀਤਾ ਗਿਆ ਹੈ ਅਤੇ ਇਸ ਨੂੰ ਸੱਭਿਆਚਾਰਕ ਪੈਟਰਨ ਦੇ ਸੰਦਰਭ ਵਿੱਚ ਵੈਰਾਗਮਈ ਸੁਹਜ ਦੇ ਰੂਪ ਵਿੱਚ ਕਲਾਤਮਕ ਢੰਗ ਨਾਲ ਸਿਰਜਿਆ ਗਿਆ ਹੈ। ਇਸ ਇਤਿਹਾਸਕ ਪਹੁੰਚ ਨੂੰ ਸੱਭਿਆਚਾਰਕ ਪ੍ਰਤਿਮਾਨਕ ਪਹੁੰਚ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਜਿਸ ਵਿੱਚ ਸੱਭਿਆਚਾਰਕ ਕੋਡ-ਪ੍ਰਬੰਧ ਕਾਰਜ ਕਰਦਾ ਹੈ।

"ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ
ਫੁੱਲਾਂ ਨਾਲ ਗੁੰਦੇ ਲੜੀ ਹੀਰਿਆਂ ਦੇ ਹਾਰ ਦੀ"2
ਜਾਂ
"ਕਿੱਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ।
ਵਿਹੜੇ ਦੀਆਂ ਰੌਣਕਾਂ ਤੇ ਮਹਿਲਾਂ ਦੀ ਬਹਾਰ ਨੂੰ।
ਜਿਨ੍ਹਾਂ ਦੀਆਂ ਚਾਂਈਂ ਚਾਈਂ ਘੋੜੀਆਂ ਸੀ ਗੌਣੀਆਂ
ਸਿਹਰਿਆਂ ਦੇ ਨਾਲ ਜੋ ਸੀ ਸੋਹਣੀਆਂ ਸਜੌਣੀਆਂ
ਸਿਹਰਿਆਂ ਦੇ ਵਿੱਚ ਹੈਸੀ ਗੁੰਦਣਾ ਪਿਆਰ ਨੂੰ
ਕਿੱਥੇ ਮਾਤਾ… … … … … … … …"3

ਇਤਿਹਾਸਕ, ਰੁਮਾਂਟਿਕ ਅਤੇ ਆਤਮਿਕ ਰਸ-ਭਰਪੂਰ ਕਵਿਤਾਵਾਂ ਦੇ ਨਾਲ਼-ਨਾਲ਼ ਉਹਨਾਂ ਦੀਆਂ ਕਵਿਤਾਵਾਂ ਵਿੱਚ ਮਿਹਨਤੀ ਮਜ਼ਦੂਰਾਂ ਦੀਆਂ ਮੁਸ਼ਕਿਲਾਂ ਅਤੇ ਉਹਨਾਂ ਦੀ ਦੁੱਖ ਭਰੀ ਦਸ਼ਾ ਦਾ ਕਰੁਣਾਮਈ ਜ਼ਿਕਰ ਹੈ। 'ਨੂਰਪੁਰੀ' ਦੀ ਕਵਿਤਾ ਦਾ ਅਰਥ-ਪ੍ਰਬੰਧ ਬੜਾ ਸਾਦਾ ਹੈ ਜਿਸ ਨਾਲ ਉਸ ਦੀ ਕਵਿਤਾ ਵਿਅਕਤੀ ਦੇ ਮਨ ਉੱਤੇ ਅਨੋਖਾ ਪ੍ਰਭਾਵ ਪਾਉਂਦੀ ਹੈ। ਸੱਭਿਆਚਾਰਕ ਪੈਰਾਡਾਈਮ ਦਾ ਆਧਾਰ ਪਦਾਰਥਕ ਸੱਭਿਆਚਾਰ ਵੀ ਹੁੰਦਾ ਹੈ ਜਿਸ ਵਿੱਚ ਪੰਜਾਬੀ ਜੀਵਨ-ਜਾਚ ਦੇ ਭਾਵਨਾਤਮਕ ਉਸਾਰ, ਸੰਵੇਦਨਾ, ਸੁਹਜ ਤੇ ਆਨੰਦ ਕਾਰਜ ਕਰਦੇ ਹਨ।

"ਚਰਖੀ ਦਾ ਸ਼ੌਂਕ ਕਤਣੀ 'ਚ ਪੂਣੀਆਂ
ਰੁੱਸ ਰੁੱਸ ਬਹਿਣ ਵੀਣੀਆਂ ਤੇ ਕੂਹਣੀਆਂ
ਧੱਮ ਧੱਮ ਚਾਣੀ 'ਚ ਮਧਾਣੀ ਵੱਜਦੀ
ਘੁੰਮ ਘੁੰਮ ਪੌੜੀਆਂ ਤੇ ਚੜ੍ਹੇ ਭੱਜਦੀ
ਮੱਘੇ ਵਿਚ ਲੱਸੀ ਉਤੇ ਛਿਕੂ ਰੋਟੀਆਂ
ਬੂਰੀ ਦੀਆਂ ਧੀਆਂ ਅੱਗੇ ਪੰਜ ਝੋਟੀਆਂ
ਮੱਖਣਾਂ ਦੇ ਪੇੜੇ ਤੇ ਮਲਾਈਆਂ ਖਾਣ ਨੂੰ
ਡੋਲੀਆਂ ਤੇ ਰੱਥਾਂ ਤੇਰੇ ਸੌਹਰੇ ਜਾਣ ਨੂੰ" 4

ਜੀਵਨ ਫ਼ਲਸਫ਼ੇ ਬਾਰੇ ਉਹਨਾਂ ਦੀ ਵਿਚਾਰਧਾਰਾ ਬੜੀ ਸਪੱਸ਼ਟ ਸੀ। ਉਸ ਦੀਆਂ ਕਵਿਤਾਵਾਂ ਦਾ ਵਿਸ਼ਾ ਮਨੁੱਖਤਾਵਾਦੀ ਹੈ ਅਤੇ ਜੋ ਉਸ ਦੇ ਜੀਵਨ ਦਰਸ਼ਨ ਵਿੱਚੋਂ ਪੈਦਾ ਹੋਈ ਜੀਵਨ ਦ੍ਰਿਸ਼ਟੀ ਹੈ। ਪੰਜਾਬੀਅਤ ਨੂੰ ਪੰਜਾਬ ਨਾਲ ਸੰਬੰਧਿਤ ਗਿਆਨ ਅਤੇ ਚੇਤਨਾ ਨਾਲ਼ ਸਮਝਣਾ ਅਤਿ ਜ਼ਰੂਰੀ ਹੈ ਅਤੇ ਪੰਜਾਬ ਦੇ ਸੱਭਿਆਚਾਰਕ ਚੇਤਨਾ-ਪ੍ਰਬੰਧ ਵਿੱਚੋਂ ਉਤਪੰਨ ਪ੍ਰਸਥਿਤੀਆਂ ਦਾ ਅਧਿਐਨ ਤੇ ਵਿਸ਼ਲੇਸ਼ਣ ਜ਼ਰੂਰੀ ਹੈ ਜਿਸ ਵਿੱਚ ਪੰਜਾਬੀਅਤ ਆਦਿ ਇਤਿਹਾਸਕ ਸੰਕਲਪ ਰਾਹੀਂ, ਮੱਧਕਾਲ ਵਿਸ਼ਵਾਸ ਰਾਹੀਂ, ਬਸਤੀਵਾਦੀ ਦੌਰ ਅਤੇ ਆਧੁਨਿਕਤਾ ਤਰਕ ਰਾਹੀਂ ਪਰਿਭਾਸ਼ਤ ਹੁੰਦੀ ਹੈ। ਪੰਜਾਬੀਅਤ ਦਾ ਸਿਧਾਂਤ ਕੋਈ ਕੁਦਰਤੀ ਜਾਂ ਰੱਬੀ ਅਮਲ ਸਥਾਪਨਾ ਨਹੀਂ ਹੈ ਸਗੋਂ ਲੰਮੀ ਅਵਚੇਤਨੀ ਪ੍ਰਕਿਰਿਆ ਦਾ ਸਿੱਟਾ ਹੈ। ਪੰਜਾਬੀ ਅਵਚੇਤਨ ਦਾ ਇੱਕ ਸੁਭਾਅ ਜ਼ਾਬਰ ਤੇ ਜ਼ੁਲਮ ਸੰਬੰਧੀ ਸ਼ਹੀਦੀ ਪ੍ਰਾਪਤੀ ਲਈ ਤਿਆਰ ਬਰ ਤਿਆਰ ਰਹਿਣਾ ਵੀ ਹੈ। ਇਸ ਕਵਿਤਾ ਵਿੱਚ ਬਸਤੀਵਾਦੀ ਦੌਰ ਅਤੇ ਉਸ ਤੋਂ ਪਹਿਲਾਂ ਆਦਿ ਸ਼ਹੀਦੀ ਪਰੰਪਰਾ ਉੱਤੇ ਸਵਾਲ ਕੀਤਾ ਗਿਆ ਹੈ ਕਿ ਕਿਵੇਂ ਸ਼ਹੀਦੀ ਤੋਂ ਬਾਅਦ ਉਸ ਦੇ ਪਰਿਵਾਰ ਦੀਆਂ ਕੁਰਬਾਨੀਆਂ ਨੂੰ ਭੁਲਾ ਦਿੱਤਾ ਜਾਂਦਾ ਹੈ ਅਤੇ ਸ਼ਹੀਦ ਦਾ ਪਰਿਵਾਰ ਆਰਥਿਕ ਤੰਗੀਆਂ ਨਾਲ ਸਮੱਸਿਆ ਗ੍ਰਸਤ ਹੁੰਦਾ ਹੈ। ਇਸ ਤਰ੍ਹਾਂ ਸ਼ਹੀਦ ਇੱਕ ਪ੍ਰਸਥਿਤਿਕ ਨਾਇਕ ਬਣ ਜਾਂਦਾ ਹੈ।

"ਮੈਂ ਵਤਨ ਦਾ ਸ਼ਹੀਦ ਹਾਂ ਮੇਰੀ ਯਾਦ ਭੁਲਾ ਦੇਣੀ
ਮੇਰੇ ਖ਼ੂਨ ਦੀ ਇੱਕ ਪਿਆਲੀ ਕਿਸੇ ਪਿਆਸੇ ਨੂੰ
ਪਿਲਾ ਦੇਣੀ।
ਕਿਸੇ ਅਬਲਾ ਦਾ ਹੱਥ ਫੜ ਕੇ
ਮੇਰੇ ਖ਼ੂਨ ਦੀ ਲਾ ਮਹਿੰਦੀ
ਉਹਦੀ ਦੁਨੀਆਂ ਵਸਾ ਦੇਣੀ
ਮੇਰੀ ਦੁਨੀਆਂ ਮਿਟਾ ਦੇਣੀ
ਮੈਂ ਵਤਨ ਦਾ ਸ਼ਹੀਦ ਹਾਂ
ਦੇਣਾ ਨਾ ਕਿਸੇ ਪੈਸਾ ਮੇਰੇ ਰੋਂਦੇ ਨਿਆਣੇ ਨੂੰ
ਮੇਰੀ ਮਿੱਟੀ ਦੀ ਮੁੱਠ ਭਰ ਕੇ
ਉਹਦੀ ਝੋਲੀ 'ਚ ਪਾ ਦੇਣੀ
ਮੈਂ ਵਤਨ ਦਾ ਸ਼ਹੀਦ ਹਾਂ.........
ਮੇਰੇ ਘਰ ਦੇ ਹਨੇਰੇ ਵਿੱਚ ਇਕ ਬੈਠੀ ਹੈ ਉਜੜੀ ਹੋਈ
ਉਹਦੇ ਨੂਣਾਂ ਦੀ ਲੋਅ ਖੋਹ ਕੇ ਦੀਵਾਲੀ ਜਗਾ ਦੇਣੀ
ਮੈਂ ਵਤਨ ਦਾ
ਸ਼ਹੀਦ ਹਾਂ.......................।" 5

ਪੱਛਮੀ ਆਲੋਚਨਾ ਦ੍ਰਿਸ਼ਟੀ ਅਤੇ ਸਿਧਾਂਤਕ ਪੈਟਰਨ ਆਧੁਨਿਕ ਕਾਲ ਤੋਂ ਪਹਿਲੇ ਕਾਲ ਨੂੰ ਅੰਧਕਾਰ-ਕਾਲ ਨਾਲ ਪਰਿਭਾਸ਼ਤ ਕਰਦੇ ਹਨ ਪਰੰਤੂ ਇਹ ਸਿਧਾਂਤ ਸਰਵ ਪ੍ਰਵਾਨਿਤ ਨਹੀਂ ਹੈ ਕਿਉਂ ਜੋ ਪੰਜਾਬ ਅਤੇ ਭਾਰਤ ਦੀਆਂ ਪ੍ਰਸਥਿਤੀਆਂ ਅਤੇ ਯੂਰਪ ਦੀਆਂ ਪ੍ਰਸਥਿਤੀਆਂ ਵਿੱਚ ਮਾਨਵ ਜੀਵਨ ਦੇ ਮੂਲ ਸਿਧਾਂਤਕ ਸੰਕਲਪਾਂ ਵਿੱਚ ਸਮਾਨਤਾਵਾਂ ਪ੍ਰਤੀਤ ਹੁੰਦੀਆਂ ਹਨ ਅਤੇ ਆਧੁਨਿਕਤਾ ਦੇ ਵਿਵਾਦਕ ਸੰਕਲਪਾਂ ਨੂੰ ਵੰਗਾਰਨ ਦੀ ਪਹੁੰਚ ਵੀ ਰੱਖਦੀਆਂ ਹਨ। ਇਹ ਵਖਰੇਵੇਂ ਸਿਰਫ਼ ਤੇ ਸਿਰਫ਼ ਸਮਾਜਿਕ ਜਾਂ ਸੱਭਿਆਚਾਰਕ ਪੱਧਰ ਉੱਤੇ ਕਾਰਜ ਕਰਦੇ ਹਨ ਜਿਹਨਾਂ ਦਾ ਪ੍ਰਤੀਕ ਪ੍ਰਬੰਧ ਲਗਪਗ ਸਮਾਨ ਕਾਰਜ ਕਰਦਾ ਹੈ। ਪੰਜਾਬੀਅਤ ਦੇ ਸੰਕਲਪ ਦੇ ਕੁਝ ਪੈਟਰਨ ਸਥਾਈ ਹਨ ਅਤੇ ਕੁੱਝ ਅਸਥਾਈ। ਇਸ ਤਰ੍ਹਾਂ ਸੱਭਿਆਚਾਰ ਇੱਕ ਗਤੀਸ਼ੀਲ ਵਰਤਾਰਾ ਹੈ ਜਿਸ ਦੇ ਪੈਟਰਨ ਪ੍ਰਸਥਿਤਿਕ ਹੁੰਦੇ ਹਨ। ਇਹਨਾਂ ਪ੍ਰਸਥਿਤੀਆਂ ਅਨੁਸਾਰ ਹੀ ਪੰਜਾਬੀਅਤ ਦੇ ਸੰਕਲਪ ਦੇ ਅਰਥ-ਪ੍ਰਬੰਧ ਵਿੱਚ ਤਬਦੀਲੀ ਹੁੰਦੀ ਹੈ। ਸੱਭਿਆਚਾਰ ਦੇ ਸਥੂਲ ਰੂਪਾਂ ਨੂੰ ਪੇਸ਼ ਕਰਨ ਲਈ ਕਵੀ ਸਮਕਾਲੀ ਰਿਸ਼ਤਾ ਨਾਤਾ ਪ੍ਰਣਾਲੀ, ਸਮਾਜਿਕ-ਪ੍ਰਬੰਧ ਅਤੇ ਬਦਲਦੀਆਂ ਲੋਕਧਾਰਕ ਵਸਤਾਂ ਦੀ ਜਾਣਕਾਰੀ ਦਿੰਦਾ ਹੈ ਜਿਸ ਨਾਲ਼ ਸੱਭਿਆਚਾਰਕ ਵਸਤਾਂ ਪਿੱਛੇ ਕਾਰਜ ਅਮੂਰਤ ਸਿਸਟਮ ਦੀ ਪਛਾਣ ਹੁੰਦੀ ਹੈ।

"ਜੱਟੀਆਂ ਪੰਜਾਬ ਦੀਆਂ ਡਾਢੀਆਂ ਸੁਖਾਲੀਆਂ
ਕੰਨਾਂ ਵਿੱਚ ਡੰਡੀਆਂ ਤੇ ਸੋਨੇ ਦੀਆਂ ਵਾਲੀਆਂ।
ਧੱਮੀ ਵੇਲੇ ਚਾਟੀ ਵਿੱਚ, ਗੂੰਜਣ ਮਧਾਣੀਆਂ
ਰੂਪ ਨਾਲ ਰੱਜੀਆਂ ਪੰਜਾਬ ਦੀਆਂ ਰਾਣੀਆਂ
ਮੱਕੀ ਦੀਆਂ ਰੋਟੀਆਂ ਤੇ ਸੋਨੇ ਦੀਆਂ ਥਾਲੀਆਂ
ਜੱਟੀਆਂ....... … … … … … … …"6

ਦੂਸਰੀ ਪ੍ਰਕਾਰ ਦੀ ਬਿੰਬ ਸਿਰਜਣਾ ਵਿੱਚ ਕਵੀ ਜਾਂ

ਸਾਹਿਤਕਾਰ ਦਾ ਨਿੱਜੀ ਤਜ਼ਰਬਾ ਕਾਰਜ ਕਰਦਾ ਹੈ ਜਿਸ ਨੂੰ ਅਸੀਂ ਵਿਅਕਤੀਗਤ ਬਿੰਬ ਸਿਰਜਣਾ ਕਹਿ ਸਕਦੇ ਹਾਂ। ਇਹ ਕਵੀ ਜਾਂ ਸਾਹਿਤਕਾਰ ਦਾ ਸ਼ਬਦ ਰਚਨਾ ਨਾਲ਼ ਚਿਤਰਿਆ ਗਿਆ ਵਿਅਕਤੀਗਤ ਬਿੰਬ ਹੁੰਦਾ ਹੈ। ਇਸ ਬਿੰਬ-ਵਿਧਾਨ ਵਿੱਚ ਕਵੀ ਦਾ ਨਿੱਜੀ ਤਜਰਬਾ ਹੁੰਦਾ ਹੈ ਜਿਸ ਵਿੱਚ ਉਸ ਦੀ ਵਿਅਕਤੀਗਤ ਕਲਪਨਾ ਕਾਰਜ ਕਰਦੀ ਹੈ।

ਪੰਜਾਬੀਅਤ ਸੰਕਲਪ ਚੇਤਨਾ ਇੱਕ ਮਾਨ-ਬੁੱਧੀ ਦੀ ਪ੍ਰਕਿਰਿਆ ਅਤੇ ਵਿਚਾਰਧਾਰਾ ਵੀ ਪੰਜਾਬੀਅਤ ਦੇ ਸਮਾਨਾਂਤਰ ਵਿਚਰਦੀ ਹੈ ਜਿਸ ਦਾ ਪ੍ਰਭਾਵ ਸਮੁੱਚੇ ਮਾਨਵ ਸੱਭਿਆਚਾਰ ਉੱਤੇ ਪੈਂਦਾ ਹੈ। ਨੰਦ ਲਾਲ 'ਨੂਰਪੁਰੀ' ਦੀ ਕਵਿਤਾ ਸਮੂਹ ਪੰਜਾਬੀ ਅਵਚੇਤਨੀ ਪ੍ਰਕਿਰਿਆ ਦਾ ਪ੍ਰਤੀਬਿੰਬ ਹੈ। ਵਿਸ਼ਾਲ ਅਰਥਾਂ ਵਿੱਚ ਜਿਸ ਨੂੰ ਅਸੀਂ ਪੰਜਾਬੀਅਤ ਸੰਕਲਪ ਦੀ ਸੰਕਲਪ ਉਸਾਰੀ ਕਹਿ ਸਕਦੇ ਹਾਂ। 'ਨੂਰਪੁਰੀ' ਦੀਆਂ ਜ਼ਿਆਦਾਤਰ ਕਵਿਤਾਵਾਂ ਗੀਤ ਕਾਵਿ-ਰੂਪ ਵਿੱਚ ਹਨ। ਗੀਤ ਕਾਵਿ-ਰੂਪ ਦੀ ਆਪਣੀ ਨਿਵੇਕਲੀ ਲਿਖਣ ਅਤੇ ਗੌਣ-ਸ਼ੈਲੀ ਹੈ ਜਿਸ ਵਿੱਚ ਵਿਅਕਤੀ ਦੀਆਂ ਤੀਬਰ ਭਾਵਨਾਵਾਂ ਦੀ ਪੇਸ਼ਕਾਰੀ ਹੁੰਦੀ ਹੈ। ਤੀਬਰ ਭਾਵਾਂ ਦੀ ਪੇਸ਼ਕਾਰੀ ਵਿਚਾਰਧਾਰਕ ਸੰਕਲਪਾਂ ਨੂੰ ਵੀ ਤੀਬਰ ਕਰਦੀ ਹੈ। ਇਹ ਭਾਵਾਂ ਦੀ ਪੇਸ਼ਕਾਰੀ ਨਾਇਕ ਦੀ ਬਹੁ-ਪੱਖੀ ਸ਼ਖਸੀਅਤ ਅਤੇ ਵਿਚਾਰਧਾਰਾ ਨੂੰ ਤੀਬਰ ਭਾਵਾਂ ਰਾਹੀਂ ਪੇਸ਼ ਕਰਦੀ ਹੈ ਜਿਹੜਾ ਗੀਤ-ਕਾਵਿ ਰੂਪ ਦਾ ਰੂਪ ਅਤੇ ਵਸਤੂ ਲੱਛਣ ਹੈ।

### ਟਿੱਪਣੀਆਂ ਅਤੇ ਹਵਾਲੇ


1.ਡਾ.ਧਨਵੰਤ ਕੌਰ,ਸਭਿਆਚਾਰ ਪਤ੍ਰਿਕਾ,ਪੰਜਾਬੀ ਲੋਕ-ਵਿਰਸਾ ਵਿਸ਼ੇਸ਼ ਅੰਕ,ਅੰਕ

2.ਨੰਦ ਲਾਲ ਨੂਰਪੁਰੀ,ਨੂਰਪੁਰੀ ਦੇ ਗੀਤ,ਦੀਪਕ ਪਬਲਿਸ਼ਰਜ਼,ਮਾਈ ਹੀਰਾਂ ਗੇਟ,ਜਲੰਧਰ,2007,ਪੰਨਾ-34.

3. ਉਹੀ,ਪੰਨਾ-35.

4. ਉਹੀ,ਪੰਨਾ-28-29.

5. ਉਹੀ,ਪੰਨਾ-89

6. ਉਹੀ,ਪੰਨਾ-24



**ਪੰਜਾਬੀ ਅਧਿਐਨ ਸਕੂਲ,**
**ਪੰਜਾਬ ਯੂਨੀਵਰਸਿਟੀ,ਚੰਡੀਗੜ੍ਹ।**


## ਚੁੱਲ੍ਹੇ / ਦੀਪਾ ਕਾਂਡਪਾਲ



ਸੜਕ ਕਿਨਾਰੇ ਜਾਂ ਕਿਸੇ
ਫਲਾਈਓਵਰ ਦੇ ਥੱਲੇ
ਅਕਸਰ ਦਿਸਦੇ ਨੇ ਕਈ ਬਲਦੇ ਚੁੱਲ੍ਹੇ
ਦੋ ਪੱਥਰਾਂ ਨਾਲ ਬਣੇ ਹੋਏ
ਬਦਲਦੇ ਰਹਿੰਦੇ ਨੇ ਆਪਣੀ ਥਾਂ
ਬੱਸ ਕੁਝ ਨਿਸ਼ਾਨ ਛੱਡ ਜਾਂਦੇ ਨੇ
ਰਾਖ ਕੋਲੇ ਤੇ ਕੁਝ ਅਧਬਲੀਆਂ
ਲੱਕੜੀਆਂ ਦੇ ਰੂਪ ਵਿੱਚ

ਬੜੇ ਦਿਨਾਂ ਤੱਕ ਅੱਖਾਂ ਵਿੱਚ
ਰਹਿੰਦਾ ਹੈ ਉਹ ਦ੍ਰਿਸ਼
ਬਲਦੇ ਚੁੱਲ੍ਹਿਆਂ ਦੇ ਆਲੇ ਦੁਆਲੇ
ਬੈਠੀਆਂ ਕੁਝ ਔਰਤਾਂ ਕੁਝ ਮਰਦ
ਤੇ ਕਈ ਕਈ ਬੱਚੇ ਘੁੰਮਦੇ
ਦਿਸਦੇ ਨੇ ਚੁੱਲ੍ਹਿਆਂ ਦੇ ਆਲੇ ਦੁਆਲੇ

ਸਿਲਵਰ ਦੀਆਂ ਟੁੱਟੀਆਂ ਕੜ੍ਹਾਹੀਆਂ
ਤੇ ਵਿੰਗੇ ਟੇਡੇ ਭਾਂਡਿਆਂ ਵਿੱਚ ਪੱਕਦਾ
ਦੋ ਵਕਤ ਦਾ ਖਾਣਾ
ਭੁੱਖ ਨਾਲ ਲੜਦੇ ਬੱਚੇ
ਤੇ ਕੋਈ ਫਿਲਮੀ ਗੀਤ ਗਾਉਂਦੀਆਂ
ਕੁਝ ਕੁੜੀਆਂ ਫੂਕਾਂ ਮਾਰਦੀਆਂ ਚੁੱਲ੍ਹਿਆਂ ਵਿੱਚ
ਕੁਝ ਛੋਟੇ ਬੱਚੇ ਮਾਂ ਦੀ ਛਾਤੀ ਨਾਲ
ਚੁੰਬੜ ਕੇ ਸੁੱਤੇ ਕੁਝ ਉਡੀਕ ਕਰਦੇ

ਜਦੋਂ ਮੌਸਮ ਬਦਲਣ ਲੱਗਦਾ
ਸਮੇਂ ਸਮੇਂ ਤੇ ਆਪਣਾ ਮਿਜਾਜ਼
ਉਦੋਂ ਇਹ ਚੁੱਲ੍ਹੇ ਵੀ
ਬਦਲ ਲੈਂਦੇ ਆਪਣੀ ਥਾਂ
ਬਸ ਉਸ ਥਾਂ ਤੇ ਛੱਡ ਕੇ
ਆਪਣੀ ਬੇਵਸੀ ਦੇ ਨਿਸ਼ਾਨ......

**ਅਨੁਵਾਦ: ਅ.ਕ.**

# ਚਰਨਦਾਸ ਸਿੱਧੂ ਅਤੇ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿੱਚ ਦਲਿਤ ਚੇਤਨਾ : ਤੁਲਨਾਤਮਿਕ ਅਧਿਐਨ / ਤਰਸੇਮ ਸਿੰਘ

ਚਰਨਦਾਸ ਸਿੱਧੂ ਅਤੇ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿੱਚ ਦਲਿਤ ਚੇਤਨਾ ਦੇ ਤੁਲਨਾਤਮਿਕ ਅਧਿਐਨ ਤੋਂ ਪਹਿਲਾਂ ਦੋਵੇਂ ਨਾਟਕਕਾਰਾਂ ਦੇ ਜੀਵਨ ਤੇ ਰਚਨਾ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਕਰ ਲੈਣੀ ਜ਼ਰੂਰੀ ਬਣਦੀ ਹੈ। ਚਰਨਦਾਸ ਸਿੱਧੂ ਦਾ ਜਨਮ 22 ਮਾਰਚ 1938 ਈ. ਨੂੰ ਪਿੰਡ ਭਾਮ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਉਹ ਪੰਜਾਬੀ ਨਾਟਕ ਦੀ ਤੀਜੀ ਪੀੜ੍ਹੀ ਦਾ ਨਾਟਕਕਾਰ ਹੈ। ਉਸਨੇ ਪਿੰਡਾਂ ਦੇ ਕਿਰਤੀ ਲੋਕਾਂ ਨੂੰ ਆਪਣੇ ਨਾਟਕਾਂ ਵਿਚ ਨਾਇਕ ਬਣਾ ਕੇ ਉਨ੍ਹਾਂ ਰਾਹੀਂ ਸਮੁੱਚੇ ਗਰੀਬਾਂ ਤੇ ਕਿਰਤੀਆਂ ਦੇ ਅਸਲੀ ਜੀਵਨ ਘੋਲ ਦੀ ਅਭਿਵਿਅਕਤੀ ਕੀਤੀ ਹੈ। 1978 ਈ. ਵਿਚ ਉਸਨੇ ਨਾਟਕਾਂ ਦੇ ਮੰਚਣ ਲਈ 'ਕਾਲਜੀਏਟ ਡਰਾਮਾ ਸੁਸਾਇਟੀ' ਨਾਂ ਦੀ ਨਾਟ-ਮੰਡਲੀ ਦੀ ਨੀਂਹ ਰੱਖੀ। ਚਰਨਦਾਸ ਸਿੱਧੂ ਦਾ ਸਭ ਤੋਂ ਪਹਿਲਾ ਨਾਟਕ 'ਇੰਦੂਮਤੀ ਸਤਿਦੇਵ' (1973) ਹੈ। ਉਸਦੇ ਵਧੇਰੇ ਚਰਚਿਤ ਨਾਟਕਾਂ ਵਿੱਚ 'ਭਜਨੋ', 'ਲੇਖੂ ਕਰੇ ਕਵੱਲੀਆਂ', 'ਬਾਬਾ ਬੰਤੂ', 'ਅੰਬੀਆਂ ਨੂੰ ਤਰਸੇਂਗੀ', 'ਬਾਤ ਫ਼ੱਤੂ ਝੀਰ ਦੀ', 'ਭਾਈਆ ਹਾਕਮ ਸਿੰਹੁ', 'ਕਿਰਪਾ ਬੌਣਾ', 'ਮੰਗੂ ਤੇ ਬਿੱਕਰ', 'ਸੈਕਸ਼ਪੀਅਰ ਦੀ ਧੀ', 'ਜੀਤਾ ਫਾਹੇ ਲੱਗਣਾ', 'ਚੰਨੋ ਬਾਜ਼ੀਗਰਨੀ', 'ਏਕਲਵਯ ਬੋਲਿਆ' ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਚਰਨਦਾਸ ਸਿੱਧੂ ਨੂੰ ਉਸਦੇ ਬਹੁ-ਚਰਚਿਤ ਨਾਟਕ ਭਗਤ ਸਿੰਘ ਸ਼ਹੀਦ: ਨਾਟਕ ਤਿੱਕੜੀ ਲਈ 25 ਦਸੰਬਰ 2004 ਨੂੰ ਸਾਹਿਤ ਅਕਾਦਮੀ ਦਾ ਅਵਾਰਡ ਮਿਲ ਚੁੱਕਾ ਹੈ।

ਦੂਜੇ ਪਾਸੇ ਅਜਮੇਰ ਸਿੰਘ ਔਲਖ ਵੀ ਪੰਜਾਬੀ ਨਾਟਕ ਦੀ ਤੀਜੀ ਪੀੜ੍ਹੀ ਦਾ ਤੇ ਮਾਲਵੇ ਦਾ ਪ੍ਰਸਿੱਧ ਨਾਟਕਕਾਰ ਹੈ। ਅਜਮੇਰ ਸਿੰਘ ਔਲਖ ਦਾ ਜਨਮ 12 ਅਗਸਤ 1942 ਈ. ਪਿੰਡ ਕੁੰਭੜਵਾਲ ਜ਼ਿਲ੍ਹਾ ਬਠਿੰਡਾ (ਹੁਣ ਮਾਨਸਾ) ਵਿਖੇ ਹੋਇਆ। ਉਹ ਪੰਜਾਬ ਦੇ ਕਿਰਸਾਨੀ ਜੀਵਨ ਦੀਆਂ ਸਮੱਸਿਆਵਾਂ ਨੂੰ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਪੇਸ਼ ਕਰਨ ਵਾਲਾ ਪੰਜਾਬੀ ਦਾ ਪ੍ਰਤੀਨਿੱਧ ਨਾਟਕਕਾਰ ਹੈ।

ਅਜਮੇਰ ਸਿੰਘ ਔਲਖ ਨੇ 1973 ਈ. ਵਿੱਚ 'ਅਰਬਦ ਨਰਬਦ ਧੁੰਧੂਕਾਰ' ਨਾਟਕ ਦੇ ਮੰਚਣ ਅਤੇ 1978 ਈ. ਨੂੰ ਨਾਟ-ਲੇਖਨ ਦੇ ਖੇਤਰ ਵਿੱਚ ਪ੍ਰਵੇਸ਼ ਕੀਤਾ। ਅਜਮੇਰ ਸਿੰਘ ਔਲਖ ਦੇ ਵਧੇਰੇ ਚਰਚਿਤ ਨਾਟਕਾਂ ਵਿਚੋਂ 'ਬਗਾਨੇ ਬੋਹੜ ਦੀ ਛਾਂ', 'ਇਕ ਰਮਾਇਣ ਹੋਰ', 'ਅੰਨ੍ਹੇ ਨਿਸ਼ਾਨਚੀ', 'ਸੱਤ ਬਗਾਨੇ', 'ਭੱਜੀਆਂ ਬਾਹੀਂ', 'ਸਲਵਾਨ', 'ਕਿਹਰ ਸਿੰਘ ਦੀ ਮੌਤ', 'ਝਨਾਂ ਦੇ ਪਾਣੀ', 'ਇਸ਼ਕ ਬਾਜ ਨਮਾਜ਼ ਦਾ ਹੱਜ ਨਾਹੀ", 'ਨਿੱਕੇ ਸੂਰਜਾਂ ਦੀ ਲੜਾਈ', 'ਨਿਉਂ ਜੜ੍ਹ', 'ਅਵੇਸਲੇ ਯੁੱਧਾਂ ਦੀ ਨਾਇਕਾ' 'ਚਾਨਣ ਦੇ ਵਣਜਾਰੇ' ਆਦਿ ਦਾ ਨਾਂ ਲਿਆ ਜਾ ਸਕਦਾ ਹੈ। ਅਜਮੇਰ ਸਿੰਘ ਔਲਖ ਨੂੰ ਉਸ ਦੇ ਨਾਟਕ 'ਇਸ਼ਕ ਬਾਝ ਨਮਾਜ਼ ਦਾ ਹੱਜ ਨਾਹੀਂ" ਲਈ 2006 ਈ. ਵਿੱਚ ਭਾਰਤੀ ਸਾਹਿਤ ਅਕਾਦਮੀ ਦਾ ਅਵਾਰਡ ਮਿਲ ਚੁੱਕਾ ਹੈ।

ਚਰਨਦਾਸ ਸਿੱਧੂ ਅਤੇ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿੱਚ ਦਲਿਤ ਚੇਤਨਾ ਬਾਰੇ ਚਰਚਾ ਕਰਨ ਦੇ ਨਾਲ ਹੀ ਦਲਿਤ ਚੇਤਨਾ ਦੇ ਸੰਕਲਪ ਨੂੰ ਸਮਝਣਾ ਵੀ ਜ਼ਰੂਰੀ ਹੈ। 'ਦਲਿਤ ਚੇਤਨਾ' ਸ਼ਬਦ ਦਲਿਤ ਅਤੇ ਚੇਤਨਾ ਦੋ ਸ਼ਬਦਾਂ ਦਾ ਸੰਯੋਗ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਦਲਿਤ ਦੇ ਅਰਥ ਹਨ ਦਲਿਆ ਹੋਇਆ, ਕੁਚਲਿਆ ਹੋਇਆ, ਹੀਣੀ ਜਾਤਿ ਵਾਲਾ ਜੋ ਉਚੀ ਜਾਤੀ ਤੋਂ ਪੈਰਾਂ ਹੇਠ ਦਲਿਆ ਗਿਆ ਹੈ। ਇਉਂ ਦਲਿਤ ਉਹ ਹਨ ਜਿਨ੍ਹਾਂ ਨਾਲ ਉਚੀਆਂ ਜਾਤਾਂ ਦੇ ਲੋਕ ਜਾਤ ਦੇ ਅਧਾਰ ਤੇ ਵਿਤਕਰਾ ਕਰਦੇ ਹਨ। ਦੂਜਾ ਸ਼ਬਦ ਚੇਤਨਾ ਅੰਗਰੇਜ਼ੀ ਸ਼ਬਦ ਅਵੇਅਰਨੈਸ (Awareness) ਦਾ ਸਮਾਨਅਰਥੀ ਹੈ, ਜਿਸ ਦਾ ਅਰਥ ਹੈ ਸਾਵਧਾਨ ਹੋਣਾ, ਚੌਕੰਨਾ ਹੋਣਾ, ਹੋਸ਼ ਵਿੱਚ ਆਉਣਾ ਆਦਿ। ਇਸ ਪ੍ਰਕਾਰ ਦਲਿਤ ਚੇਤਨਾ ਦਾ ਅਰਥ ਹੈ ਸਮਾਜਿਕ, ਆਰਥਿਕ ਤੇ ਰਾਜਨੀਤਿਕ ਹੱਕਾਂ ਤੋਂ ਵੰਚਿਤ ਕੀਤੀਆਂ ਨੀਵੀਆਂ ਜਾਤਾਂ ਦਾ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣਾ ਤੇ ਆਪਣੇ ਉਤੇ ਹੋ ਰਹੇ ਜ਼ੁਲਮ ਤੇ ਅਨਿਆਂ ਦਾ ਵਿਰੋਧ ਕਰਦਿਆਂ ਆਪਣੇ ਹੱਕਾਂ ਨੂੰ ਪ੍ਰਾਪਤ ਕਰਨਾ। ਦਲਿਤ ਚੇਤਨਾ ਦੇ ਉਪਰੋਕਤ ਪ੍ਰਸੰਗ ਅਨੁਸਾਰ ਅਜਮੇਰ ਸਿੰਘ ਔਲਖ ਅਤੇ ਚਰਨਦਾਸ ਸਿੱਧੂ ਦੇ ਨਾਟਕਾਂ ਵਿੱਚ ਦਲਿਤ ਚੇਤਨਾ ਦਾ ਤੁਲਨਾਤਮਕ ਵਖਰੇਵਾਂ ਨਿਮਨਲਿਖਤ ਅਨੁਸਾਰ ਵੇਖਿਆ ਜਾ ਸਕਦਾ ਹੈਯ

ਚਰਨਦਾਸ ਸਿੱਧੂ ਤੇ ਅਜਮੇਰ ਔਲਖ ਦੇ ਨਾਟਕਾਂ ਵਿਚ ਦਲਿਤ ਚੇਤਨਾ ਦਾ ਪਹਿਲਾ ਤੁਲਨਾਤਮਿਕ ਪੱਖ ਇਹ ਉੱਭਰ ਕੇ ਸਾਮ੍ਹਣੇ ਆਉਂਦਾ ਹੈ ਕਿ ਅਜਮੇਰ ਸਿੰਘ ਔਲਖ ਦਲਿਤ ਚੇਤਨਾ ਨੂੰ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ। ਵਿਸ਼ਵੀਕਰਨ ਦੇ ਕਾਰਨ ਸ਼ੁਰੂ ਹੋਈ ਉਦਾਰੀਕਰਨ ਅਤੇ ਨਿੱਜੀਕਰਨ ਦੀ ਪ੍ਰਕਿਰਿਆ ਵਿਚ ਮਜ਼ਦੂਰਾਂ ਦਾ ਵੱਡੇ ਪੱਧਰ 'ਤੇ ਆਰਥਿਕ ਸ਼ੋਸ਼ਣ ਹੋਇਆ ਹੈ। ਉਸਦੇ ਨਾਟਕ 'ਨਿੱਕੇ ਸੂਰਜਾਂ ਦੀ ਲੜਾਈ' ਵਿੱਚ ਸ਼ਰਨ ਸਿੰਘ ਨਾਂ ਦਾ ਪਾਤਰ ਸੁੱਤੇ-ਸਿੱਧ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਹੀ ਜਾਗਰੂਕ ਹੋਣ ਦੀ ਗੱਲ ਕਰਦਾ ਹੈ।

ਸ਼ਰਨ: ਸਾਥੀਓ, ਮੈਂ ਬਹੁਤੀਆਂ ਸਿਧਾਂਤਕ ਲਿਚਗੜੀਚੀਆਂ ਵਿੱਚ ਨਹੀਂ ਪੈਂਦਾ। ਆਪਣਾ ਤਾਂ ਸਿੱਧਾ

ਸਾਦਾ ਪਰਖਿਆ ਹੋਇਆ ਸਿਧਾਂਤ ਹੈ ਬਈ ਹੱਥਾਂ ਬਾਝ ਕਰਾਰਿਆ, ਵੈਰੀ ਮਿਤ ਨਾ ਹੋਇ। ਮੇਰਾ ਸੁਝਾਅ ਹੈ ਹੜਤਾਲ। ਕੱਲ ਤੋਂ ਮੁਕੰਮਲ ਹੜਤਾਲ। ਬਾਕੀ ਸਟੈਪ ਬਾਅਦ 'ਚ ਚੁੱਕਦੇ ਰਹਿਣਾ। ਇਕ ਵਾਰੀ ਮਸ਼ੀਨਾਂ ਜਾਮ, ਕੰਮ ਕਾਜ ਠੱਪ। ਬੱਸ ਐਨਾ ਹੀ ਕਹਿਣਾ ਸੀ ਮੈਂ।

ਨਛੱਤਰ: ਲਿਆਤੀ ਨਾ ਲੱਜਤ ਗੱਲ ਕਹਿ ਕੇ! ਠੀਕ ਹੈ ਕੱਲ੍ਹ ਤੋਂ ਹੀ ਗੱਡੋ ਝੰਡੇ।1

ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿੱਚਲੇ ਪਾਤਰ ਭਾਵੇਂ ਜਾਤ ਆਧਾਰ ਤੇ ਦਲਿਤ ਨਹੀ ਪਰ ਉਹ ਆਰਥਿਕ ਤੌਰ ਤੇ ਦਲਿਤ ਹਨ, ਜੋ ਆਪਣੇ ਹੱਕਾਂ ਲਈ ਸੰਘਰਸ਼ ਕਰਦੇ ਹਨ। ਅਜਮੇਰ ਸਿੰਘ ਔਲਖ ਦੇ ਨਾਟਕ 'ਝਨਾਂ ਦੇ ਪਾਣੀ', 'ਨਿੱਕੇ ਸੂਰਜਾਂ ਦੀ ਲੜਾਈ', 'ਐਸੇ ਜਨ ਵਿਰਲੇ ਸੰਸਾਰੇ', 'ਲੋਹੇ ਦਾ ਪੁੱਤ', 'ਕਉਲੇ ਉੱਤੇ ਰੱਖਿਆ ਕੌਲਾ' ਆਦਿ ਵਿੱਚ ਦਲਿਤ ਚੇਤਨਾ ਦੀ ਪੇਸ਼ਕਾਰੀ ਹੋਈ ਹੈ।

ਦੂਜੇ ਪਾਸੇ ਚਰਨਦਾਸ ਸਿੱਧੂ ਆਪਣੇ ਨਾਟਕਾਂ ਵਿੱਚ ਦਲਿਤ ਚੇਤਨਾ ਨੂੰ ਅੰਬੇਦਕਰਵਾਦ ਅਤੇ ਸਮਾਜਿਕ ਪੱਖ ਦੇ ਨਜ਼ਰੀਏ ਤੋਂ ਪੇਸ਼ ਕਰਦਾ ਹੈ। ਸਿੱਧੂ ਨੇ ਆਪਣੇ ਨਾਟਕਾਂ ਵਿੱਚ ਸਦੀਆਂ ਤੋਂ ਲਤਾੜੇ ਹੋਏ ਦਲਿਤ ਮਨੁੱਖ ਨੂੰ ਨਾਇਕ ਵਜੋਂ ਪੇਸ਼ ਕਰਕੇ ਉਹਨਾਂ ਦੇ ਜੀਵਨ ਯਥਾਰਥ ਨੂੰ ਵਧੇਰੇ ਸਫ਼ਲਤਾ ਨਾਲ ਚਿਤਰਿਆ ਹੈ। ਚਰਨਦਾਸ ਸਿੱਧੂ ਦੇ ਨਾਟਕ 'ਇੰਦੂਮਤੀ ਸਤਿਦੇਵ', 'ਅੰਬੀਆਂ ਨੂੰ ਤਰਸੇਂਗੀ', 'ਮਸਤ ਮੇਘੋਵਾਲੀਆ', 'ਬਾਬਾ ਬੰਤੂ', 'ਕਿਰਪਾ ਬੋਣਾ', 'ਬਾਤ ਫੱਤੂ ਝੀਰ ਦੀ', ਚੰਨੋ ਬਾਜ਼ੀਗਰਨੀ ਆਦਿ ਵਿੱਚ ਦਲਿਤ ਚੇਤਨਾ ਦਾ ਪ੍ਰਗਟਾਵਾ ਅੰਬੇਦਕਰਵਾਦ ਅਤੇ ਸਮਾਜਿਕ ਪੱਖ ਨਜ਼ਰੀਏ ਤੋਂ ਹੋਇਆ ਮਿਲਦਾ ਹੈ।

ਅਜਮੇਰ ਸਿੰਘ ਔਲਖ ਅਤੇ ਚਰਨਦਾਸ ਸਿੱਧੂ ਦੇ ਨਾਟਕਾਂ ਵਿੱਚ ਦਲਿਤ ਚੇਤਨਾ ਦਾ ਦੂਜਾ ਤੁਲਨਾਤਮਿਕ ਪੱਖ ਇਹ ਹੈ ਕਿ ਅਜਮੇਰ ਸਿੰਘ ਔਲਖ ਦੇ ਨਾਟਕਾਂ ਵਿੱਚ ਸ਼ਾਮਲ ਦਲਿਤ ਪਾਤਰ ਗੌਣ ਪਾਤਰ ਹਨ। ਮੁੱਖ ਅਤੇ ਮਹੱਤਵਪੂਰਨ ਪਾਤਰ ਜ਼ਿਆਦਾਤਰ ਜ਼ਿਮੀਦਾਰ, ਨਿਮਨ ਕਿਸਾਨੀ ਜਾਂ ਉੱਚ ਸ਼੍ਰੇਣੀ ਦੇ ਸ਼ਾਮਲ ਕੀਤੇ ਗਏ ਹਨ। ਉਸਦੇ ਨਾਟਕ 'ਲੋਹੇ ਦਾ ਪੁੱਤ' ਦਾ ਪਾਤਰ 'ਬਰਛਾ' ਐਸੇ ਜਨ ਵਿਰਲੇ ਸੰਸਾਰੇ ਦੇ ਪਾਤਰ 'ਗੁਰਬੰਤ' ਤੇ 'ਸੁੱਖਾ', ਕਉਲ਼ੇ ਉੱਤੇ ਰੱਖਿਆ ਕੌਲਾ ਦੇ ਪਾਤਰ 'ਮਿਲਿੰਦ' ਤੇ 'ਰੋਹੀ', ਝਨਾਂ ਦੇ ਪਾਣੀ ਦੀ ਪਾਤਰ 'ਗੰਗੀ' ਆਦਿ ਦਲਿਤ ਚੇਤਨਾ ਦੇ ਜਾਗਰੂਕ ਪਾਤਰ ਹਨ।

ਦੂਜੇ ਪਾਸੇ ਚਰਨਦਾਸ ਸਿੱਧੂ ਦੇ ਨਾਟਕਾਂ ਵਿੱਚ ਦਲਿਤ ਪਾਤਰਾਂ ਨੂੰ ਮੁੱਖ ਪਾਤਰ ਤੇ ਮਹੱਤਵਪੂਰਨ ਪਾਤਰ ਦੇ ਤੌਰ ਤੇ ਸ਼ਾਮਲ ਕੀਤਾ ਗਿਆ ਹੈ। ਚਰਨਦਾਸ ਸਿੱਧੂ ਨੇ ਨਾਟਕਾਂ ਦੇ ਸਿਰਲੇਖ ਵੀ ਮੁੱਖ ਪਾਤਰ ਅਤੇ ਮਹੱਤਵਪੂਰਨ ਦਲਿਤ ਪਾਤਰਾਂ ਦੇ ਨਾਂ ਤੇ ਹੀ ਲਿਖੇ ਹਨ ਜਿਵੇਂ; ਚੰਨੋ ਬਾਜ਼ੀਗਰਨੀ, ਬਾਬਾ ਬੰਤੂ, ਇੰਦੂਮਤੀ ਸਤਦੇਵ, ਬਾਤ ਫ਼ੱਤੂ ਝੀਰ ਦੀ, ਜੀਤਾ ਫਾਹੇ ਲੱਗਣਾ, ਕਿਰਪਾ ਬੌਣਾ, ਏਕਲਵਯ ਬੋਲਿਆ ਆਦਿ। ਸਿੱਧੂ ਦੇ ਨਾਟਕਾਂ ਵਿੱਚ ਨੌਜਵਾਨ ਪਾਤਰ, ਸਤਿਦੇਵ, ਕਾਬਲ, ਜੀਤਾ, ਬਿਹਾਰੀ, ਹੁਸਨਾ, ਅਤੇ ਚੰਨੋ ਸਰਮਾਏਦਾਰੀ ਤਾਕਤਾਂ ਦੁਆਰਾ ਆਪਣੇ ਉੱਤੇ ਹੋ ਰਹੇ ਅਤਿਆਚਾਰਾਂ ਦਾ ਵਿਰੋਧ ਕਰਦੇ ਹਨ ਅਤੇ ਗੁਲਾਮੀ ਦੀਆਂ ਬੇੜੀਆਂ ਤੋਂ ਛੁਟਕਾਰਾ ਪਾਉਣ ਲਈ ਯਤਨਸ਼ੀਲ ਦਿਖਾਈ ਦਿੰਦੇ ਹਨ।

ਅਜਮੇਰ ਸਿੰਘ ਔਲਖ ਤੇ ਚਰਨਦਾਸ ਸਿੱਧੂ ਦੇ ਨਾਟਕਾਂ ਵਿੱਚ ਦਲਿਤ ਚੇਤਨਾ ਦਾ ਤੀਜਾ ਤੁਲਨਾਤਮਿਕ ਪੱਖ ਇਹ ਹੈ ਕਿ ਅਜਮੇਰ ਸਿੰਘ ਔਲਖ ਪੂਰੇ ਨਾਟਕਾਂ ਅਤੇ ਇਕਾਂਗੀ ਨਾਟਕਾਂ ਨਾਲੋਂ ਲਘੂ ਨਾਟਕਾਂ ਵਿੱਚ ਦਲਿਤ ਚੇਤਨਾ ਦਾ ਵਧੇਰੇ ਜ਼ਿਕਰ ਕਰਦਾ ਹੈ ਜਦਕਿ ਚਰਨਦਾਸ ਸਿੱਧੂ ਨੇ ਪੂਰੇ ਨਾਟਕ ਲਿਖੇ ਹਨ, ਜੋ ਕਿ ਪੇਂਡੂ ਨੁੱਕੜ ਨਾਟਕ ਤੇ ਯੂਨੀਵਰਸਿਟੀ/ਕਾਲਜਾਂ ਵਿੱਚ ਹੁੰਦੇ ਯੂਥ ਫੈਸਟੀਬਲਜ਼ ਦਾ ਹਿੱਸਾ ਨਹੀਂ ਬਣ ਸਕੇ ਕਿਉਂਕਿ ਸਿੱਧੂ ਦੇ ਨਾਟਕ ਰੰਗਮੰਚ ਤੇ ਖੇਡੇ ਜਾਣ ਲਈ ਵਧੇਰੇ ਸਮੇਂ ਦੀ ਮੰਗ ਕਰਦੇ ਹਨ। ਜਦਕਿ ਅਜਮੇਰ ਸਿੰਘ ਔਲਖ ਦੀ ਪ੍ਰਸਿੱਧੀ ਹੀ ਇਸ ਪੱਖ ਤੋਂ ਰਹੀ ਹੈ ਕਿ ਉਸਨੇ ਆਪਣੇ ਨਾਟਕਾਂ ਨੂੰ ਯੂਨੀਵਰਸਿਟੀਆਂ/ਕਾਲਜਾਂ ਦੀਆਂ ਸਟੇਜਾਂ 'ਤੇ ਹੁੰਦੇ ਯੂਥ ਫੈਸ਼ਟੀਬਲਜ਼ ਦੇ ਨਾਟ ਮੁਕਾਬਲਿਆਂ ਵਿੱਚ ਖੇਡਿਆ ਤੇ ਮੋਹਰੀ ਦਰਜੇ ਪ੍ਰਾਪਤ ਕੀਤੇ ਹਨ। ਉਸ ਨੇ ਯੂਨੀਵਰਸਿਟੀ ਤੇ ਕਾਲਜਾਂ ਵਿੱਚ ਹੁੰਦੇ ਨਾਟਕ ਖੇਡਣ ਦੇ ਮੁਕਾਬਲੇ ਦੀ ਸਮਾਂ-ਸੀਮਾ (ਲਗਭਗ 30 ਤੋਂ 50 ਮਿੰਟ) ਦਾ ਵੀ ਖ਼ਾਸ ਖ਼ਿਆਲ ਰੱਖਿਆ ਹੈ।

ਦੋਵੇਂ ਨਾਟਕਕਾਰਾਂ ਵਿੱਚ ਦਲਿਤ ਚੇਤਨਾ ਦਾ ਚੌਥਾ ਤੁਲਨਾਤਮਿਕ ਪੱਖ ਇਹ ਮਿਲਦਾ ਹੈ ਕਿ ਚਰਨਦਾਸ ਸਿੱਧੂ ਨੇ ਆਪਣੇ ਨਾਟਕਾਂ ਵਿੱਚ ਦਲਿਤ ਚੇਤਨਾ ਦੇ ਨਿਰੂਪਣ ਲਈ ਉਪਭਾਸ਼ਾ ਦੁਆਬੀ ਦਾ ਪ੍ਰਯੋਗ ਕੀਤਾ ਹੈ। ਦੁਆਬੀ ਦੀ ਨਿੱਜੀ ਵਿਆਕਰਨ ਵਿਧੀ ਅਤੇ ਦੁਆਬੀ ਪੇਂਡੂ ਲਹਿਜਾ ਸਿੱਧੂ ਦੇ ਨਾਟਕਾਂ ਦੀ ਬੋਲੀ ਦਾ ਸ਼ਿੰਗਾਰ ਹੀ ਨਹੀਂ ਸਗੋਂ ਉਸ ਦੀ ਰੂਹ ਵੀ ਹੈ। ਚਰਨਦਾਸ ਸਿੱਧੂ ਪੰਜਾਬ ਦੇ ਦੁਆਬੇ ਇਲਾਕੇ ਦਾ ਜੰਮ-ਪਲ ਹੈ। ਉਸਦੇ ਨਾਟਕ ਪੇਂਡੂ-ਸਮਾਜ ਸਭਿਆਚਾਰ ਨਾਲ ਸੰਬੰਧਿਤ ਹਨ ਜੋ ਦੁਆਬੇ ਦੀ ਪੇਂਡੂ ਆਂਚਲਿਕਤਾ ਨੂੰ ਪਿਛੋਕੜ ਵਿਚ ਰੱਖਦੇ ਹਨ। ਇਸ ਦੇ ਉਲਟ ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਵਿੱਚ ਦਲਿਤ ਚੇਤਨਾਂ ਦੇ ਨਿਰੂਪਣ ਲਈ ਮਲਵਈ ਉਪਭਾਸ਼ਾ ਦਾ ਪ੍ਰਯੋਗ ਕੀਤਾ ਹੈ। ਅਜਮੇਰ ਸਿੰਘ ਔਲਖ ਨੇ ਮਲਵਈ ਭਾਸ਼ਾ ਦੇ ਤਕੀਆ ਕਲਾਮ, ਲੋਕ ਅਖਾਣ, ਮੁਹਾਵਰੇ, ਲੋਕ ਬੋਲੀਆਂ ਤੇ ਲੋਕ ਗੀਤਾਂ ਦੀ ਵਰਤੋਂ ਵਧੇਰੇ ਸਫ਼ਲਤਾ ਨਾਲ ਕੀਤੀ ਹੈ। ਦਲਿਤਾਂ ਨੂੰ ਚੇਤਨ ਕਰਨ ਤੇ ਉਨ੍ਹਾਂ ਵਿੱਚ ਰੋਹ ਨੂੰ ਉਪਜਾਉਣ ਲਈ ਗੁਰਬਾਣੀ ਦੀਆਂ ਤੁਕਾਂ ਦੀ ਵਰਤੋਂ ਵੀ ਕੀਤੀ ਗਈ ਹੈ। ਇਸ ਤੋਂ ਇਲਾਵਾ ਦੋਵਾਂ

ਨਾਟਕਕਾਰਾਂ ਦੇ ਨਾਟਕਾਂ ਦੇ ਪਾਤਰ ਵਾਰਤਾਲਾਪ ਦੌਰਾਨ ਅਸ਼ਲੀਲ ਸ਼ਬਦਾਂ ਦੀ ਵਰਤੋਂ ਕਰਦੇ ਸਮੇ ਪੇਂਡੂ ਸੁਭਾਵਿਕ ਲਹਿਜ਼ੇ ਦੀ ਵਰਤੋਂ ਕਰਦੇ ਹਨ ਜਿਸ ਕਾਰਨ ਦਰਸ਼ਕਾਂ ਨੂੰ ਅਜਿਹੀ ਸ਼ਬਦਾਵਲੀ ਅਸ਼ਲੀਲ ਦੀ ਥਾਂ ਆਮ ਜਨ-ਸਧਾਰਨ ਦੀ ਭਾਸ਼ਾ ਹੀ ਜਾਪਦੀ ਹੈ।

ਦੋਵੇਂ ਨਾਟਕਕਾਰਾਂ ਵਿਚ ਦਲਿਤ ਚੇਤਨਾ ਦਾ ਪੰਜਵਾਂ ਤੁਲਨਾਤਮਿਕ ਪੱਖ ਇਹ ਹੈ ਕਿ ਅਜਮੇਰ ਸਿੰਘ ਔਲਖ ਨੇ ਆਪਣੇ ਨਾਟਕਾਂ ਦੀ ਪੇਸ਼ਕਾਰੀ ਲਈ 'ਲੋਕ ਕਲਾ ਮੰਚ' ਮਾਨਸਾ ਨਾਂ ਦੀ ਨਾਟਕ ਮੰਡਲੀ ਸਥਾਪਿਤ ਕੀਤੀ ਹੈ। ਇਸ ਨਾਟ ਮੰਡਲੀ ਨੇ ਲੋਕਾਂ ਨੂੰ ਜਾਗਰੂਕ ਕਰਨ ਲਈ ਆਪਣੀ ਕਲਾ ਦਾ ਅਦੁੱਤੀ ਪ੍ਰਦਰਸ਼ਨ ਕੀਤਾ ਹੈ। ਅਜਮੇਰ ਸਿੰਘ ਔਲਖ ਦੇ ਕੁਝ ਇਕ ਨਾਟਕਾਂ ਨੂੰ ਛੱਡ ਕੇ ਸਾਰੇ ਨਾਟਕ ਰੰਗਮੰਚ 'ਤੇ ਖੇਡੇ ਜਾ ਚੁੱਕੇ ਹਨ। ਅਜਮੇਰ ਸਿੰਘ ਔਲਖ ਇੱਕ ਨਾਟਕਕਾਰ ਹੋਣ ਦੇ ਨਾਲ-ਨਾਲ ਇੱਕ ਹੰਢਿਆ ਹੋਇਆ ਰੰਗਕਰਮੀ ਵੀ ਹੈ। ਉਹ ਆਪਣੇ ਨਾਟਕਾਂ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਰੰਗਮੰਚ ਉੱਤੇ ਖੇਡਦਾ ਹੈ।

ਦੂਜੇ ਪਾਸੇ ਚਰਨਦਾਸ ਸਿੱਧੂ ਨੇ ਆਪਣੇ ਨਾਟਕਾਂ ਦੀ ਪੇਸ਼ਕਾਰੀ ਲਈ ਦਿੱਲੀ ਵਿਖੇ 'ਕਾਲਜੀਏਟ ਡਰਾਮਾ ਸੁਸਾਇਟੀ' ਨਾਂ ਦੀ ਨਾਟ ਮੰਡਲੀ ਸਥਾਪਿਤ ਕੀਤੀ ਹੈ। ਚਰਨਦਾਸ ਸਿੱਧੂ ਨੇ ਭਾਵੇਂ ਸੁਚੇਤ ਤੌਰ 'ਤੇ ਆਪਣੇ ਆਪ ਨੂੰ ਦਲਿਤਾਂ ਦਾ ਮਸੀਹਾ ਅਖਵਾਉਣ ਤੋਂ ਇਨਕਾਰ ਕੀਤਾ ਹੈ। ਪਰ ਉਸ ਦੇ ਨਾਟਕਾਂ ਦੀ ਟੈਕਸਟ ਵਿੱਚ ਮੁੱਖ ਪਾਤਰ ਦਲਿਤ ਜਾਤੀ ਦੇ ਹੀ ਹਨ। ਸਿੱਧੂ ਦੇ ਨਾਟਕਾਂ ਵਿਚ ਦਲਿਤ ਵਰਗ ਦੇ ਪਾਤਰਾਂ ਨੂੰ ਬ੍ਰਾਹਮਣਵਾਦ ਦੇ ਕੱਟੜ ਜਾਤੀ ਅਭਿਮਾਨ ਅਤੇ ਜ਼ੁਲਮ ਖ਼ਿਲਾਫ਼ ਘਿਰਨਾਂ ਜਾਂ ਸੰਘਰਸ਼ ਕਰਦਿਆਂ ਹੀ ਨਹੀਂ ਸਗੋਂ ਆਰਥਿਕ ਮੰਦਹਾਲੀ ਨਾਲ ਜੂਝਦਿਆਂ ਵੀ ਵਿਖਾਇਆ ਗਿਆ ਹੈ। ਉਸਦੇ ਨਾਟਕ 'ਬਾਬੂ ਬੰਤੂ' ਵਿੱਚ ਬੰਤੂ ਦੇ ਪੁੱਤਰ ਬਿਹਾਰੀ ਦੇ ਨਿਮਨ-ਲਿਖਤ ਬੋਲ ਕੇਵਲ ਪੇਂਡੂ ਸਮਾਜ ਵਿੱਚ ਵਿਅਕਤੀਗਤ ਖੇਤ ਮਜ਼ਦੂਰ ਬੰਤੂ ਦੀਆਂ ਮੁਸ਼ਕਲਾਂ ਦਾ ਹੀ ਚਿਤਰਨ ਨਹੀਂ ਕਰਦੇ ਸਗੋਂ ਬੰਤੂ ਵਰਗੇ ਹੋਰ ਅਣਗਿਣਤ ਖੇਤ ਕਾਮਿਆਂ ਦੀ ਜੀਵਨ ਕਹਾਣੀ ਬਿਆਨ ਕਰਦੇ ਜਾਪਦੇ ਹਨ;

ਬਿਹਾਰੀ: ਗੰਡ ਗੰਡੋਆ! ਇਹ ਤਾਂ ਗੰਡ ਗੰਡੋਆ! ਚਿੱਕੜ 'ਚ ਘਿਸਰਦਾ ਕੀੜਾ। ਜੂੰ ਦੀ ਚਾਲ ਤੁਰਦਾ ਬਰਸਾਤੀ ਗੰਡੋਆ। ਹੂੰਅ ਲੋਕੀ ਕਹਿੰਦੇ 'ਬੰਤੂ ਦੇ ਹੱਥਾਂ ਵਿੱਚ ਖੜੱਪਾ ਸੱਪ ਵੀ ਗੰਡ ਗੰਡੋਆ ਬਣ ਜਾਂਦਾ। ਮੈਂ ਕਹਿੰਦਾ, ਸੱਪਾਂ ਨੂੰ ਕੀਲਦਾ ਕੀਲਦਾ ਸਾਰੀ ਉਮਰ 'ਚ ਬੰਤੂ ਆਪ ਵੀ ਬੰਦੇ ਤੋਂ ਗੰਡੋਆ ਬਣ ਗਿਆ। ਜਿਹਨੂੰ ਜਿਹੜਾ ਮਰਜੀ ਅੱਡੀ ਮਾਰ ਕੇ ਮਿੱਧ ਦੇਵੇ, ਫੇਹ ਜਾਵੇ ਟੋਟਾ ਟੋਟਾ।2

ਬਾਬਾ ਬੰਤੂ ਨਾਟਕ ਵਿੱਚ ਟੱਕਰ ਜਾਗੀਰਦਾਰ ਸਰਬਣ ਤੇ ਬੰਤੂ ਦੇ ਪਰਿਵਾਰ ਵਿਚਾਲੇ ਹੁੰਦੀ ਹੈ। ਪਰੰਤੂ ਬੰਤੂ ਬੇਵਸ ਹੋ ਕੇ ਸਰਬਣ ਦੇ ਸੱਪ ਲੜਾ ਕੇ ਉਸਨੂੰ ਮਾਰ ਤਾਂ ਦਿੰਦਾ ਹੈ ਪਰ ਇਹ ਸਦਮਾ ਨਾ ਸਹਿਣ ਕਰਦਿਆਂ ਆਪ ਵੀ ਸੱਪ ਲੜਾ ਕੇ ਆਤਮ-ਹੱਤਿਆ ਕਰ ਲੈਂਦਾ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਅਜਮੇਰ ਸਿੰਘ ਔਲਖ ਅਤੇ ਚਰਨਦਾਸ ਸਿੱਧੂ ਦੋਵੇਂ ਹੀ ਪੰਜਾਬੀ ਨਾਟਕ ਦੀ ਤੀਜੀ ਪੀੜ੍ਹੀ ਦੇ ਨਾਟਕਕਾਰ ਹਨ। ਚਰਨਦਾਸ ਸਿੱਧੂ ਨੇ ਜਿੱਥੇ ਆਪਣੇ ਨਾਟਕਾਂ ਵਿੱਚ ਅੰਬੇਦਕਰਵਾਦੀ ਤੇ ਸਮਾਜਿਕ ਪੱਖ ਦੇ ਨਜ਼ਰੀਏ ਤੋਂ ਦਲਿਤ ਚੇਤਨਾ ਨੂੰ ਪੇਸ਼ ਕੀਤਾ ਹੈ ਉੱਥੇ ਅਜਮੇਰ ਸਿੰਘ ਔਲਖ ਨੇ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਆਪਣੇ ਨਾਟਕਾਂ ਵਿੱਚ ਦਲਿਤ ਚੇਤਨਾ ਦਾ ਨਿਰੂਪਣ ਕੀਤਾ ਹੈ। ਚਰਨਦਾਸ ਸਿੱਧੂ ਦੁਆਬੀ ਉਪਭਾਸ਼ਾ ਦਾ ਅਤੇ ਅਜਮੇਰ ਸਿੰਘ ਔਲਖ ਮਲਵਈ ਉਪਭਾਸ਼ਾ ਦਾ ਪ੍ਰਮੁੱਖ ਹਸਤਾਖ਼ਰ ਹੈ। ਅਜਮੇਰ ਸਿੰਘ ਔਲਖ ਨੇ ਦਲਿਤ ਚੇਤਨਾ ਦੇ ਨਿਰੂਪਣ ਲਈ ਨਾਟਕਾਂ ਦੇ ਵਿਸ਼ੇ ਅਜੋਕੇ ਸਮੇਂ ਵਿੱਚੋਂ ਘੜੇ ਹਨ ਜੋ ਨਿਮਨ ਕਿਸਾਨੀ ਤੇ ਮਜ਼ਦੂਰ ਜਮਾਤ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਨ ਦੇ ਨਾਲ-ਨਾਲ ਉਨ੍ਹਾਂ ਵਿੱਚ ਦਲਿਤ ਜਾਗਰੂਕਤਾ ਨੂੰ ਵੀ ਪੇਸ਼ ਕਰਦੇ ਹਨ। ਚਰਨਦਾਸ ਸਿੱਧੂ ਨੇ ਆਪਣੇ ਨਾਟਕਾਂ ਦੇ ਵਿਸ਼ੇ ਇਤਿਹਾਸ/ਮਿਥਿਹਾਸ (ਇੰਦੂਮਤੀ ਸਤਿਦੇਵ) ਵਿੱਚਲੀਆਂ ਘਟਨਾਵਾਂ ਨੂੰ ਅਜੋਕੇ ਦੌਰ ਨਾਲ ਸੰਬੰਧਿਤ ਕਰਕੇ ਦਲਿਤ ਚੇਤਨਾ ਦਾ ਨਿਰੂਪਣ ਕੀਤਾ ਹੈ। ਉਹ ਦਲਿਤ ਵਰਗ ਦੀ ਨੌਜਵਾਨ ਪੀੜ੍ਹੀ ਤੋਂ ਆਸ ਕਰਦਾ ਹੈ ਕਿ ਉਹ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਤੇ ਸਮਾਜ ਵਿੱਚ ਅਣਖ ਤੇ ਸਨਮਾਨ ਨਾਲ ਆਪਣਾ ਜੀਵਨ ਬਸਰ ਕਰਨ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਦੋਵੇਂ ਨਾਟਕਕਾਰਾਂ ਨੇ ਆਪਣੀ ਨਾਟ-ਸਿਰਜਣਾ ਰਾਹੀਂ ਦਲਿਤਾਂ ਨਾਲ ਹੋ ਰਹੇ ਅਨਿਆਂ, ਜ਼ਬਰ-ਜ਼ੁਲਮ, ਆਰਥਿਕ ਮੰਦਹਾਲੀ ਆਦਿ ਨੂੰ ਪੇਸ਼ ਹੀ ਨਹੀਂ ਕੀਤਾ ਸਗੋਂ ਦਲਿਤਾਂ ਨੂੰ ਆਪਣੇ ਹੱਕਾਂ/ਅਧਿਕਾਰਾਂ ਪ੍ਰਤੀ ਚੇਤੰਨ ਵੀ ਕੀਤਾ ਹੈ।

**ਹਵਾਲਾ ਸੂਚੀ**


1. ਅਜਮੇਰ ਸਿੰਘ ਔਲਖ, ਨਿੱਕੇ ਸੂਰਜਾਂ ਦੀ ਲੜ੍ਹਾਈ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2003, ਪੰਨਾ 14
2. ਚਰਨਦਾਸ ਸਿੱਧੂ, ਬਾਬਾ ਬੰਤੂ, ਨੈਸ਼ਨਲ ਬੁੱਕ ਸ਼ਾਪ, ਦਿੱਲੀ, 1984, ਪੰਨਾ 29




**ਪੰਜਾਬੀ ਮਾਸਟਰ**
**ਸਰਕਾਰੀ ਹਾਈ ਸਮਾਰਟ ਸਕੂਲ**
**ਨੈਣ ਕਲਾਂ, ਪਟਿਆਲਾ**

RNI NO. PUNPUN / 2006 / 16230 April-June 2024 ISSN: 2277-9930

# ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ



































ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ

ਸੰਪਰਕ: 98773-58869, 97810-33133

PARTEEK PUBLICATIONS

# ਪ੍ਰਤਿਮਾਨ ਦੇ ਦੋਸਤ ਲੇਖਕਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ

